ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

ਸਾਡੇ ਲੋਕ
SADE LOK
sadelok.com

28 ਅਕਤੂਬਰ ਤੋਂ 3 ਨਵੰਬਰ 2026

ਸਾਲ 17ਵਾਂ - ਅੰਕ 44
email : info@sadelok.com
510-706-1300

ਜੰਮੂ: ਪੰਜਾਬੀ ਨੂੰ ਸਰਕਾਰੀ ਭਾਸ਼ਾ ਦਾ ਦਰਜਾ ਦਿਵਾਉਣ ਲਈ ਜੰਮੂ-ਕਸ਼ਮੀਰ ਦੀ ਸਿੱਖ ਸੰਗਤ ਵੱਲੋਂ ਜ਼ੋਰਦਾਰ ਰੋਸ ਪ੍ਰਦਰਸ਼ਨ

(ਦੇਖੋ ਸਫ਼ਾ 33 'ਤੇ)

ਸਿਟੀ ਕੌਂਸਲ ਉਮੀਦਵਾਰ ਨੈਨਦੀਪ ਸਿੰਘ DUI ਕੇਸ ਵਿੱਚ ਪੂਰੀ ਤਰ੍ਹਾਂ ਬੇਕਸੂਰ ਸਾਬਤ

ਟੈਕਸੀਕੋਲੋਜੀ ਰਿਪੋਰਟ ਆਈ ਨੈਗੇਟਿਵ, ਪੁਲਿਸ ਚੀਫ਼ ਨੇ ਮੰਗੀ ਮੁਆਫ਼ੀ

ਫਰਿਜ਼ਨੋ, ਕੈਲੀਫੋਰਨੀਆ (ਸਾਡੇ ਲੋਕ ਬਿਊਰੋ):

ਫਰਿਜ਼ਨੋ ਸਿਟੀ ਕੌਂਸਲ ਦੇ ਉਮੀਦਵਾਰ, ਸੈਂਟਰਲ ਯੂਨੀਫਾਈਡ ਸਕੂਲ ਬੋਰਡ ਦੇ ਟਰੱਸਟੀ ਅਤੇ ਉੱਘੇ ਸਿੱਖ ਕਮਿਊਨਿਟੀ ਆਗੂ ਨੈਨਦੀਪ ਸਿੰਘ ਛੰਨ ਨੂੰ ਕਥਿਤ DUI (ਨਸ਼ੇ ਵਿੱਚ ਗੱਡੀ ਚਲਾਉਣ) ਦੇ ਮਾਮਲੇ ਵਿੱਚ ਪੁਲਿਸ ਵਿਭਾਗ ਵੱਲੋਂ ਕਲੀਨ ਚਿੱਟ ਦੇ ਦਿੱਤੀ

(ਬਾਕੀ ਸਫ਼ਾ 4 'ਤੇ)

ਸ. ਲੱਖਾ ਸਿਧਾਣਾ ਤੇ ਸ. ਮੋਹਨਜੀਤ ਸਿੰਘ ਸ਼ੇਰੋਂ ਨੂੰ 4 ਦਿਨਾਂ ਦੀ ਪੁਲਿਸ ਰਿਮਾਂਡ 'ਤੇ ਭੇਜਿਆ

ਮਾਨਸਾ ਵਿਚ ਪਰਵਿੰਦਰ ਸਿੰਘ ਝੋਟਾ ਦੇ ਇਨਸਾਫ਼ ਲਈ ਲੱਗੇ ਧਰਨੇ ਨੇੜਿਓ ਪੁਲੀਸ ਵੱਲੋਂ ਹਿਰਾਸਤ ਵਿੱਚ ਲਏ ਵਾਰਿਸ ਪੰਜਾਬ ਦੇ ਆਗੂ ਲੱਖਾ ਸਿਧਾਣਾ ਅਤੇ ਮੋਹਣਜੀਤ ਸ਼ੇਰੋਂ ਨੂੰ ਅਦਾਲਤ ਨੇ ਚਾਰ ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜ ਦਿੱਤਾ ਗਿਆ। ਜਾਣਕਾਰੀ ਅਨੁਸਾਰ ਦੋਵਾਂ ਨੂੰ ਮਾਨਸਾ ਵਿਚ ਡਿਊਟੀ ਮੈਜਿਸਟਰੇਟ

(ਬਾਕੀ ਸਫ਼ਾ 31 'ਤੇ)

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ ਵੱਲੋਂ ਕਰਵਾਏ ਗਏ ਵਿਸ਼ੇਸ਼ ਸਮਾਗਮ ਤਸਵੀਰ ਪ੍ਰਦਰਸ਼ਨੀ ਵਿੱਚ ਹੋਏ ਸ਼ਾਮਲ

ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬੁੱਧਵਾਰ ਨੂੰ ਨਵੀਂ ਦਿੱਲੀ ਵਿਖੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸਿੱਧ ਰੇਡੀਓ ਪ੍ਰੋਗਰਾਮ 'ਮਨ ਕੀ ਬਾਤ' 'ਤੇ ਆਧਾਰਿਤ ਇੱਕ ਵਿਸ਼ੇਸ਼ ਤਸਵੀਰ ਪ੍ਰਦਰਸ਼ਨੀ ਵਿੱਚ ਸ਼ਿਰਕਤ ਕੀਤੀ। ਇਸ ਪ੍ਰਦਰਸ਼ਨੀ ਦਾ ਆਯੋਜਨ ਪ੍ਰਮੁੱਖ ਅੰਤਰਰਾਸ਼ਟਰੀ ਸੰਸਥਾ 'ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ' (WPO) ਵੱਲੋਂ ਕੀਤਾ ਗਿਆ ਸੀ।

ਮੁੱਖ ਵੇਰਵੇ: 'ਮਨ ਕੀ ਬਾਤ' ਤਸਵੀਰ ਪ੍ਰਦਰਸ਼ਨੀ
ਸਥਾਨ : ਨਵੀਂ ਦਿੱਲੀ
ਦਿਨ ਤੇ ਮਿਤੀ : ਬੁੱਧਵਾਰ, 28/29 ਅਕਤੂਬਰ
ਮੁੱਖ ਮਹਿਮਾਨ : ਅਮਿਤ ਸ਼ਾਹ (ਕੇਂਦਰੀ ਗ੍ਰਹਿ ਮੰਤਰੀ, ਭਾਰਤ)
ਪ੍ਰਬੰਧਕ : ਵਰਲਡ ਪੰਜਾਬੀ ਆਰਗੇਨਾਈਜ਼ੇਸ਼ਨ

(ਦੇਖੋ ਸਫ਼ਾ 33 'ਤੇ)

ਰੂਹਾਨੀ ਸਮਰਪਣ, ਅਟੁੱਟ ਵਿਸ਼ਵਾਸ ਅਤੇ ਸਦੀਵੀ ਪ੍ਰੇਮ ਦੀ ਅਮਰ ਗਾਥਾ: 'ਕਰਵਾ ਚੌਥ'

ਕੁਝ ਗੀਤਾਂ ਮਹਿਜ਼ ਕੈਲੰਡਰ ਦੀਆਂ ਤਾਰੀਖ਼ਾਂ ਜਾਂ ਰਸਮੀ ਨੇਮਾਂ ਤੱਕ ਮਹਿਦੂਦ ਨਹੀਂ ਹੁੰਦੀਆਂ, ਸਗੋਂ ਉਹ ਮਨੁੱਖੀ ਜਜ਼ਬਾਤਾਂ, ਅਟੁੱਟ ਵਿਸ਼ਵਾਸ ਅਤੇ ਰੂਹਾਨੀ ਸਮਰਪਣ ਦਾ ਜਿਊਂਦਾ-ਜਾਗਦਾ ਪ੍ਰਤੀਕ ਬਣ ਜਾਂਦੀਆਂ ਹਨ। 'ਕਰਵਾ ਚੌਥ' ਸਾਡੀ ਧਰਤੀ ਦੀ ਇੱਕ ਅਜਿਹੀ ਹੀ ਪਵਿੱਤਰ ਅਤੇ ਇਤਿਹਾਸਕ ਰਵਾਇਤ ਹੈ, ਜਿਸ ਦੀ ਗੂੰਜ ਅੱਜ ਦੇਸ਼ ਦੀਆਂ ਬਰੂਹਾਂ ਲੰਘ ਕੇ ਸਰਹੱਦਾਂ ਤੋਂ ਪਾਰ ਸਮੁੱਚੀ ਦੁਨੀਆ ਵਿੱਚ ਸਾਫ਼ ਸੁਣਾਈ ਦੇ ਰਹੀ ਹੈ।

ਅਜੋਕੀ ਭੱਜ-ਦੌੜ ਅਤੇ ਭੌਤਿਕਵਾਦ ਦੇ ਦੌਰ ਵਿੱਚ, ਜਿੱਥੇ ਰਿਸ਼ਤੇ ਅਕਸਰ ਸੁਆਰਥ ਤੇ ਸ਼ਰਤਾਂ ਦੀ ਭੇਟ ਚੜ੍ਹ ਜਾਂਦੇ ਹਨ, ਉੱਥੇ ਕਰਵਾ ਚੌਥ ਦਾ ਇਹ ਨਿਰਜਲਾ ਸੰਕਲਪ ਇਹ ਸਾਬਤ ਕਰਦਾ ਹੈ ਕਿ ਸੱਚਾ ਪਿਆਰ ਤਿਆਗ, ਸਤਿਕਾਰ ਅਤੇ ਇੱਕ-ਦੂਜੇ ਦੇ ਵਜੂਦ ਲਈ ਜਿਉਣ ਦਾ ਨਾਂ ਹੈ। ਇਹ ਕੇਵਲ ਇੱਕ ਦਿਨ ਦੀ ਭੁੱਖ ਨਹੀਂ, ਸਗੋਂ ਉਮਰ ਭਰ ਦੇ ਸਾਥ ਦੀ ਅਰਦਾਸ, ਦੁਵੱਲੇ ਵਿਸ਼ਵਾਸ ਅਤੇ ਆਪਸੀ ਬਰਾਬਰੀ ਦਾ ਇੱਕ ਅਲੌਕਿਕ ਉਤਸਵ ਹੈ। ਇਸ ਪਾਵਨ ਤਿਉਹਾਰ ਦੀ ਇਤਿਹਾਸਕ ਗਹਿਰਾਈ, ਤਿਆਗ ਅਤੇ ਗਲੋਬਲ ਪੱਧਰ 'ਤੇ ਇਸ ਦੀ ਮਹੱਤਤਾ ਨੂੰ ਦਰਸਾਉਂਦਾ ਵਿਸ਼ੇਸ਼ ਲੇਖ ਪੜ੍ਹੋ ਪੰਨਾ ਨੰਬਰ 32 'ਤੇ।

-ਸਤਨਾਮ ਸਿੰਘ ਖਾਲਸਾ

ਪੰਜਾਬ ਦੇ ਹਾਲਾਤ 1984 ਵਰਗੇ

ਮਾਨਸਾ 'ਚ ਲਾਸ਼ ਹੀ ਚੱਕ ਕੇ ਭੱਜ ਗਈ ਪੁਲਿਸ

ਵਿਰੋਧ ਕਰਨ ਵਾਲਿਆਂ ਦੀਆਂ ਰੋਲੀਆਂ ਗਈਆਂ ਦਸਤਾਰਾਂ

ਨਸ਼ੇ ਦੀ ਓਵਰਡੋਜ਼ ਨਾਲ ਮਰੇ ਨੌਜਵਾਨ ਦੀ ਲਾਸ਼ ਲੈ ਕੇ ਮਾਨਸਾ ਧਰਨੇ ਵਿਚ ਪਹੁੰਚੇ ਰਹੇ ਸੀ ਪੀੜਤ ਪਰਿਵਾਰ ਅਤੇ ਲੋਕ, ਪੁਲਿਸ ਨੇ ਖਦੇੜੇ

ਮਾਨਸਾ : ਜਿਸ ਪੁੱਤ ਦੇ ਸਹਾਰੇ ਮਾਂ ਬਾਪ ਨੇ ਆਪਣਾ ਬੁਢਾਪਾ ਕੱਢਣਾ ਸੀ ਓਹੀ 32 ਸਾਲਾ ਜਵਾਨ ਪੁੱਤ ਦਲਜੀਤ ਸਿੰਘ ਦੀ ਅਰਥੀ ਚੁੱਕਣ ਦਾ ਪਹਾੜ ਜਿੱਡਾ ਦੁੱਖ ਪਰਿਵਾਰ ਨੂੰ ਦੇ ਗਿਆ। ਕਥਿਤ ਚਿੱਟੇ ਦੀ ਓਵਰਡੋਜ਼ ਨਾਲ ਦਲਜੀਤ ਦੀ ਮੌਤ ਤੋਂ ਬਾਅਦ ਦੋ ਮਾਸੂਮ ਬੱਚਿਆਂ ਦੇ ਸਿਰੋਂ ਪਿਤਾ ਦਾ ਸਾਇਆ ਅਤੇ ਪਤਨੀ ਦਾ ਹਮਸਫ਼ਰ ਹਮੇਸ਼ਾ ਲਈ ਖੁੱਸ ਗਿਆ। ਪਰ ਇਸ ਬਦਨਸੀਬ ਪਰਿਵਾਰ ਦੀ ਪੀੜ ਇੱਥੇ ਹੀ ਖ਼ਤਮ ਨਹੀਂ ਹੋਈ; ਇਨਸਾਫ਼ ਦੀ ਮੰਗ ਕਰਦੇ ਦੁਖਿਆਰੇ ਮਾਪਿਆਂ ਦੀ ਸੁਣਵਾਈ ਕਰਨ

(ਦੇਖੋ ਸਫ਼ਾ 20 'ਤੇ)

Bhatia & Co, Inc
Certified Public Accountants
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas: Fiancee visas; H1/L1/H4/L2/NAFTA TN/E2/E3; Student Visa; B-1/B-2 Visitor Visas and Other Categories of nonimmigrant visas
Other Immigrantion Services: Citizenship; e-Verify,1-9 and Other Compliance; Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

COMPLETE SOLAR & BATTERY STARTING AT $23,000
For a standard 5kW Solar & 14kWh Battery system
Price is for installation on code-compliant homes. Electrical panel or roof upgrades are extra.
TSP
Permits and Utility Approvals Included
Main Panel Upgrade Bundle from $3,000
CALL OR TEXT HARRY FOR A QUOTE (925) 537-2732
TSP SOLAR SALES AND SERVICES (DBA TSP ROOFING AND SOLAR) | CSLB Contractor License #1056233 (C-10 Electrical, C-39 Roofing, B-General Building) Represented by: Harkaran Singh (HIS Registration #1074993 SP) | Pricing & offer details vary by location & applicant.

ਪੋਲੀਟੀਕਲ ਅਸਾਈਲਮ • Political Asylum
• Deportation of Defense • BIA Appeal
• 9 Circuit Court • Federal Court
• ਗਰੀਨਕਾਰਡ • ਸਿਟੀਜਨਸ਼ਿਪ
• Green Card • Citizenship
• ਡਾਈਵੋਰਸ • ਸਿਵਲ ਐਂਡ ਕਰੀਮੀਨਲ ਕੇਸ
• Divorce • Civil and Criminal Cases
• Family Petition Immigration
• Travel document • Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ਨੋਟ : ਇਥੇ ਸਪੈਨਿਸ਼ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ਼ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।
209-481-7750
209-624-3919
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

Valley Real Estate Center

Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

For agriculture and almond Farm, office building, Farm House and for Truck Yard in Tracy, Manteca, Lathrop and Stockton

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property

Property Address : 27022 River Roadm, Newman CA 95260.

RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

ਮਾਈਕ੍ਰੋਸਾਫਟ ਵਲੋਂ 60 ਹਜ਼ਾਰ ਮੁਲਾਜ਼ਮਾਂ ਨੂੰ ਨੌਕਰੀ ਛੱਡਣ ਦੀ ਪੇਸ਼ਕਸ਼

ਨਿਊਯਾਰਕ : ਬਣਾਉਟੀ ਬੁੱਧੀ (ਏ.ਆਈ.)'ਤੇ ਵੱਡੇ ਨਿਵੇਸ਼ ਵਿਚਾਲੇ ਮਾਈਕ੍ਰੋਸਾਫਟ ਨੇ ਖ਼ਰਚੇ ਕਾਬੂ ਕਰਨ ਅਤੇ ਅਮਲੇ ਨੂੰ ਬਦਲਦੀਆਂ ਲੋੜਾਂ ਮੁਤਾਬਕ ਢਾਲਣ ਲਈ ਲਗਭਗ 60 ਹਜ਼ਾਰ ਮੁਲਾਜ਼ਮਾਂ ਨੂੰ ਆਪਣੀ ਮਰਜ਼ੀ ਨਾਲ ਨੌਕਰੀ ਛੱਡਣ ਦੀ ਪੇਸ਼ਕਸ਼ ਕੀਤੀ ਹੈ। ਇਸ ਦੇ ਬਦਲੇ ਵਿੱਤੀ ਸਹਾਇਤਾ ਅਤੇ ਨਵਾਂ ਰੁਜ਼ਗਾਰ ਲੱਭਣ ਲਈ ਮਦਦ ਦਿੱਤੀ ਜਾਵੇਗੀ। ਹਾਲਾਂਕਿ, ਕੰਪਨੀ ਨੇ 60 ਹਜ਼ਾਰ ਨੌਕਰੀਆਂ ਖ਼ਤਮ ਕਰਨ ਦਾ ਐਲਾਨ ਨਹੀਂ ਕੀਤਾ ਪਰ ਪੇਸ਼ਕਸ਼ ਮੰਨਣ ਦਾ ਫ਼ੈਸਲਾ ਮੁਲਾਜ਼ਮਾਂ ਨੇ ਕਰਨਾ ਹੈ।ਯੋਜਨਾ ਅਮਰੀਕਾ, ਭਾਰਤ, ਕੈਨੇਡਾ ਅਤੇ ਬਰਤਾਨੀਆ ਦੀਆਂ ਚੁਣੀਆਂ ਟੀਮਾਂ ਲਈ ਹੈ। ਇਸ ਵਿਚ ਕੋਪਾਇਲਟ, ਬਣਾਉਟੀ ਬੁੱਧੀ, ਵਿੰਡੋਜ਼ ਤੇ ਉਪਕਰਨਾਂ, ਐਕਸਬਾਕਸ, ਵਿੱਤ ਅਤੇ ਮੁਲਾਜ਼ਮ ਪ੍ਰਬੰਧ ਨਾਲ ਜੁੜੇ ਵਿਭਾਗ ਸ਼ਾਮਿਲ ਹਨ। ਜੂਨ ਦੇ ਅੰਤ ਤੱਕ ਕੰਪਨੀ ਦੇ ਦੁਨੀਆ ਭਰ ਵਿਚ ਲਗਭਗ 2 ਲੱਖ 23 ਹਜ਼ਾਰ ਮੁਲਾਜ਼ਮ ਸਨ। ਇਸ ਹਿਸਾਬ ਨਾਲ ਪੇਸ਼ਕਸ਼ ਕੁੱਲ ਅਮਲੇ ਦੇ ਕਰੀਬ 27 ਫ਼ੀਸਦੀ ਹਿੱਸੇ ਨੂੰ ਦਿੱਤੀ ਜਾ ਰਹੀ ਹੈ।ਯੋਗ ਮੁਲਾਜ਼ਮਾਂ ਨੂੰ ਸੇਵਾਕਾਲ ਅਤੇ ਅਹੁਦੇ ਅਨੁਸਾਰ ਵਿਦਾਈ ਰਕਮ, ਸੀਮਤ ਸਮੇਂ ਲਈ ਸਿਹਤ ਸਹੂਲਤਾਂ ਅਤੇ ਅਗਲੇ ਰੁਜ਼ਗਾਰ ਦੀ ਤਿਆਰੀ ਵਿਚ ਮਦਦ ਮਿਲੇਗੀ। ਉਨ੍ਹਾਂ ਕੋਲ ਦਸੰਬਰ ਦੇ ਪਹਿਲੇ ਹਫ਼ਤੇ ਤੱਕ ਫ਼ੈਸਲਾ ਕਰਨ ਦਾ ਸਮਾਂ ਹੈ। ਕੰਪਨੀ ਦੀ ਮੁਲਾਜ਼ਮ ਮਾਮਲਿਆਂ ਦੀ ਮੁਖੀ ਐਮੀ ਕੋਲਮੈਨ ਮੁਤਾਬਕ ਇਹ ਬਾਹਰ ਨਵਾਂ ਭਵਿੱਖ ਲੱਭਣ ਬਾਰੇ ਸੋਚ ਰਹੇ ਮੁਲਾਜ਼ਮਾਂ ਨੂੰ ਸਹਾਇਤਾ ਨਾਲ ਅੱਗੇ ਵਧਣ ਦਾ ਮੌਕਾ ਹੈ।ਮਾਈਕ੍ਰੋਸਾਫਟ ਬਣਾਉਟੀ ਬੁੱਧੀ ਲਈ ਕੰਪਿਊਟਰੀ ਕੇਂਦਰਾਂ ਅਤੇ ਚਿੱਪਾਂ 'ਤੇ ਭਾਰੀ ਨਿਵੇਸ਼ ਕਰ ਰਹੀ ਹੈ। ਕੰਪਨੀ ਨੇ 2026 ਲਈ 175 ਅਰਬ ਡਾਲਰ ਦੇ ਪੂੰਜੀਗਤ ਖ਼ਰਚਿਆਂ ਦਾ ਅਨੁਮਾਨ ਦਿੱਤਾ ਹੈ। ਇਸ ਤੋਂ ਪਹਿਲਾਂ ਕਰੀਬ 9 ਹਜ਼ਾਰ ਅਮਰੀਕੀ ਮੁਲਾਜ਼ਮਾਂ ਨੂੰ ਸਵੈਇੱਛਕ ਵਿਦਾਈ ਦੀ ਪੇਸ਼ਕਸ਼ ਕੀਤੀ ਗਈ ਸੀ, ਜਦਕਿ ਜੁਲਾਈ ਵਿਚ ਵੱਖਰੇ ਤੌਰ 'ਤੇ 4,800 ਨੌਕਰੀਆਂ ਘਟਾਉਣ ਦਾ ਐਲਾਨ ਹੋਇਆ ਸੀ।ਨਵੀਂ ਯੋਜਨਾ ਵਿਚ ਐੱਚ-1ਬੀ ਵੀਜ਼ਾਧਾਰਕਾਂ ਦੀ ਸ਼ਮੂਲੀਅਤ ਬਾਰੇ ਹਾਲੇ ਸਪਸ਼ਟਤਾ ਨਹੀਂ ਹੈ। ਕੰਪਨੀ ਨੇ ਇਹ ਨਹੀਂ ਦੱਸਿਆ ਕਿ ਕਿੰਨੇ ਅਜਿਹੇ ਮੁਲਾਜ਼ਮ ਯੋਗ ਹਨ ਜਾਂ ਉਨ੍ਹਾਂ ਨੂੰ ਪਰਵਾਸ ਸੰਬੰਧੀ ਖ਼ਾਸ ਸਹਾਇਤਾ ਮਿਲੇਗੀ। ਕਿਰਤ ਵਿਭਾਗ ਵਲੋਂ ਮਾਈਕ੍ਰੋਸਾਫਟ ਸਮੇਤ ਅੱਠ ਕੰਪਨੀਆਂ ਨੂੰ 'ਪਰਮ' ਪ੍ਰੋਗਰਾਮ ਤੋਂ ਮੁਅੱਤਲ ਕਰਨ ਦੀ ਕਾਰਵਾਈ ਇਸ ਤੋਂ ਵੱਖਰੀ ਹੈ। ਉਹ ਪ੍ਰੋਗਰਾਮ ਰੁਜ਼ਗਾਰ ਰਾਹੀਂ ਪੱਕੀ ਰਿਹਾਇਸ਼ ਨਾਲ ਜੁੜਿਆ ਹੈ ਅਤੇ ਉਸ ਕਾਰਵਾਈ ਨਾਲ ਮੌਜੂਦਾ ਐੱਚ-1ਬੀ ਦਰਜਾ ਰੱਦ ਨਹੀਂ ਹੋਇਆ। ਕੰਪਨੀ ਨੇ ਵਿਦੇਸ਼ੀ ਕਾਮਿਆਂ ਨਾਲ ਅਮਰੀਕੀ ਮੁਲਾਜ਼ਮਾਂ ਦੀ ਥਾਂ ਭਰਨ ਦੇ ਦੋਸ਼ ਨਕਾਰੇ ਹਨ। ਉਸ ਮੁਤਾਬਕ ਪਿਛਲੇ ਵਿੱਤੀ ਸਾਲ ਦੀਆਂ ਲਗਭਗ ਛੇ ਹਜ਼ਾਰ ਐੱਚ-1ਬੀ ਅਰਜ਼ੀਆਂ ਵਿਚੋਂ 80 ਫ਼ੀਸਦੀ ਪਹਿਲਾਂ ਤੋਂ ਕੰਮ ਕਰਦੇ ਮੁਲਾਜ਼ਮਾਂ ਦੀ ਮਿਆਦ ਵਧਾਉਣ ਜਾਂ ਦਰਜਾ ਬਦਲਣ ਲਈ ਸਨ। ਨਵੀਂ ਪੇਸ਼ਕਸ਼ ਤੋਂ ਬਾਅਦ ਅਸਲ ਵਿਚ ਕਿੰਨੇ ਮੁਲਾਜ਼ਮ ਕੰਪਨੀ ਛੱਡਣਗੇ, ਇਹ ਉਨ੍ਹਾਂ ਦੇ ਫ਼ੈਸਲਿਆਂ ਮਗਰੋਂ ਹੀ ਸਪਸ਼ਟ ਹੋਵੇਗਾ।

ਅਮਰੀਕਾ 'ਚ ਚੋਣ ਅਪਰਾਧਾਂ ਦੇ ਦੋਸ਼ ਵਿਚ ਪੰਜਾਬਣ ਸਮੇਤ 48 ਨਾਮਜ਼ਦ

ਨਿਊਯਾਰਕ : ਅਮਰੀਕੀ ਨਿਆਂ ਵਿਭਾਗ ਨੇ ਚੋਣਾਂ ਨਾਲ ਜੁੜੇ ਵੱਖ-ਵੱਖ ਅਪਰਾਧਾਂ ਦੇ ਮਾਮਲਿਆਂ ਵਿਚ 48 ਵਿਦੇਸ਼ੀ ਨਾਗਰਿਕਾਂ ਖ਼ਿਲਾਫ਼ ਦੋਸ਼ ਲਗਾਏ ਹਨ। ਇਨ੍ਹਾਂ ਵਿਚ ਭਾਰਤੀ ਨਾਗਰਿਕ ਅਮਨਦੀਪ ਕੌਰ ਅਤੇ ਕਮਲੇਸ਼ ਨਵਨੀਤਲਾਲ ਸ਼ਾਹ ਤੋਂ ਇਲਾਵਾ ਪਾਕਿਸਤਾਨੀ ਨਾਗਰਿਕ ਮੁਹੰਮਦ ਖ਼ਾਨ ਵੀ ਸ਼ਾਮਿਲ ਹਨ। ਤਿੰਨੇ ਅਮਰੀਕਾ ਦੇ ਕਾਨੂੰਨੀ ਪੱਕੇ ਵਸਨੀਕ ਹਨ ਪਰ ਅਮਰੀਕੀ ਨਾਗਰਿਕ ਨਹੀਂ ਹਨ। ਨਿਆਂ ਵਿਭਾਗ ਮੁਤਾਬਕ 30 ਸਾਲਾ ਅਮਨਦੀਪ ਕੌਰ ਨੇ ਦਸੰਬਰ 2022 ਵਿਚ ਵੋਟਰ ਵਜੋਂ ਆਪਣਾ ਨਾਂਅ ਦਰਜ ਕਰਵਾਇਆ ਅਤੇ ਨਵੰਬਰ 2024 ਦੀ ਅਮਰੀਕੀ ਚੋਣ ਵਿਚ ਕਥਿਤ ਤੌਰ 'ਤੇ ਵੋਟ ਪਾਈ। ਅਮਰੀਕੀ ਨਾਗਰਿਕਤਾ ਹਾਸਿਲ ਕਰਨ ਦੀ ਚਾਹਵਾਨ ਕੌਰ ਦਾ ਮਾਮਲਾ ਕੈਲੀਫੋਰਨੀਆ ਦੇ ਕੇਂਦਰੀ ਸੰਘੀ ਜ਼ਿਲ੍ਹੇ ਨਾਲ ਸੰਬੰਧਿਤ ਹੈ। ਦੂਜੇ ਭਾਰਤੀ ਨਾਗਰਿਕ, 67 ਸਾਲਾ ਕਮਲੇਸ਼ ਨਵਨੀਤਲਾਲ ਸ਼ਾਹ 'ਤੇ ਦੋਸ਼ ਹੈ ਕਿ ਉਸ ਨੇ ਨਵੰਬਰ 2024 ਦੀ ਆਮ ਚੋਣ ਵਾਲੇ

ਦਿਨ ਹੀ ਵੋਟਰ ਵਜੋਂ ਨਾਂਅ ਦਰਜ ਕਰਵਾਇਆ ਅਤੇ ਉਸੇ ਦਿਨ ਵੋਟ ਵੀ ਪਾਈ। ਕੈਲੀਫੋਰਨੀਆ ਦੇ ਪੂਰਬੀ ਸੰਘੀ ਜ਼ਿਲ੍ਹੇ ਵਿਚ ਉਸ ਖ਼ਿਲਾਫ਼ ਗ਼ੈਰ-ਨਾਗਰਿਕ ਹੁੰਦਿਆਂ ਸੰਘੀ ਚੋਣ ਵਿਚ ਵੋਟ ਪਾਉਣ ਦਾ ਦੋਸ਼ ਲਾਇਆ ਗਿਆ ਹੈ। ਦੋਸ਼ ਸਾਬਤ ਹੋਣ 'ਤੇ ਇਸ ਅਪਰਾਧ ਲਈ ਵੱਧ ਤੋਂ ਵੱਧ ਇਕ ਸਾਲ ਦੀ ਸੰਘੀ ਕੈਦ ਹੋ ਸਕਦੀ ਹੈ। ਪਾਕਿਸਤਾਨੀ ਨਾਗਰਿਕ ਮੁਹੰਮਦ ਖ਼ਾਨ (50) 'ਤੇ 2020 ਵਿਚ ਕਥਿਤ ਤੌਰ 'ਤੇ ਆਰਜ਼ੀ ਵੋਟ-ਪਰਚੀ ਜਮ ?ਹਾਂ ਕਰਵਾਉਣ ਅਤੇ 2025 ਵਿਚ ਨਾਗਰਿਕਤਾ ਸੰਬੰਧੀ ਕਾਗਜ਼ਾਂ ਵਿਚ ਝੂਠੀ ਜਾਣਕਾਰੀ ਦੇਣ ਦੇ ਦੋਸ਼ ਹਨ। ਉਸ ਦਾ ਮਾਮਲਾ ਵੀ ਕੈਲੀਫੋਰਨੀਆ ਦੇ ਕੇਂਦਰੀ ਸੰਘੀ ਜ਼ਿਲ੍ਹੇ ਵਿਚ ਦਰਜ ਹੈ। -ਕੁੱਲ ਮਾਮਲੇ ਪੈਨਸਿਲਵੇਨੀਆ, ਕੈਲੀਫੋਰਨੀਆ, ਫਲੋਰਿਡਾ, ਨਿਊਯਾਰਕ ਅਤੇ ਨੇਵਾਡਾ ਨਾਲ ਜੁੜੇ ਹਨ। ਹੋਰ ਮੁਲਜ਼ਮਾਂ 'ਤੇ ਅਮਰੀਕੀ ਨਾਗਰਿਕ ਹੋਣ ਦਾ ਝੂਠਾ ਦਾਅਵਾ ਕਰਕੇ ਵੋਟਰ ਬਣਨ, ਸੰਘੀ ਚੋਣਾਂ ਵਿੱਚ ਵੋਟ ਪਾਉਣ ਜਾਂ ਨਾਗਰਿਕਤਾ ਦੀ ਅਰਜ਼ੀ ਵਿਚ ਆਪਣਾ ਵੋਟਿੰਗ ਇਤਿਹਾਸ ਲੁਕਾਉਣ ਵਰਗੇ ਦੋਸ਼ ਲੱਗੇ ਹਨ।

72 ਲੱਖ ਡਾਲਰ ਦੀ ਮੈਡੀਕੇਡ ਠੱਗੀ ਮਾਮਲੇ 'ਚ ਦੋਸ਼ੀ ਨੂੰ ਬਰੀ ਕਰਨ ਦਾ ਹੁਕਮ ਰੱਦ

ਨਿਊਯਾਰਕ : ਮਿਨੇਸੋਟਾ ਦੀ ਅਪੀਲੀ ਅਦਾਲਤ ਨੇ ਮੈਡੀਕੇਡ ਯੋਜਨਾ ਨਾਲ 72 ਲੱਖ ਡਾਲਰ ਤੋਂ ਵੱਧ ਦੀ ਧੋਖਾਧੜੀ ਦੇ ਮਾਮਲੇ ਵਿਚ ਅਬਦੀਫਤਾਹ ਅਬਦੁਲਕਾਦਿਰ ਯੂਸੁਫ਼ ਨੂੰ ਬਰੀ ਕਰਨ ਦਾ ਹੁਕਮ ਰੱਦ ਕਰ ਦਿੱਤਾ ਹੈ। ਤਿੰਨ ਜੱਜਾਂ ਦੀ ਬੈਂਚ ਨੇ ਸਰਬਸੰਮਤੀ ਨਾਲ ਜਿਊਰੀ ਦੇ ਛੇ ਦੋਸ਼ਾਂ ਤਹਿਤ ਦੋਸ਼ੀ ਠਹਿਰਾਉਣ ਵਾਲੇ ਫ਼ੈਸਲੇ ਬਹਾਲ ਕਰਨ ਅਤੇ ਸਜ਼ਾ ਤੈਅ ਕਰਨ ਲਈ ਮਾਮਲਾ ਹੇਠਲੀ ਅਦਾਲਤ ਨੂੰ ਵਾਪਸ ਭੇਜਿਆ ਹੈ। ਯੂਸੁਫ਼ ਦੀ ਸੰਸਥਾ 'ਪ੍ਰਾਮਿਸ ਹੈਲਥ ਸਰਵਿਸਿਜ਼' ਘਰਾਂ ਵਿਚ ਖਾਣਾ ਬਣਾਉਣ, ਸਫ਼ਾਈ ਅਤੇ ਰਾਸ਼ਨ ਲਿਆਉਣ ਵਰਗੀਆਂ ਸਹਾਇਤਾ ਸੇਵਾਵਾਂ ਦੇਣ ਦਾ ਦਾਅਵਾ ਕਰਦੀ ਸੀ। ਅਦਾਲਤੀ ਰਿਕਾਰਡ ਮੁਤਾਬਕ ਸੰਸਥਾ ਨੇ ਅਕਤੂਬਰ 2019 ਤੋਂ ਅਗਸਤ 2022 ਦੌਰਾਨ 40 ਹਜ਼ਾਰ ਤੋਂ ਵੱਧ ਝੂਠੇ ਅਦਾਇਗੀ ਦਾਅਵਿਆਂ ਰਾਹੀਂ ਮੈਡੀਕੇਡ ਤੋਂ ਰਕਮ ਹਾਸਲ ਕੀਤੀ। ਮਿਨੀਆਪੋਲਿਸ ਵਿਚ ਇਸ ਦੇ ਦਰਜ ਪਤੇ 'ਤੇ ਕੋਈ ਅਸਲ ਦਫ਼ਤਰ ਨਹੀਂ ਸੀ, ਉਥੇ ਸਿਰਫ਼ ਡਾਕ ਪ੍ਰਾਪਤ ਕਰਨ ਵਾਲਾ ਬਕਸਾ ਵਰਤਿਆ ਜਾਂਦਾ ਸੀ। ਮੁਕੱਦਮੇ ਵਿਚ ਗਵਾਹੀ ਸਾਹਮਣੇ ਆਈ ਕਿ ਸੇਵਾ ਲੈਣ ਵਾਲਿਆਂ ਨੂੰ ਮਿਲੇ ਬਿਨਾਂ ਦਸਤਾਵੇਜ਼ ਤਿਆਰ ਕੀਤੇ ਗਏ ਅਤੇ ਕਾਗਜ਼ਾਂ ਵਿਚ ਲਿਖਤ ਨਕਲ ਕਰਕੇ ਭਰੀ ਗਈ। ਕੁਝ ਮਾਮਲਿਆਂ ਵਿਚ ਦਿੱਤੀ ਗਈ ਦੇਖਭਾਲ ਨਾਲੋਂ ਵੱਧ ਘੰਟਿਆਂ ਦੀ ਅਦਾਇਗੀ ਮੰਗੀ ਗਈ। ਇਕ ਨਾਬਾਲਗ ਦੇ ਨਾਂਅ 'ਤੇ ਵੀ ਮਨਜ਼ੂਰ ਹੱਦ ਤੋਂ ਵੱਧ ਸੇਵਾ ਘੰਟੇ ਦਰਸਾਏ ਗਏ ਸਨ। ਜਿਊਰੀ ਨੇ ਯੂਸੁਫ਼ ਨੂੰ ਅਗਸਤ 2025 ਵਿਚ ਦੋਸ਼ੀ ਠਹਿਰਾਇਆ ਸੀ। ਉਸ ਦੇ ਵਕੀਲਾਂ ਨੇ ਬਾਅਦ ਵਿਚ ਦਲੀਲ ਦਿੱਤੀ ਕਿ ਧੋਖਾਧੜੀ ਉਸ ਦੇ ਭਰਾ ਮੁਹੰਮਦ ਨੇ ਕੀਤੀ ਅਤੇ ਯੂਸੁਫ਼ ਇਸ ਤੋਂ ਬੇਖ਼ਬਰ ਸੀ। ਹੇਠਲੀ ਅਦਾਲਤ ਨੇ ਇਹ ਦਲੀਲ ਮੰਨ ਕੇ ਉਸ ਨੂੰ ਬਰੀ ਕਰ ਦਿੱਤਾ ਸੀ ਅਪੀਲੀ ਅਦਾਲਤ ਨੇ ਕਿਹਾ ਕਿ ਯੂਸੁਫ਼ ਸੰਸਥਾ ਦੇ ਕੰਮਕਾਜ ਵਿਚ ਸਰਗਰਮ ਸੀ। ਉਹ ਤਨਖ਼ਾਹਾਂ ਦੀ ਅਦਾਇਗੀ ਦਾ ਪ੍ਰਬੰਧ ਕਰਦਾ, ਕਾਰੋਬਾਰੀ ਖਾਤੇ ਵਿਚੋਂ ਚੈੱਕ ਲਿਖਦਾ ਅਤੇ ਆਪਣੇ ਆਪ ਨੂੰ ਮਾਲਕ ਤੇ ਸੰਚਾਲਕ ਦੱਸਦਾ ਸੀ। ਉਸ ਨੇ ਅਧਿਕਾਰੀਆਂ ਕੋਲ ਆਪਣੇ ਭਰਾ ਦੀ ਭੂਮਿਕਾ ਵੀ ਨਹੀਂ ਦੱਸੀ ਸੀ। ਬੈਂਚ ਨੇ ਮੰਨਿਆ ਕਿ ਸਬੂਤ ਉਸ ਵਲੋਂ ਜਾਣਬੁੱਝ ਕੇ ਧੋਖਾਧੜੀ ਵਿਚ ਮਦਦ ਕਰਨ ਦੀ ਪੁਸ਼ਟੀ ਕਰਦੇ ਹਨ। ਜਾਂਚਕਰਤਾਵਾਂ ਅਨੁਸਾਰ ਯੂਸੁਫ਼ ਨੂੰ ਸੰਸਥਾ ਦੇ ਖਾਤਿਆਂ ਵਿਚੋਂ ਨਿੱਜੀ ਤੌਰ 'ਤੇ 10 ਲੱਖ ਡਾਲਰ ਤੋਂ ਵੱਧ ਮਿਲੇ ਅਤੇ ਉਸ ਨੇ 3 ਲੱਖ 87 ਹਜ਼ਾਰ ਡਾਲਰ ਤੋਂ ਵੱਧ ਨਕਦੀ ਕਢਵਾਈ। ਰਕਮ ਮਹਿੰਗੇ ਕੱਪੜਿਆਂ, ਗੱਡੀਆਂ ਅਤੇ ਹੋਰ ਖ਼ਰੀਦਦਾਰੀ 'ਤੇ ਖ਼ਰਚਣ ਦੇ ਸਬੂਤ ਵੀ ਪੇਸ਼ ਕੀਤੇ ਗਏ। ਉਸ ਨੂੰ ਸਜ਼ਾ ਸੁਣਾਉਣ ਦੀ ਮਿਤੀ ਹਾਲੇ ਸਾਹਮਣੇ ਨਹੀਂ ਆਈ।

ਨਿਊਯਾਰਕ ਦੇ ਅਟਾਰਨੀ ਜਨਰਲ ਅਹੁਦੇ ਲਈ ਚੋਣ ਲੜ ਰਹੀ ਸਾਰਿਤਾ ਕੋਮਾਟੀਰੈੱਡੀ ਨੂੰ ਮਾਰਕ ਟੇਸ਼ੇਰਾ ਨੇ ਦਿੱਤੀ ਹਮਾਇਤ

ਨਿਊਯਾਰਕ : ਨਿਊਯਾਰਕ ਦੇ ਅਟਾਰਨੀ ਜਨਰਲ ਅਹੁਦੇ ਲਈ ਚੋਣ ਲੜ ਰਹੀ ਭਾਰਤੀ-ਅਮਰੀਕੀ ਸਾਰਿਤਾ ਕੋਮਾਟੀਰੈੱਡੀ ਨੂੰ ਸਾਬਕਾ ਬੇਸਬਾਲ ਖਿਡਾਰੀ ਮਾਰਕ ਟੇਸ਼ੇਰਾ ਦੀ ਹਮਾਇਤ ਮਿਲੀ ਹੈ। ਰਿਪਬਲਿਕਨ ਉਮੀਦਵਾਰ ਕੋਮਾਟੀਰੈੱਡੀ ਦਾ ਮੁਕਾਬਲਾ ਮੌਜੂਦਾ ਡੈਮੋਕ੍ਰੈਟਿਕ ਅਟਾਰਨੀ ਜਨਰਲ ਲੈਟੀਸ਼ੀਆ ਜੇਮਜ਼ ਨਾਲ ਹੈ। ਯੈਂਕੀਜ਼ ਦੀ 2009 ਦੀ ਵਿਸ਼ਵ ਸੀਰੀਜ਼ ਜੇਤੂ ਟੀਮ ਦਾ ਹਿੱਸਾ ਰਹੇ ਟੇਸ਼ੇਰਾ ਨੇ ਵੀਡੀਓ ਸੁਨੇਹੇ ਰਾਹੀਂ ਨਿਊਯਾਰਕ ਵਾਸੀਆਂ ਨੂੰ ਕੋਮਾਟੀਰੈੱਡੀ ਦੇ ਹੱਕ ਵਿਚ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸੂਬੇ ਨੂੰ ਅਜਿਹੀ ਅਗਵਾਈ ਚਾਹੀਦੀ ਹੈ, ਜੋ ਸਿਆਸੀ ਹਿੱਤਾਂ ਤੋਂ ਪਹਿਲਾਂ ਲੋਕਾਂ ਦੀ ਸੁਰੱਖਿਆ ਨੂੰ ਰੱਖੇ ਅਤੇ ਨਿਊਯਾਰਕ ਦੀ ਖ਼ੁਸ਼ਹਾਲੀ ਲਈ ਕੰਮ ਕਰੇ। ਸਾਬਕਾ ਸੰਘੀ ਸਰਕਾਰੀ ਵਕੀਲ ਰਹੀ

42 ਸਾਲਾ ਕੋਮਾਟੀਰੈੱਡੀ ਨੇ ਇਸ ਹਮਾਇਤ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਸੜਕਾਂ 'ਤੇ ਭੁਰਦਿਆਂ, ਰੇਲ ਵਿਚ ਸਫ਼ਰ ਕਰਦਿਆਂ ਅਤੇ ਆਪਣੇ ਮੁਹੱਲਿਆਂ ਵਿਚ ਰਹਿੰਦਿਆਂ ਸੁਰੱਖਿਅਤ ਮਹਿਸੂਸ ਹੋਣਾ ਚਾਹੀਦਾ ਹੈ। ਜੇਮਜ਼ 'ਤੇ ਨਿਸ਼ਾਨਾ ਸਾਧਦਿਆਂ ਉਨ੍ਹਾਂ ਦੋਸ਼ ਲਾਇਆ ਕਿ ਪਿਛਲੇ ਸੱਤ ਸਾਲਾਂ ਦੌਰਾਨ ਲੋਕਾਂ ਦੀ ਸੁਰੱਖਿਆ ਨਾਲੋਂ ਸਿਆਸਤ ਨੂੰ ਵੱਧ ਅਹਿਮੀਅਤ ਦਿੱਤੀ ਗਈ।ਟੇਸ਼ੇਰਾ ਹੁਣ ਖ਼ੁਦ ਵੀ ਸਿਆਸੀ ਮੈਦਾਨ ਵਿਚ ਹਨ। ਉਹ ਟੈਕਸਸ ਦੇ 21ਵੇਂ ਕਾਂਗਰਸੀ ਹਲਕੇ ਤੋਂ ਰਿਪਬਲਿਕਨ ਉਮੀਦਵਾਰ ਵਜੋਂ ਚੋਣ ਲੜ ਰਹੇ ਹਨ। ਦੂਜੇ ਪਾਸੇ, ਜੇਮਜ਼ ਦੀ ਚੋਣ ਮੁਹਿੰਮ ਨੇ ਜਵਾਬ ਵਿਚ ਕੋਮਾਟੀਰੈੱਡੀ ਨੂੰ ਵਿਵੇਕ ਰਾਮਾਸਵਾਮੀ ਵਲੋਂ ਮਿਲੇ ਚੋਣ ਚੰਦੇ ਦਾ ਮੁੱਦਾ ਉਠਾਇਆ ਹੈ।

ਆਓ ਇਸ ਦੇਸ਼ ਨੂੰ 51ਵਾਂ ਰਾਜ ਬਣਾਈਏ : ਡੋਨਾਲਡ ਟਰੰਪ ਦਾ ਵੱਡਾ ਬਿਆਨ

ਟੈਕਸਾਸ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸੁਝਾਅ ਦਿੱਤਾ ਹੈ ਕਿ ਵੈਨੇਜ਼ੁਏਲਾ ਅਮਰੀਕਾ ਦਾ 51ਵਾਂ ਰਾਜ ਬਣ ਸਕਦਾ ਹੈ। ਟਰੰਪ ਨੇ ਦੋਵਾਂ ਦੇਸ਼ਾਂ ਵਿਚਾਲੇ ਵਧਦੇ ਤੇਲ ਸਹਿਯੋਗ ਦਾ ਹਵਾਲਾ ਦਿੰਦਿਆਂ ਇਹ ਗੱਲ ਕਹੀ। ਟੈਕਸਾਸ ਦੇ ਕਾਰਪਸ ਕ੍ਰਿਸਟੀ ਵਿਖੇ ਮਿਡ-ਟਰਮ ਚੋਣ ਰੈਲੀ ਦੌਰਾਨ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਟਰੰਪ ਨੇ ਕਿਹਾ ਕਿ ਉਹ ਵੈਨੇਜ਼ੁਏਲਾ ਦਾ ਧੰਨਵਾਦ ਕਰਨਾ ਚਾਹੁੰਦੇ ਹਨ, ਜਿਸ ਨਾਲ ਅਮਰੀਕਾ ਦੇ ਸਬੰਧ ਬਹੁਤ ਵਧੀਆ ਹੋ ਗਏ ਹਨ।

ਰੈਲੀ ਦੌਰਾਨ ਟਰੰਪ ਨੇ ਵਾਸ਼ਿੰਗਟਨ ਅਤੇ ਕਰਾਕਸ ਵਿਚਕਾਰ ਹੋਏ ਸਮਝੌਤੇ ਤਹਿਤ ਵੈਨੇਜ਼ੁਏਲਾ ਤੋਂ 10 ਲੱਖ ਬੈਰਲ ਮੁਫ਼ਤ ਤੇਲ ਦੀ ਪਹਿਲੀ ਖੇਪ ਪਹੁੰਚਣ ਦਾ ਐਲਾਨ ਕੀਤਾ। ਇਸ ਖੇਪ ਦੀ ਆਰਥਿਕ ਅਤੇ ਭੂ-ਰਾਜਨੀਤਿਕ ਅਹਿਮੀਅਤ 'ਤੇ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਇਹ ਇਤਿਹਾਸਕ ਜਿੱਤ ਅਮਰੀਕਾ ਨੂੰ ਦੁਨੀਆ ਦੀ ਤੇਲ ਸਪਲਾਈ ਦੇ ਵੱਡੇ ਹਿੱਸੇ 'ਤੇ ਨਿਯੰਤਰਣ ਦਿੰਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਇੰਪੋਰਟ ਕੀਤੇ ਊਰਜਾ ਸਰੋਤ ਦੀ ਰਿਫਾਈਨਿੰਗ ਟੈਕਸਾਸ ਅਤੇ ਕਾਰਪਸ ਕ੍ਰਿਸਟੀ ਵਿਖੇ ਹੀ ਕੀਤੀ ਜਾਵੇਗੀ। ਦੋ-ਪੱਖੀ ਸਬੰਧਾਂ ਅਤੇ ਤੇਲ ਦੇ ਅਦਾਨ-ਪ੍ਰਦਾਨ ਬਾਰੇ ਬੋਲਦਿਆਂ ਟਰੰਪ ਨੇ ਕਿਹਾ ਕਿ ਅਮਰੀਕਾ ਆਪਣੇ ਲਈ ਬਹੁਤ ਸਾਰਾ ਤੇਲ ਲਿਆ ਰਿਹਾ ਹੈ। ਉਨ੍ਹਾਂ ਕਿਹਾ ਕਿ ਵੈਨੇਜ਼ੁਏਲਾ ਇੱਕ ਖੁਸ਼ਹਾਲ ਦੇਸ਼ ਬਣੇਗਾ ਅਤੇ ਹੋ ਸਕਦਾ ਹੈ ਕਿ ਜਲਦ ਹੀ ਇਹ 51ਵਾਂ ਰਾਜ ਬਣ ਜਾਵੇ। ਰਾਸ਼ਟਰਪਤੀ ਟਰੰਪ ਨੇ ਦੇਸ਼ ਲਈ ਇੱਕ ਨਵੇਂ ਸ਼ਾਸਨ ਢਾਂਚੇ ਦੀ ਤਜਵੀਜ਼ ਰੱਖਦਿਆਂ ਕਿਹਾ, 'ਆਓ ਇਸ ਨੂੰ 51ਵਾਂ ਰਾਜ ਬਣਾਈਏ ਅਤੇ ਉੱਥੇ ਰਾਸ਼ਟਰਪਤੀ ਦੀ ਥਾਂ ਗਵਰਨਰ ਦੀ ਚੋਣ ਕਰਵਾਈ ਜਾਵੇ, ਕਿਉਂਕਿ ਉਨ੍ਹਾਂ ਕੋਲ ਬਹੁਤ ਤੇਲ ਹੈ'।

ਦੱਖਣੀ ਅਮਰੀਕੀ ਦੇਸ਼ ਵਿੱਚ ਆਰਥਿਕ ਬਦਲਾਅ ਦਾ ਜ਼ਿਕਰ ਕਰਦਿਆਂ ਟਰੰਪ ਨੇ ਕਿਹਾ ਕਿ ਵਿਦੇਸ਼ੀ ਨਿਵੇਸ਼ ਨਾਲ ਉੱਥੇ ਸਥਾਨਕ ਪੱਧਰ 'ਤੇ ਰੋਜ਼ਗਾਰ ਦੇ ਮੌਕੇ ਵਧ ਰਹੇ ਹਨ। ਇਸ ਸਾਲ ਦੇ ਸ਼ੁਰੂ ਵਿੱਚ ਟਰੰਪ ਨੇ ਜ਼ਿਕਰ ਕੀਤਾ ਸੀ ਕਿ ਉਹ ਦੱਖਣੀ ਅਮਰੀਕੀ ਦੇਸ਼ ਨੂੰ ਅਮਰੀਕਾ ਦੇ ਇੱਕ ਰਾਜ ਵਜੋਂ ਸ਼ਾਮਲ ਕਰਨ ਬਾਰੇ 'ਗੰਭੀਰਤਾ ਨਾਲ ਵਿ

ਗੁਰਦੁਆਰਾ ਸਾਹਿਬ ਸਿੰਘ ਸਭਾ ਵਿਖੇ ਦਸਮੇਸ਼ ਪਿਤਾ ਦੇ 'ਜੋਤੀ ਜੋਤਿ ਦਿਵਸ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਸਜਾਇਆ

ਮਿਲਪੀਟਸ, ਕੈਲੀਫੋਰਨੀਆ (ਸਾਡੇ ਲੋਕ/ਪ੍ਰਮਿੰਦਰ ਸਿੰਘ ਪ੍ਰਵਾਨਾ): ਕੈਲੀਫੋਰਨੀਆ ਦੇ ਮਿਲਪੀਟਸ ਸਥਿਤ ਇਤਿਹਾਸਕ ਗੁਰਦੁਆਰਾ ਸਾਹਿਬ ਸਿੰਘ ਸਭਾ (362 S. MILPITAS, BLVD. MILPITAS CA. 95035) ਦੇ ਲੰਗਰ ਹਾਲ ਵਿਖੇ ਸਰਬੰਸਦਾਨੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ 'ਜੋਤੀ ਜੋਤਿ ਦਿਵਸ' ਨੂੰ ਸਮਰਪਿਤ ਇੱਕ ਵਿਸ਼ੇਸ਼ ਅਤੇ ਪ੍ਰਭਾਵਸ਼ਾਲੀ ਧਾਰਮਿਕ ਕਵੀ-ਦਰਬਾਰ ਬੜੀ ਸ਼ਰਧਾ ਭਾਵਨਾ ਨਾਲ ਸਜਾਇਆ ਗਿਆ ਇਸ ਸਮਾਗਮ ਵਿੱਚ ਬੇਅ ਏਰੀਆ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ। ਸਮਾਗਮ ਦੌਰਾਨ ਮੰਚ ਸੰਚਾਲਨ ਦੀ ਸੇਵਾ ਨਿਭਾਉਂਦਿਆਂ ਬੁਲਾਰਿਆਂ ਵੱਲੋਂ ਗੁਰ-ਇਤਿਹਾਸ ਅਤੇ ਗੁਰੂ ਸਾਹਿਬ ਦੇ ਸੰਘਰਸ਼ਮਈ ਜੀਵਨ 'ਤੇ ਵਿਸਥਾਰਪੂਰਵਕ ਰੌਸ਼ਨੀ ਪਾਈ ਗਈ। ਉਨ੍ਹਾਂ ਕਿਹਾ ਕਿ ਗੁਰੂ ਗੋਬਿੰਦ ਸਿੰਘ ਜੀ ਦਾ ਜੰਗੀ ਜੀਵਨ ਕਿਸੇ ਰਾਜ, ਜ਼ਮੀਨ ਜਾਂ ਨਿੱਜੀ ਹਕੂਮਤ ਲਈ ਨਹੀਂ ਸੀ, ਸਗੋਂ ਇਹ ਧਰਮ, ਅਣਖ, ਮਨੁੱਖੀ ਅਧਿਕਾਰਾਂ ਅਤੇ ਬੇਇਨਸਾਫ਼ੀ ਦੇ ਖ਼ਿਲਾਫ਼ ਇੱਕ ਮਹਾਨ ਸੰਘਰਸ਼ ਸੀ। ਗੁਰੂ ਸਾਹਿਬ ਨੇ ਜ਼ੁਲਮ ਨੂੰ ਠੱਲ੍ਹ ਪਾਉਣ ਲਈ ਕਈ ਇਤਿਹਾਸਕ ਜੰਗਾਂ ਲੜੀਆਂ, ਜਿਨ੍ਹਾਂ ਵਿੱਚੋਂ ਖਿਦਰਾਣਾ (ਮੁਕਤਸਰ) ਦੀ ਜੰਗ ਆਖ਼ਰੀ ਵੱਡੀ ਜੰਗ ਸੀ। ਇਸੇ ਪਾਵਨ ਧਰਤੀ 'ਤੇ 40 ਸਿੰਘਾਂ (40 ਮੁਕਤਿਆਂ) ਨੇ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਸਾਹਿਬ ਨਾਲ ਆਪਣੀ ਟੁੱਟੀ ਗੰਢੀ ਸੀ।

ਇਸ ਇਤਿਹਾਸਕ ਸੰਘਰਸ਼ ਤੋਂ ਬਾਅਦ ਗੁਰੂ ਸਾਹਿਬ ਨੇ ਵਕਤ ਦੇ ਹਾਕਮ ਔਰੰਗਜ਼ੇਬ ਨੂੰ ਫ਼ਾਰਸੀ ਵਿੱਚ 'ਜ਼ਫ਼ਰਨਾਮਾ' (ਜਿੱਤ ਦੀ ਚਿੱਠੀ) ਲਿਖਿਆ, ਜੋ ਜੰਗੀ ਜਿੱਤ ਤੋਂ ਵੱਧ ਨੈਤਿਕ ਅਤੇ ਸੱਚ ਦੀ ਜਿੱਤ ਦਾ ਪ੍ਰਤੀਕ ਸੀ। ਅੰਤ ਵਿੱਚ, ਸਾਲ 1708 ਵਿੱਚ ਨਾਂਦੇੜ (ਸੱਚਖੰਡ ਸ੍ਰੀ ਹਜ਼ੂਰ ਸਾਹਿਬ) ਵਿਖੇ ਗੁਰੂ ਸਾਹਿਬ ਨੇ ਦੇਹਧਾਰੀ ਗੁਰੂ ਪ੍ਰੰਪਰਾ ਨੂੰ ਹਮੇਸ਼ਾ ਲਈ ਸਮਾਪਤ ਕਰਦਿਆਂ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸਿੱਖਾਂ ਦੇ ਹਮੇਸ਼ਾ ਲਈ ਪ੍ਰਗਟ ਗੁਰੂ ਥਾਪ ਕੇ 'ਸਭ ਸਿੱਖਨ ਕੋ ਹੁਕਮ ਹੈ ਗੁਰੂ ਮਾਨਿਓ ਗ੍ਰੰਥ' ਦਾ ਇਤਿਹਾਸਕ ਆਦੇਸ਼ ਦਿੱਤਾ।

ਮੁੱਖ ਵੇਰਵੇ: ਧਾਰਮਿਕ ਕਵੀ ਦਰਬਾਰ

ਸਮਾਗਮ : ਗੁਰੂ ਗੋਬਿੰਦ ਸਿੰਘ ਜੀ ਦੇ 'ਜੋਤੀ ਜੋਤਿ ਦਿਵਸ' ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ

ਅਸਥਾਨ : ਲੰਗਰ ਹਾਲ, ਗੁਰਦੁਆਰਾ ਸਾਹਿਬ ਸਿੰਘ ਸਭਾ, ਮਿਲਪੀਟਸ (ਕੈਲੀਫੋਰਨੀਆ) (cite: 1.1.3)

ਪਤਾ : 362 ♥. Milpitas Blvd, Milpitas, 31 95035[cite: 1.1.3]

ਭਾਗ ਲੈਣ ਵਾਲੇ ਕਵੀ ਜਸਦੀਪ : ਸਿੰਘ ਫਰੀਮਾਂਟ, ਬੀਬੀ ਬਲਵਿੰਦਰ ਕੌਰ ਹੰਸਰਾ, ਤਰਸੇਮ ਸਿੰਘ ਸੁਮਨ, ਤਰਲੋਚਨ ਸਿੰਘ ਦੁਪਾਲਪੁਰੀ, ਬਲਜਿੰਦਰ ਸਿੰਘ, ਰਣਜੀਤ ਸਿੰਘ, ਪ੍ਰਮਿੰਦਰ ਸਿੰਘ ਪ੍ਰਵਾਨਾ

ਵਿਸ਼ੇਸ਼ ਚਰਚਾ : ਖਿਦਰਾਣਾ ਦੀ ਜੰਗ, ਜ਼ਫ਼ਰਨਾਮਾ, ਦੇਹਧਾਰੀ ਗੁਰੂ ਪ੍ਰੰਪਰਾ ਦਾ ਖ਼ਾਤਮਾ, ਕਾਜ਼ੀ ਨੂਰ ਮੁਹੰਮਦ ਦੇ ਵਿਚਾਰ

ਬੀਰ ਰਸ ਕਵਿਤਾਵਾਂ ਨਾਲ ਗੂੰਜਿਆ ਲੰਗਰ ਹਾਲ

ਕਵੀ ਦਰਬਾਰ ਦੇ ਦੌਰਾਨ ਪ੍ਰਸਿੱਧ ਪੰਥਕ ਕਵੀਆਂ—ਜਸਦੀਪ ਸਿੰਘ ਫਰੀਮਾਂਟ, ਬੀਬੀ ਬਲਵਿੰਦਰ ਕੌਰ ਹੰਸਰਾ, ਤਰਸੇਮ ਸਿੰਘ ਸੁਮਨ, ਤਰਲੋਚਨ ਸਿੰਘ ਦੁਪਾਲਪੁਰੀ, ਬਲਜਿੰਦਰ ਸਿੰਘ, ਰਣਜੀਤ ਸਿੰਘ ਅਤੇ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਆਪਣੀਆਂ ਬੀਰ ਰਸੀ ਅਤੇ ਇਤਿਹਾਸਕ ਕਵਿਤਾਵਾਂ ਰਾਹੀਂ ਗੁਰੂ ਸਾਹਿਬ ਦੀ ਅਦੁੱਤੀ ਯੁੱਧਨੀਤੀ ਅਤੇ ਸਿੰਘਾਂ ਦੀ ਸੂਰਬੀਰਤਾ ਦੇ ਪ੍ਰਸੰਗ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ।

ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਇਸ ਮੌਕੇ ਕਾਜ਼ੀ ਨੂਰ ਮੁਹੰਮਦ ਦੇ ਇਤਿਹਾਸਕ ਹਵਾਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਕੁਦਰਤ ਦਾ ਸਿਧਾਂਤ ਹੈ ਕਿ ਪਾਣੀ ਨੂੰ ਕਦੇ ਅੱਗ ਨਹੀਂ ਲੱਗ ਸਕਦੀ, ਪਰ ਜਦੋਂ ਕਾਜ਼ੀ ਨੂਰ ਮੁਹੰਮਦ ਨੇ ਖ਼ਾਲਸੇ ਦੀ ਸੂਰਬੀਰਤਾ, ਦਲੇਰੀ ਅਤੇ ਜੰਗੀ ਜੌਹਰ ਵੇਖੇ ਤਾਂ ਉਸ ਨੂੰ ਕਹਿਣਾ ਪਿਆ ਕਿ, 'ਗੁਰੂ ਗੋਬਿੰਦ ਸਿੰਘ ਜੀ ਦੇ ਖ਼ਾਲਸੇ ਨੇ ਪਾਣੀ ਨੂੰ ਵੀ ਅੱਗ ਲਗਾ ਦਿੱਤੀ ਹੈ।' ਜਦੋਂ ਖ਼ਾਲਸਾ ਆਪਣੇ ਅਨੋਖੇ ਜੰਗੀ ਪੈਂਤੜਿਆਂ ਨਾਲ ਦੁਸ਼ਮਣ 'ਤੇ ਵਾਰ ਕਰਦਾ ਹੈ, ਤਾਂ ਉਹ ਅਸੰਭਵ ਨੂੰ ਵੀ ਸੰਭਵ ਬਣਾ ਕੇ ਦੁਸ਼ਮਣ ਦਾ ਸਫ਼ਾਇਆ ਕਰ ਦਿੰਦਾ ਹੈ।

ਪ੍ਰਬੰਧਕਾਂ ਅਤੇ ਸੰਗਤਾਂ ਦਾ ਧੰਨਵਾਦ

ਸਮਾਗਮ ਦੇ ਅਖ਼ੀਰ ਵਿੱਚ ਬੁਲਾਰਿਆਂ ਨੇ ਗੁਰਦੁਆਰਾ ਪ੍ਰਬੰਧਕਾਂ ਅਤੇ ਦੇਸ਼-ਵਿਦੇਸ਼ਾਂ ਤੋਂ ਪੁੱਜੀਆਂ ਸੰਗਤਾਂ ਦਾ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਿੰਘ ਸਭਾ ਮਿਲਪੀਟਸ ਵਿਖੇ ਅਜਿਹੇ ਧਾਰਮਿਕ ਤੇ ਸਾਹਿਤਕ ਸਮਾਗਮ ਨਿਰੰਤਰ ਕਰਵਾਏ ਜਾਂਦੇ ਹਨ, ਜਿਨ੍ਹਾਂ ਦਾ ਸੁਨੇਹਾ ਅਖ਼ਬਾਰਾਂ ਅਤੇ ਮੀਡੀਆ ਰਾਹੀਂ ਘਰ-ਘਰ ਪਹੁੰਚਦਾ ਹੈ (cite: 1.1.3)। ਇਨ੍ਹਾਂ ਪ੍ਰੋਗਰਾਮਾਂ ਦਾ ਮੁੱਖ ਮਕਸਦ ਨਵੀਂ ਪੀੜ੍ਹੀ ਨੂੰ ਆਪਣੇ ਸ਼ਾਨਾਮੱਤੇ ਸਿੱਖ ਇਤਿਹਾਸ ਅਤੇ ਗੁਰਮਤਿ ਵਿਰਸੇ ਨਾਲ ਜੋੜ ਕੇ ਦ੍ਰਿੜ੍ਹ ਕਰਵਾਉਣਾ ਹੈ। ਸਮਾਗਮ ਦੀ ਸਮਾਪਤੀ ਯਾਦਗਾਰੀ ਤਸਵੀਰਾਂ ਅਤੇ ਗੁਰੂ ਕੇ ਲੰਗਰਾਂ ਨਾਲ ਹੋਈ।

ਦੁਨੀਆ ਦੀ ਯਾਤਰਾ 'ਤੇ ਨਿਕਲੇ ਅਮਰੀਕੀ ਕਰੂਜ਼ ਦੀ ਯਾਤਰਾ ਮਹਿੰਗੇ ਈਂਧਨ ਕਾਰਨ ਵਿਚਾਲੇ ਰੁਕੀ

ਸਿਹਾਨੌਕਵਿਲੇ : ਦੁਨੀਆ ਭਰ ਦੀ ਯਾਤਰਾ 'ਤੇ ਨਿਕਲੇ ਇਕ ਅਮਰੀਕੀ ਕਰੂਜ਼ ਜਹਾਜ਼ ਨੇ ਈਂਧਨ ਦੀਆਂ ਵਧਦੀਆਂ ਕੀਮਤਾਂ ਕਾਰਨ ਤਿੰਨ ਸਾਲ ਦੀ ਆਪਣੀ ਯਾਤਰਾ ਕੰਬੋਡੀਆ 'ਚ ਰੋਕ ਦਿੱਤੀ ਹੈ, ਜਿਸ ਨਾਲ ਸੈਂਕੜੇ ਯਾਤਰੀ ਫਸ ਗਏ ਹਨ। ਇਸ ਜਹਾਜ਼ ਦੇ ਕੈਬਿਨ 'ਤੈਰਦੇ ਘਰਾਂ' ਵਜੋਂ ਪੇਸ਼ ਕੀਤੇ ਜਾਂਦੇ ਸਨ। ਦੋ ਸਾਲ ਪਹਿਲਾਂ 'ਐੱਮ.ਵੀ. ਓਡੀਸੀ' ਸੱਤ ਮਹਾਦੀਪਾਂ ਦੀ ਯਾਤਰਾ ਲਈ ਰਵਾਨਾ ਹੋਇਆ ਸੀ। ਇਸ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਸੀ ਕਿ ਇਸ 'ਚ ਸਮੁੰਦਰ 'ਤੇ ਲੰਮੇ ਸਮੇਂ ਤੱਕ ਰਹਿਣ ਅਤੇ ਦੁਨੀਆ ਭਰ ਦੀ ਯਾਤਰਾ ਕਰਨ, ਦੋਵਾਂ ਦਾ ਤਜ਼ਰਬਾ ਮਿਲੇਗਾ।

ਇਸ ਦੇ ਸੰਚਾਲਕ ਨੇ 'ਓਡੀਸੀ ਨੂੰ ਤੁਹਾਡਾ ਸਥਾਈ ਘਰ' ਬਣਾਉਣ ਦਾ ਪ੍ਰਸਤਾਵ ਦਿੱਤਾ ਸੀ, ਜਿਸ 'ਚ ਜਹਾਜ਼ ਦੇ ਪੂਰੇ ਜੀਵਨਕਾਲ ਲਈ ਇਕ 'ਸੂਟ' ਖਰੀਦਣ ਦੀ ਕੀਮਤ ਲੱਗਭਗ 2,30,000 ਅਮਰੀਕੀ ਡਾਲਰ ਤੋਂ ਸ਼ੁਰੂ ਹੋਈ। ਫਿਲਹਾਲ, ਇਹ ਥਾਈਲੈਂਡ ਦੀ ਖਾੜੀ 'ਚ ਸਥਿਤ ਕੰਬੋਡੀਆ ਦੇ ਸਿਹਾਨੌਕਵਿਲੇ ਬੰਦਰਗਾਹ 'ਤੇ ਖੜ੍ਹਾ ਹੈ ਅਤੇ ਇਸ ਦੇ ਰਵਾਨਾ ਹੋਣ ਦੀ ਕੋਈ ਨਿਸ਼ਚਿਤ ਤਰੀਕ ਨਹੀਂ ਹੈ। ਕੰਬੋਡੀਆ ਦੇ ਅਧਿਕਾਰੀਆਂ ਅਨੁਸਾਰ, ਇਸ ਜਹਾਜ਼ 'ਚ 203 ਯਾਤਰੀ (ਜਿਨ੍ਹਾਂ 'ਚੋਂ ਜ਼ਿਆਦਾਤਰ ਅਮਰੀਕੀ ਹਨ) ਅਤੇ ਚਾਲਕ ਦਲ ਦੇ 156 ਮੈਂਬਰ ਸਵਾਰ ਹਨ।

ਇਸ ਦੀ ਸਮਰੱਥਾ 650 ਯਾਤਰੀਆਂ ਦੀ ਹੈ। ਫਲੋਰੀਡਾ ਆਧਾਰਿਤ ਇਸ ਦੀ ਸੰਚਾਲਕ ਕੰਪਨੀ 'ਵਿਲਾ ਵੀ ਰੈਜ਼ੀਡੈਂਸ' ਨੇ ਦੱਸਿਆ ਕਿ ਈਰਾਨ 'ਚ ਜਾਰੀ ਜੰਗ ਕਾਰਨ ਏਸ਼ੀਆ ਦੇ ਕੁਝ ਹਿੱਸਿਆਂ 'ਚ ਪ੍ਰਤੀ ਕੈਬਿਨ ਮਹੀਨਾ ਈਂਧਨ ਦਾ ਖਰਚ – ਜੋ ਪਹਿਲਾਂ ਔਸਤਨ 1,800 ਅਮਰੀਕੀ ਡਾਲਰ ਹੋਇਆ ਕਰਦਾ ਸੀ , ਹੁਣ ਵਧ ਕੇ ਅਨੁਮਾਨਿਤ 6,000 ਤੋਂ 8,000 ਅਮਰੀਕੀ ਡਾਲਰ ਤੱਕ ਪਹੁੰਚ ਗਿਆ ਹੈ।

ਸਿਟੀ ਕੌਂਸਲ ਉਮੀਦਵਾਰ ਨੈਨਦੀਪ ਸਿੰਘ DUI ਕੇਸ ਵਿੱਚ ਪੂਰੀ ਤਰ੍ਹਾਂ ਬੇਕਸੂਰ ਸਾਬਤ; ਟੈਕਸੀਕੋਲੋਜੀ ਰਿਪੋਰਟ ਆਈ ਨੈਗੇਟਿਵ, ਪੁਲਿਸ ਚੀਫ਼ ਨੇ ਮੰਗੀ ਮੁਆਫ਼ੀ

ਫਰਿਜ਼ਨੋ, ਕੈਲੀਫੋਰਨੀਆ (ਸਾਡੇ ਲੋਕ ਬਿਊਰੋ): ਫਰਿਜ਼ਨੋ ਸਿਟੀ ਕੌਂਸਲ ਦੇ ਉਮੀਦਵਾਰ, ਸੈਂਟਰਲ ਯੂਨੀਫਾਈਡ ਸਕੂਲ ਬੋਰਡ ਦੇ ਟਰੱਸਟੀ ਅਤੇ ਉੱਘੇ ਸਿੱਖ ਕਮਿਊਨਿਟੀ ਆਗੂ ਨੈਨਦੀਪ ਸਿੰਘ ਛੰਨ ਨੂੰ ਕਥਿਤ DUI (ਨਸ਼ੇ ਵਿੱਚ ਗੱਡੀ ਚਲਾਉਣ) ਦੇ ਮਾਮਲੇ ਵਿੱਚ ਪੁਲਿਸ ਵਿਭਾਗ ਵੱਲੋਂ ਕਲੀਨ ਚਿੱਟ ਦੇ ਦਿੱਤੀ ਗਈ ਹੈ। ਅਧਿਕਾਰਤ ਟੈਕਸੀਕੋਲੋਜੀ (ਨਸ਼ਾ ਪਰਖ) ਰਿਪੋਰਟ ਵਿੱਚ ਕਿਸੇ ਵੀ ਤਰ੍ਹਾਂ ਦੇ ਅਲਕੋਹਲ ਜਾਂ ਨਸ਼ੀਲੇ ਪਦਾਰਥਾਂ ਦੀ ਮੌਜੂਦਗੀ ਨਕਾਰ ਦਿੱਤੀ ਗਈ ਹੈ। ਮਾਮਲੇ ਦੀ ਸੱਚਾਈ ਸਾਹਮਣੇ ਆਉਣ ਉਪਰੰਤ ਫਰਿਜ਼ਨੋ ਪੁਲਿਸ ਚੀਫ਼ ਮਿੰਡੀ ਕਾਸਟੋ (Mindy Casto) ਨੇ ਖ਼ੁਦ ਨੈਨਦੀਪ ਸਿੰਘ ਨੂੰ ਫ਼ੋਨ ਕਰਕੇ ਇਸ ਮੰਦਭਾਗੀ ਗ੍ਰਿਫ਼ਤਾਰੀ ਲਈ ਮੁਆਫ਼ੀ ਮੰਗੀ ਹੈ।

ਮੁੱਖ ਵੇਰਵੇ: ਨੈਨਦੀਪ ਸਿੰਘ ਕੇਸ ਤੇ ਕਲੀਨ ਚਿੱਟ

ਵੇਰਵਾ : ਅਧਿਕਾਰਤ ਜਾਣਕਾਰੀ ਤੇ ਤੱਥ

ਸਖ਼ਸ਼ੀਅਤ : ਨੈਨਦੀਪ ਸਿੰਘ ਛੰਨ (ਫਰਿਜ਼ਨੋ ਸਿਟੀ ਕੌਂਸਲ ਉਮੀਦਵਾਰ, ਸਕੂਲ ਬੋਰਡ ਟਰੱਸਟੀ)

ਲਗਾਇਆ ਗਿਆ ਦੋਸ਼ : ਕਥਿਤ ਨਸ਼ੇ ਦੀ ਹਾਲਤ ਵਿੱਚ ਗੱਡੀ ਚਲਾਉਣਾ (DUI) ਅਤੇ ਰਜਿਸਟ੍ਰੇਸ਼ਨ ਦਾ ਵਿਵਾਦ

ਜਾਂਚ ਨਤੀਜਾ : ਹਸਪਤਾਲ ਅਤੇ ਅਧਿਕਾਰਤ ਟੈਕਸੀਕੋਲੋਜੀ ਰਿਪੋਰਟ ਪੂਰੀ ਤਰ੍ਹਾਂ ਨੈਗੇਟਿਵ

ਪੁਲਿਸ ਪ੍ਰਸ਼ਾਸਨ ਦਾ ਕਦਮ : ਪੁਲਿਸ ਚੀਫ਼ ਮਿੰਡੀ ਕਾਸਟੋ ਵੱਲੋਂ ਮੁਆਫ਼ੀ; ਗੱਡੀ ਟੋਅ/ਇੰਪਾਊਂਡ ਕਰਨ ਦੀ ਫ਼ੀਸ ਵਾਪਸ ਕਰਨ ਦਾ ਐਲਾਨ

ਭਾਈਚਾਰਕ ਪੱਖ : ਡਾ. ਗੁਰਿੰਦਰ ਸਿੰਘ ਗਰੇਵਾਲ (MD) ਵੱਲੋਂ ਪਾਰਦਰਸ਼ੀ ਜਾਂਚ, ਨਿਰਪੱਖਤਾ ਅਤੇ ਜਵਾਬਦੇਹੀ ਦੀ ਪੁਰਜ਼ੋਰ ਹਮਾਇਤ

ਸੱਚ ਦੀ ਜਿੱਤ: ਨੈਗੇਟਿਵ ਰਿਪੋਰਟ ਅਤੇ ਪੁਲਿਸ ਚੀਫ਼ ਵੱਲੋਂ ਮੁਆਫ਼ੀ

ਨੈਨਦੀਪ ਸਿੰਘ ਨੇ ਸ਼ੁਰੂ ਤੋਂ ਹੀ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਨਕਾਰਦਿਆਂ ਸਪੱਸ਼ਟ ਕੀਤਾ ਸੀ ਕਿ

ਉਹ ਸ਼ਰਾਬ ਅਤੇ ਨਸ਼ਿਆਂ ਤੋਂ ਪੂਰਨ ਪਰਹੇਜ਼ ਰੱਖਣ ਵਾਲੇ ਅੰਮ੍ਰਿਤਧਾਰੀ/ਗੁਰਸਿੱਖ ਵਿਅਕਤੀ ਹਨ। ਉਨ੍ਹਾਂ ਨੇ ਖ਼ੁਦ ਪਹਿਲਕਦਮੀ ਕਰਦਿਆਂ ਤੁਰੰਤ ਹਸਪਤਾਲ ਜਾ ਕੇ ਨਿੱਜੀ ਤੌਰ 'ਤੇ ਆਪਣੇ ਬਲੱਡ ਤੇ ਯੂਰੀਨ ਟੈਸਟ ਕਰਵਾਏ ਸਨ ਅਤੇ ਨਤੀਜੇ ਜਨਤਕ ਕੀਤੇ ਸਨ।

ਫਰਿਜ਼ਨੋ ਪੁਲਿਸ ਮੁਖੀ ਮਿੰਡੀ ਕਾਸਟੋ ਨੇ ਮੰਗਲਵਾਰ ਰਾਤ ਅਧਿਕਾਰਤ ਪੁਸ਼ਟੀ ਕੀਤੀ ਕਿ ਲੈਬਾਰਟਰੀ ਟੈਸਟ ਵਿੱਚ ਨੈਨਦੀਪ ਸਿੰਘ ਦੇ ਸਰੀਰ ਅੰਦਰ ਕੋਈ ਨਸ਼ਾ ਨਹੀਂ ਪਾਇਆ ਗਿਆ। ਪੁਲਿਸ ਚੀਫ਼ ਨੇ ਸਪੱਸ਼ਟ ਕੀਤਾ ਕਿ ਗ੍ਰਿਫ਼ਤਾਰੀ ਕਾਰਨ ਹੋਈ ਅਸੁਵਿਧਾ ਲਈ ਉਨ੍ਹਾਂ ਨੇ ਸਿੰਘ ਕੋਲੋਂ ਨਿੱਜੀ ਤੌਰ 'ਤੇ ਖਿਮਾ ਜਾਚਨਾ ਕੀਤੀ ਹੈ ਅਤੇ ਗੱਡੀ ਇੰਪਾਊਂਡ ਕਰਨ ਬਦਲੇ ਵਸੂਲੇ ਗਏ ਸਾਰੇ ਖ਼ਰਚੇ ਵਾਪਸ ਕੀਤੇ ਜਾਣਗੇ।

ਡਾ. ਗੁਰਿੰਦਰ ਸਿੰਘ ਗਰੇਵਾਲ ਵੱਲੋਂ ਨਿਰਪੱਖਤਾ ਅਤੇ ਜਾਂਚ ਦੀ ਪੁਰਜ਼ੋਰ ਮੰਗ

ਇਸ ਘਟਨਾਕ੍ਰਮ 'ਤੇ ਪ੍ਰਤੀਕਰਮ ਦਿੰਦਿਆਂ ਉੱਘੇ ਮੈਡੀਕਲ ਮਾਹਿਰ ਡਾ. ਗੁਰਿੰਦਰ ਸਿੰਘ ਗਰੇਵਾਲ (M.D.) ਨੇ ਨੈਨਦੀਪ ਸਿੰਘ ਦੇ ਹੱਕ ਵਿੱਚ ਬਿਆਨ ਜਾਰੀ ਕਰਦਿਆਂ ਕਿਹਾ:

ਚਰਿੱਤਰ ਅਤੇ ਲੋਕ ਸੇਵਾ: ਨੈਨਦੀਪ ਸਿੰਘ ਸਿੱਖੀ ਦੇ ਬੁਨਿਆਦੀ ਸਿਧਾਂਤਾਂ—ਸੱਚਾਈ, ਦਇਆ ਅਤੇ ਸਰਬੱਤ ਦੇ ਭਲੇ—'ਤੇ ਪਹਿਰਾ ਦੇਣ ਵਾਲੇ ਆਗੂ ਹਨ, ਜਿਨ੍ਹਾਂ ਨੇ ਨੌਜਵਾਨਾਂ ਅਤੇ ਫਰਿਜ਼ਨੋ ਸ਼ਹਿਰ ਲਈ ਅਣਥੱਕ ਕੰਮ ਕੀਤਾ ਹੈ।

ਸਿਆਸੀ ਸਾਜ਼ਿਸ਼ ਅਤੇ ਟਰਾਂਸਨੈਸ਼ਨਲ ਰਿਪ੍ਰੈਸ਼ਨ (ਅੰਤਰ-ਰਾਸ਼ਟਰੀ ਦਮਨ) : ਡਾ. ਗਰੇਵਾਲ ਨੇ ਚਿੰਤਾ ਪ੍ਰਗਟ ਕੀਤੀ ਕਿ ਇੱਕ ਨਵੇਂ ਮਿਡਲ ਸਕੂਲ ਦਾ ਨਾਂ ਸ਼ਹੀਦ ਜਸਵੰਤ ਸਿੰਘ ਖਾਲੜਾ ਦੇ ਨਾਂ 'ਤੇ ਰੱਖਣ ਵਿੱਚ ਮੋਹਰੀ ਭੂਮਿਕਾ ਨਿਭਾਉਣ ਤੋਂ ਬਾਅਦ ਹੀ ਨੈਨਦੀਪ ਸਿੰਘ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਸੀ। ਉਨ੍ਹਾਂ ਨੂੰ 'ਖਾਲਿਸਤਾਨੀ' ਕਹਿ ਕੇ ਬਦਨਾਮ ਕਰਨ ਦੀਆਂ ਕੋਸ਼ਿਸ਼ਾਂ ਹੋਈਆਂ।

ਸੰਸਥਾਵਾਂ ਦੀ ਸ਼ਮੂਲੀਅਤ ਦੀ ਜਾਂਚ: ਉਨ੍ਹਾਂ ਮੰਗ ਕੀਤੀ ਕਿ ਹਿੰਦੂ ਅਮੈਰੀਕਨ ਫਾਊਂਡੇਸ਼ਨ (HAF) ਜਾਂ ਹੋਰ ਬਾਹਰੀ ਧਿਰਾਂ ਦੀ ਸੰਭਾਵੀ ਸ਼ਮੂਲੀਅਤ ਅਤੇ ਸਿੱਖ ਲੋਕ-ਸੇਵਕਾਂ ਦਾ ਅਕਸ ਖ਼ਰਾਬ ਕਰਨ ਵਾਲੀਆਂ ਸਾਜ਼ਿਸ਼ਾਂ ਦੀ ਸੰਘੀ ਜਾਂਚ ਏਜੰਸੀਆਂ ਵੱਲੋਂ ਗੰਭੀਰਤਾ ਨਾਲ ਜਾਂਚ ਹੋਣੀ ਚਾਹੀਦੀ ਹੈ।

ਆਪਸੀ ਭਾਈਚਾਰਕ ਸਾਂਝ: ਡਾ. ਗਰੇਵਾਲ ਨੇ ਕਿਹਾ ਕਿ ਅਮਰੀਕਾ ਵਿੱਚ ਸਿੱਖ ਅਤੇ ਹਿੰਦੂ ਭਾਈਚਾਰਿਆਂ ਦੇ ਡੂੰਘੇ ਅਤੇ ਸਤਿਕਾਰਯੋਗ ਸਬੰਧ ਹਨ; ਸਿਆਸੀ ਮੁਫ਼ਾਦਾਂ ਜਾਂ ਬਿਨਾਂ ਸਬੂਤ ਦੇ ਦੋਸ਼ਾਂ ਰਾਹੀਂ ਇਸ ਭਾਈਚਾਰਕ ਸਾਂਝ ਵਿੱਚ ਦਰਾਰ ਨਹੀਂ ਪੈਣ ਦਿੱਤੀ ਜਾਣੀ ਚਾਹੀਦੀ।

ਸੰਪਾਦਕੀ ਨਜ਼ਰੀਆ

ਨੈਨਦੀਪ ਸਿੰਘ ਦੀ ਕਲੀਨ ਚਿੱਟ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਜਨਤਕ ਜੀਵਨ ਵਿੱਚ ਸਰਗਰਮ ਘੱਟ-ਗਿਣਤੀ ਨੁਮਾਇੰਦਿਆਂ ਨੂੰ ਕਈ ਵਾਰ ਸੋਚੀ-ਸਮਝੀ ਚਰਿੱਤਰ-ਹੱਤਿਆ (Character Assassination) ਦੀਆਂ ਕੋਸ਼ਿਸ਼ਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਪੁਲਿਸ ਵਿਭਾਗ ਵੱਲੋਂ ਕੀਤੀ ਗਈ ਤੇਜ਼ੀ ਅਤੇ ਮੰਗੀ ਗਈ ਮੁਆਫ਼ੀ ਸ਼ਲਾਘਾਯੋਗ ਹੈ, ਪਰ ਚੋਣਾਂ ਦੇ ਐਨ ਮੌਕੇ 'ਤੇ ਅਜਿਹੀਆਂ ਗ੍ਰਿਫ਼ਤਾਰੀਆਂ ਪਿੱਛੇ ਸਰਗਰਮ ਸਿਆਸੀ ਅਤੇ ਬਾਹਰੀ ਦਬਾਵਾਂ ਦੀ ਨਿਰਪੱਖ ਪੜਤਾਲ ਹੋਣੀ ਲਾਜ਼ਮੀ ਹੈ।

Sikh Foundation Of Milpitas

1180, Cadillac Ct Milpitas Ca 95035

ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਜਿਨ੍ਹਾਂ ਨੇ ਇਸ ਸੰਸਾਰ ਨੂੰ ਨੇਕ ਕਮਾਈ ਕਰਨ ਲਈ ਕੰਮ ਕਿੱਤਾ ਦਿੱਤੇ ਉਥੇ ਇਨਸਾਨ ਨੂੰ ਔਜਾਰ ਵੀ ਦਿੱਤੇ। ਦੁਨੀਆ ਭਰ ਦੇ ਲੋਕ ਕੋਈ ਵੀ ਕੰਮ ਕਰਨ ਵਾਲੇ ਦੀਵਾਲੀ ਤੋਂ ਦੂਸਰੇ ਦਿਨ ਧੰਨ-ਧੰਨ ਬਾਬਾ ਵਿਸ਼ਵਕਰਮਾ ਜੀ ਨੂੰ ਯਾਦ ਕਰਕੇ ਖੁਸ਼ੀਆਂ ਪ੍ਰਾਪਤ ਕਰਦੇ ਹਨ। ਹਰ ਸਾਲ ਦੀ ਤਰ੍ਹਾਂ ਰਾਮਗੜ੍ਹੀਆ ਕਲਚਰਲ ਐਸੋਸੀਏਸ਼ਨ ਇੰਕ ਵਲੋਂ ਧੰਨ ਧੰਨ ਬਾਬਾ ਵਿਸ਼ਵਕਰਮਾ ਜੀ ਦੀ ਨਿੱਘੀ ਅਤੇ ਪਿਆਰੀ ਯਾਦ ਵਿਚ **Sikh Foundation of Milpitas, 1180, Cadillac Ct Milpits CA 95035** ਵਿਖੇ 13, 14, 15 ਨਵੰਬਰ 2026 ਦਿਨ ਸ਼ੁੱਕਰਵਾਰ, ਸ਼ਨੀਵਾਰ ਅਤੇ ਐਤਵਾਰ ਨੂੰ ਸ਼ਰਧਾ ਅਤੇ ਸੇਵਾ ਨਾਲ ਧੰਨ ਧੰਨ ਬਾਬਾ ਵਿਸ਼ਵਕਰਮਾ ਡੇਅ ਮਨਾਇਆ ਜਾ ਰਿਹਾ ਹੈ। ਸਮੂਹ ਸੰਗਤਾਂ ਦੇ ਚਰਨਾਂ ਵਿਚ ਨਿਮਰਤਾ ਸਾਹਿਤ ਬੇਨਤੀ ਹੈ ਕਿ ਸਮੇਤ ਪਰਿਵਾਰ ਤਿੰਨ ਦਿਨ ਹੀ ਹਾਜ਼ਰੀਆਂ ਭਰੋ ਜੀ।

ਆਰੰਭ ਸ੍ਰੀ ਅਖੰਡਪਾਠ ਸਾਹਿਬ
13 ਨਵੰਬਰ 2026 ਦਿਨ ਸ਼ੁੱਕਰਵਾਰ ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
15 ਨਵੰਬਰ 2026 ਦਿਨ ਐਤਵਾਰ ਸਵੇਰੇ 10 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀਏ ਕਥਾਵਾਚਕ ਸਿੱਖ ਸਕਾਲਰ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਪੰਥ ਦਰਦੀ ਹਾਜ਼ਰੀਆਂ ਭਰਨਗੇ।

ਜਾਣਕਾਰੀ ਲਈ ਕਾਲ ਕਰੋ

ਗੁਰਮੀਤ ਸਿੰਘ ਭੋਗਲ	ਦਵਿੰਦਰ ਸਿੰਘ ਚਾਨਾ	ਸੁਖਦੇਵ ਸਿੰਘ ਕਲਸੀ	ਗਿਆਨ ਸਿੰਘ ਸੈਂਬੀ
510-386-2084	510-376-9428	510-304-5062	510-305-1694

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

LAW OFFICES OF EMMANUEL ENYINWA

ESQ, Abogado

☛ ਪੋਲੀਟੀਕਲ ਅਸਾਈਲਮ ☛ Political Asylum
☛ Deportation of Defense ☛ BIA Appeal
☛ 9 Circuit Court ☛ Federal Court
☛ ਗਰੀਨਕਾਰਡ ☛ ਸਿਟੀਜਨਸ਼ਿਪ
☛ Green Card ☛ Citizenship
☛ ਡਾਈਵੋਰਸ ☛ ਸਿਵਲ ਐਂਡ ਕਰੀਮੀਨਲ ਕੇਸ
☛ Divorce ☛ Civil and Criminal Cases
☛ Family Petition Immigration
☛ Travel document ☛ Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਨੋਟ : ਇਥੇ ਸਪੈਨਿਸ ਵੀ ਬੋਲੀ ਜਾਂਦੀ ਹੈ ਅਤੇ ਸਪੈਨਿਸ ਵਿਚ ਲੋਕਾਂ ਦੇ ਕੇਸ ਵੀ ਲਏ ਜਾਂਦੇ ਹਨ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com

All Services Under One Roof

HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111



ਅਮਰੀਕਾ ਵਿਚ ਦੇਸ਼ ਨਿਕਾਲੇ ਦੇ ਡਰੋਂ ਇਲਾਜ ਕਰਵਾਉਣ ਨਾ ਗਈ ਕੈਨੇਡੀਅਨ ਔਰਤ ਦੀ ਮੌਤ

ਨਿਊਯਾਰਕ : ਅਮਰੀਕਾ ਦੇ ਵਾਸ਼ਿੰਗਟਨ ਸੂਬੇ ਵਿਚ ਦੇਸ਼ ਨਿਕਾਲੇ ਦੇ ਡਰ ਕਾਰਨ ਹਸਪਤਾਲ ਜਾਣ ਤੋਂ ਇਨਕਾਰ ਕਰਨ ਵਾਲੀ 61 ਸਾਲਾ ਕੈਨੇਡੀਅਨ ਔਰਤ ਪੇਜ ਐਡਮਸਨ ਦੀ ਮੌਤ ਹੋ ਗਈ। ਉਸ ਦੇ ਪੁੱਤਰ ਡਿਲਨ ਐਡਮਸਨ ਮੁਤਾਬਕ ਉਸ ਦੀ ਮਾਂ ਘਰ ਵਿਚ ਡਿੱਗਣ ਕਾਰਨ ਜ਼ਖ਼ਮੀ ਹੋ ਗਈ ਸੀ ਪਰ ਅਮਰੀਕੀ ਇਮੀਗ੍ਰੇਸ਼ਨ ਅਧਿਕਾਰੀਆਂ ਦੇ ਡਰੋਂ ਉਸ ਨੇ ਇਲਾਜ ਨਹੀਂ ਕਰਵਾਇਆ। ਪੇਜ ਐਡਮਸਨ ਵਾਸ਼ਿੰਗਟਨ ਦੇ ਪੁਆਇੰਟ ਰੌਬਰਟਸ ਇਲਾਕੇ ਵਿਚ ਰਹਿੰਦੀ ਸੀ। ਅਮਰੀਕੀ ਅਧਿਕਾਰੀਆਂ ਨੇ ਉਸ ਖ਼ਿਲਾਫ਼ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕੀਤੀ ਹੋਈ ਸੀ। ਉਸ ਉਤੇ ਦੋਸ਼ ਸੀ ਕਿ ਕੈਨੇਡਾ ਦੀ ਨਾਗਰਿਕ ਹੋਣ ਦੇ ਬਾਵਜੂਦ ਉਸ ਨੇ 2018 ਵਿਚ ਅਮਰੀਕਾ ਦੀ ਸੂਬਾਈ ਚੋਣ ਦੌਰਾਨ ਗੈਰ-ਕਾਨੂੰਨੀ ਢੰਗ ਨਾਲ ਵੋਟ ਪਾਈ ਸੀ। ਪੁੱਤਰ ਨੇ ਦੱਸਿਆ ਕਿ ਉਸ ਦੀ ਮਾਂ ਨੂੰ ਡਰ ਸੀ ਕਿ ਹਸਪਤਾਲ ਜਾਣ ਉਤੇ ਅਧਿਕਾਰੀ ਉਸ ਨੂੰ ਹਿਰਾਸਤ ਵਿਚ ਲੈ ਸਕਦੇ ਹਨ ਜਾਂ ਮੁੜ ਅਮਰੀਕਾ ਵਿਚ ਦਾਖਲ ਹੋਣ ਤੋਂ ਰੋਕ ਸਕਦੇ ਹਨ। ਇਸੇ ਡਰ ਕਾਰਨ ਉਸ ਨੇ ਡਿੱਗਣ ਤੋਂ ਬਾਅਦ ਵੀ ਡਾਕਟਰੀ ਸਹਾਇਤਾ ਲੈਣ ਤੋਂ ਇਨਕਾਰ ਕਰ ਦਿੱਤਾ। ਇਹ ਘਟਨਾ ਅਕਤੂਬਰ ਦੇ ਸ਼ੁਰੂ ਵਿਚ ਵਾਪਰੀ। ਹਾਲਾਂਕਿ, ਔਰਤ ਦੀ ਮੌਤ ਦਾ ਅਸਲ ਕਾਰਨ ਅਤੇ ਸਮੇਂ ਸਿਰ ਇਲਾਜ ਮਿਲਣ ਨਾਲ ਉਸ ਦੀ ਜਾਨ ਬਚ ਸਕਦੀ ਸੀ ਜਾਂ ਨਹੀਂ, ਇਸ ਬਾਰੇ ਹਾਲੇ ਸਪੱਸ਼ਟ ਜਾਣਕਾਰੀ ਨਹੀਂ ਮਿਲੀ। ਇਸ ਘਟਨਾ ਨੇ ਅਮਰੀਕਾ ਵਿਚ ਦੇਸ਼ ਨਿਕਾਲੇ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਵਿਦੇਸ਼ੀ ਨਾਗਰਿਕਾਂ ਦੀਆਂ ਮੁਸ਼ਕਲਾਂ ਅਤੇ ਉਨ੍ਹਾਂ ਵਿਚ ਪੈਦਾ ਹੋ ਰਹੇ ਡਰ ਵੱਲ ਧਿਆਨ ਖਿੱਚਿਆ ਹੈ।

ਡਾ: ਜਸਦੀਪ ਸਿੰਘ 'ਜੱਸੀ' 'ਚੈਂਪੀਅਨ ਆਫ਼ ਇਨਕਲੂਜ਼ਨ ਐਂਡ ਕਮਿਊਨਿਟੀ ਇੰਪੈਕਟ ਐਵਾਰਡ' ਨਾਲ ਸਨਮਾਨਿਤ

ਜਾਰਡੀਨ ਸਪੀਅਰਜ਼ ਔਟਿਜ਼ਮ ਫਾਊਂਡੇਸ਼ਨ ਨੇ ਕੀਤਾ ਡਾ. ਜੈਸੀ ਨੂੰ ਸਨਮਾਨਿਤ

ਵਾਸ਼ਿੰਗਟਨ, (ਰਾਜ ਗੋਗਨਾ) : ਅਮਰੀਕਾ ਵਿੱਚ ਸਮਾਜ ਸੇਵਾ ਅਤੇ ਭਾਈਚਾਰਕ ਭਲਾਈ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਡਾ: ਜਸਦੀਪ ਸਿੰਘ ਜੱਸੀ' ਨੂੰ ਵਿਸ਼ੇਸ਼ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ। 'ਸੈਂਟਰ ਫਾਰ ਸੋਸ਼ਲ ਚੇਂਜ' ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ.ਈ.ਓ.) ਅਤੇ ਅੰਤਰਰਾਸ਼ਟਰੀ ਸਮਾਜ ਸੇਵੀ ਸੰਸਥਾ 'ਸਿੱਖਸ ਆਫ਼ ਅਮਰੀਕਾ' ਦੇ ਚੇਅਰਮੈਨ ਡਾ: ਜੱਸੀ' ਨੂੰ ਇਹ ਸਨਮਾਨ 17 ਜਾਰਜੀਆ ਰਾਜ ਦੇ ਐਟਲਾਂਟਾ ਸ਼ਹਿਰ ਵਿੱਚ ਜਾਰਡੀਨ ਸਪੀਅਰਜ਼ ਔਟਿਜ਼ਮ ਫਾਊਂਡੇਸ਼ਨ ਵੱਲੋਂ ਕਰਵਾਏ ਗਏ ਦੂਜੇ ਸਾਲਾਨਾ 'ਸਨੀਕਰ ਗਾਲਾ' ਸਮਾਗਮ ਦੌਰਾਨ ਦਿੱਤਾ ਗਿਆ। ਉਨਾਂ ਨੂੰ 'ਚੈਂਪੀਅਨ ਆਫ ਇਨਕਲੂਜ਼ਨ ਐਂਡ ਕਮਿਊਨਿਟੀ ਇੰਪੈਕਟ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਡਾ. ਜਸਦੀਪ ਸਿੰਘ ਜੱਸੀ' ਵੱਲੋਂ ਮੈਰੀਲੈਂਡ ਵਿੱਚ 250 ਤੋਂ ਵੱਧ ਅਜਿਹੇ ਪਰਿਵਾਰਾਂ ਦੀ ਸਹਾਇਤਾ ਲਈ ਕੰਮ ਕੀਤਾ ਜਾ ਰਿਹਾ ਹੈ, ਜਿਨਾਂ ਦੇ ਮੈਂਬਰ ਔਟਿਜ਼ਮ ਅਤੇ ਹੋਰ ਵਿਕਾਸ ਸਬੰਧੀ ਦਿਵਿਆਂਗਤਾਵਾਂ ਤੋਂ ਪ੍ਰਭਾਵਿਤ ਹਨ। ਉਨਾਂ ਦੇ ਯਤਨਾਂ ਦਾ ਮੁੱਖ ਉਦੇਸ਼ ਪ੍ਰਭਾਵਿਤ ਵਿਅਕਤੀਆਂ ਨੂੰ ਸਨਮਾਨਜਨਕ ਅਤੇ ਆਤਮ-ਨਿਰਭਰ ਜੀਵਨ ਜਿਊਣ ਦੇ ਮੌਕੇ ਪ੍ਰਦਾਨ ਕਰਨਾ ਅਤੇ ਉਨਾਂ ਨੂੰ ਸਮਾਜ ਦੀ ਮੁੱਖ ਧਾਰਾ ਨਾਲ ਜੋੜਨਾ ਹੈ। ਇਸ ਸਮਾਗਮ ਵਿੱਚ ਕਈ ਰਾਜਨੀਤਿਕ ਆਗੂਆਂ, ਕਾਰੋਬਾਰੀਆਂ ਅਤੇ ਭਾਈਚਾਰਕ ਸ਼ਖਸੀਅਤਾਂ ਨੇ ਸ਼ਮੂਲੀਅਤ ਕੀਤੀ। ਜਦੋਂ ਡਾ: ਜਸਦੀਪ ਸਿੰਘ ਜੱਸੀ' ਸਨਮਾਨ ਪ੍ਰਾਪਤ ਕਰਨ ਲਈ ਮੰਚ 'ਤੇ ਪਹੁੰਚੇ ਤਾਂ ਹਾਜ਼ਰ ਲੋਕਾਂ ਨੇ ਤਾੜੀਆਂ ਨਾਲ ਉਨਾਂ ਦਾ ਭਰਵਾਂ ਸਵਾਗਤ ਕੀਤਾ। ਇਹ ਸਨਮਾਨ ਉਨਾਂ ਦੀ ਸਮਾਜ ਪ੍ਰਤੀ ਵਚਨਬੱਧਤਾ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਵਾਲੇ ਕਾਰਜਾਂ ਦੀ ਮਾਨਤਾ ਵਜੋਂ ਦੇਖਿਆ ਜਾ ਰਿਹਾ ਹੈ। ਇੱਥੇ ਦੱਸਣਯੋਗ ਹੈ ਕਿ ਡਾ. ਜਸਦੀਪ ਸਿੰਘ ਜੱਸੀ' ਸਮਾਜ ਸੇਵਾ ਦੇ ਨਾਲ-ਨਾਲ ਪੰਜਾਬ, ਪੰਜਾਬੀਅਤ ਅਤੇ ਸਿੱਖ ਭਾਈਚਾਰੇ ਨਾਲ ਜੁੜੇ ਮੁੱਦੇ ਵੀ ਲਗਾਤਾਰ ਅਮਰੀਕੀ ਆਗੂਆਂ ਦੇ ਸਾਹਮਣੇ ਉਠਾਉਂਦੇ ਰਹਿੰਦੇ ਹਨ। ਉਹ ਵਿਦੇਸ਼ੀ ਧਰਤੀ 'ਤੇ ਪੰਜਾਬੀ ਭਾਈਚਾਰੇ ਦੀ ਆਵਾਜ਼ ਨੂੰ ਮਜਬੂਤੀ ਨਾਲ ਪੇਸ਼ ਕਰਨ ਲਈ ਯਤਨਸ਼ੀਲ ਰਹਿੰਦੇ ਹਨ ਉਨਾਂ ਦੇ ਕਾਰਜ ਸਿੱਖ ਧਰਮ ਦੇ ਮੂਲ ਸਿਧਾਂਤ 'ਸੇਵਾ' ਦੀ ਭਾਵਨਾ ਨੂੰ ਦਰਸਾਉਂਦੇ ਹਨ। ਬਿਨਾਂ ਕਿਸੇ ਧਾਰਮਿਕ ਜਾਂ ਸੱਭਿਆਚਾਰਕ ਵਖਰੇਵੇਂ ਦੇ ਮਨੁੱਖਤਾ ਦੀ ਭਲਾਈ ਲਈ ਕੰਮ ਕਰਨ ਦਾ ਇਹ ਸੰਦੇਸ਼ ਇਸ ਸਨਮਾਨ ਨੂੰ ਹੋਰ ਵੀ ਮਹੱਤਵਪੂਰਨ ਬਣਾਉਂਦਾ ਹੈ।

ਬੀ. ਬੀ. ਸੀ. ਮਾਮਲੇ ਵਿਚ ਟਰੰਪ ਨੂੰ 11 ਦਸੰਬਰ ਤੱਕ ਬਿਆਨ ਦਰਜ ਕਰਵਾਉਣ ਦੇ ਹੁਕਮ

ਨਿਊਯਾਰਕ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਬਰਤਾਨੀਆ ਦੇ ਪ੍ਰਸਾਰਣ ਅਦਾਰੇ ਬੀ.ਬੀ.ਸੀ. ਖ਼ਿਲਾਫ਼ ਦਾਇਰ ਕੀਤੇ 10 ਅਰਬ ਡਾਲਰ ਦੇ ਮਾਣਹਾਨੀ ਮੁਕੱਦਮੇ ਵਿਚ ਅਦਾਲਤ ਨੇ ਸਖ਼ਤ ਹਦਾਇਤ ਦਿੱਤੀ ਹੈ। ਫਲੋਰੀਡਾ ਦੀ ਸੰਘੀ ਅਦਾਲਤ ਨੇ ਟਰੰਪ ਨੂੰ 11 ਦਸੰਬਰ ਤੱਕ ਵਕੀਲਾਂ ਸਾਹਮਣੇ ਆਪਣਾ ਬਿਆਨ ਦਰਜ ਕਰਵਾਉਣ ਲਈ ਕਿਹਾ ਹੈ। ਜੱਜ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਅਦਾਲਤੀ ਹੁਕਮਾਂ ਦੀ ਪਾਲਣਾ ਨਹੀਂ ਕਰਦੇ ਤਾਂ ਉਨ੍ਹਾਂ ਵਲੋਂ ਦਾਇਰ ਕੀਤਾ ਮੁਕੱਦਮਾ ਖਾਰਜ ਵੀ ਹੋ ਸਕਦਾ ਹੈ। ਮਿਆਮੀ ਦੀ ਸੰਘੀ ਜੱਜ ਐਂਜੋਲਿਕ ਲੈਂਟ ਨੇ ਸੁਣਵਾਈ ਦੌਰਾਨ ਟਰੰਪ ਦੇ ਵਕੀਲਾਂ ਵਲੋਂ ਲੋੜੀਂਦੇ ਦਸਤਾਵੇਜ਼ ਪੇਸ਼ ਕਰਨ ਵਿਚ ਹੋ ਰਹੀ ਦੇਰੀ ਉਤੇ ਨਾਰਾਜ਼ਗੀ ਜਤਾਈ। ਜੱਜ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦਾ ਭਰੋਸਾ ਨਹੀਂ ਹੋਇਆ ਕਿ ਟਰੰਪ ਦੀ ਕਾਨੂੰਨੀ ਟੀਮ ਨੇ ਮਾਮਲੇ ਨਾਲ ਸੰਬੰਧਿਤ ਸਾਰੇ ਦਸਤਾਵੇਜ਼ ਲੱਭਣ ਲਈ ਪੂਰੀ ਕੋਸ਼ਿਸ਼ ਕੀਤੀ ਹੈ।ਟਰੰਪ ਦਾ ਬਿਆਨ ਪਹਿਲਾਂ 16 ਅਕਤੂਬਰ ਨੂੰ ਦਰਜ ਹੋਣਾ ਸੀ ਪਰ ਉਨ੍ਹਾਂ ਦੇ ਵਕੀਲਾਂ ਨੇ ਕੌਮੀ ਮਹੱਤਵ ਦੇ ਕੰਮਾਂ ਦਾ ਹਵਾਲਾ ਦੇ ਕੇ ਤੈਅ ਸਮਾਂ ਰੱਦ ਕਰਵਾ ਦਿੱਤਾ ਸੀ। ਉਨ੍ਹਾਂ ਨੇ ਈਰਾਨ ਨਾਲ ਜੰਗ, ਮੱਧ ਪੂਰਬ ਦੇ ਤਣਾਅ, ਰੂਸ-ਯੂਕਰੇਨ ਜੰਗ ਅਤੇ ਅਮਰੀਕਾ ਦੀ ਸੁਰੱਖਿਆ ਨਾਲ ਜੁੜੀਆਂ ਜ਼ਿੰਮੇਵਾਰੀਆਂ ਦਾ ਜ਼ਿਕਰ ਕੀਤਾ। ਇਹ ਮਾਮਲਾ ਬੀ.ਬੀ.ਸੀ. ਵਲੋਂ 2024 ਦੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਦਿਖਾਈ ਗਈ ਇਕ ਦਸਤਾਵੇਜ਼ੀ ਫਿਲਮ ਨਾਲ ਜੁੜਿਆ ਹੈ। ਇਸ ਵਿਚ 6 ਜਨਵਰੀ 2021 ਨੂੰ ਅਮਰੀਕੀ ਸੰਸਦ ਭਵਨ ਉਤੇ ਹੋਏ ਹਮਲੇ ਤੋਂ ਪਹਿਲਾਂ ਟਰੰਪ ਵਲੋਂ ਦਿੱਤੇ ਭਾਸ਼ਣ ਦੇ ਵੱਖ-ਵੱਖ ਹਿੱਸਿਆਂ ਨੂੰ ਜੋੜ ਕੇ ਪੇਸ਼ ਕੀਤਾ ਗਿਆ ਸੀ। ਟਰੰਪ ਦਾ ਦੋਸ਼ ਹੈ ਕਿ ਇਸ ਤਰ੍ਹਾਂ ਭਾਸ਼ਣ ਦਿਖਾਉਣ ਨਾਲ ਲੋਕਾਂ ਵਿਚ ਇਹ ਗਲਤ ਪ੍ਰਭਾਵ ਪੈਦਾ ਹੋਇਆ ਕਿ ਉਨ੍ਹਾਂ ਨੇ ਆਪਣੇ ਸਮਰਥਕਾਂ ਨੂੰ ਸੰਸਦ ਭਵਨ ਉਤੇ ਹਮਲਾ ਕਰਨ ਲਈ ਉਕਸਾਇਆ ਸੀ। ਉਨ੍ਹਾਂ ਮੁਤਾਬਕ ਭਾਸ਼ਣ ਦਾ ਉਹ ਹਿੱਸਾ ਹਟਾ ਦਿੱਤਾ ਗਿਆ, ਜਿਸ ਵਿਚ ਉਨ੍ਹਾਂ ਨੇ ਸਮਰਥਕਾਂ ਨੂੰ ਸ਼ਾਂਤੀਪੂਰਵਕ ਸੰਸਦ ਵੱਲ ਜਾਣ ਲਈ ਕਿਹਾ ਸੀ।

ਡੋਨਾਲਡ ਟਰੰਪ ਨੇ ਬ੍ਰਾਜ਼ੀਲ ਦੀਆਂ ਰਾਸ਼ਟਰਪਤੀ ਚੋਣਾਂ 'ਚ ਲਗਾਇਆ 'ਧੋਖਾਧੜੀ' ਦਾ ਦੋਸ਼

ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੋਸ਼ ਲਗਾਇਆ ਹੈ ਕਿ ਬ੍ਰਾਜ਼ੀਲ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਦੀ ਜਿੱਤ 'ਧੋਖਾਧੜੀ' ਦਾ ਨਤੀਜਾ ਸੀ। ਹਾਲਾਂਕਿ ਟਰੰਪ ਨੇ ਆਪਣੇ ਦੋਸ਼ਾਂ ਦੇ ਸਮਰਥਨ ਵਿੱਚ ਕੋਈ ਸਬੂਤ ਪੇਸ਼ ਨਹੀਂ ਕੀਤੇ। ਟਰੰਪ ਨੇ ਮਿਸੀਸਿਪੀ ਵਿੱਚ ਇੱਕ ਰੈਲੀ ਲਈ ਰਵਾਨਾ ਹੋਣ ਤੋਂ ਪਹਿਲਾਂ ਪੱਤਰਕਾਰਾਂ ਨੂੰ ਕਿਹਾ, 'ਚੋਣਾਂ ਨਿਰਵਿਵਾਦ ਹੋਣੀਆਂ ਚਾਹੀਦੀਆਂ ਹਨ, ਪਰ ਮੈਂ ਇਨ੍ਹਾਂ ਚੋਣਾਂ ਵਿੱਚ ਬੇਨਿਯਮੀਆਂ ਦੇਖਦਾ ਹਾਂ। ਵੋਟਾਂ ਦੀ ਗਿਣਤੀ ਜਿਸ ਤਰੀਕੇ ਨਾਲ ਕੀਤੀ ਗਈ, ਉਹ ਸਵਾਲ ਖੜ੍ਹੇ ਕਰਦਾ ਹੈ। ਸਪੱਸ਼ਟ ਸ਼ਬਦਾਂ ਵਿੱਚ ਕਹੀਏ ਤਾਂ, ਇਹ ਇੱਕ ਹੋਰ ਧੋਖਾਧੜੀ ਵਾਲੀ ਚੋਣ ਜਾਪਦੀ ਹੈ।'

ਬ੍ਰਾਜ਼ੀਲ ਦੀਆਂ ਰਾਸ਼ਟਰਪਤੀ ਚੋਣਾਂ ਦੇ ਦੂਜੇ ਦੌਰ ਵਿੱਚ ਲੂਲਾ ਡਾ ਸਿਲਵਾ ਦੀ ਸੱਤਾ ਵਿੱਚ ਵਾਪਸੀ ਵਿਚ ਪਹਿਲੀ ਵੱਡੀ ਰੁਕਾਵਟ ਉਦੋਂ ਸਾਹਮਣੇ ਆਈ, ਜਦੋਂ ਉਨ੍ਹਾਂ ਦੇ ਵਿਰੋਧੀ, ਸੈਨੇਟਰ ਫਲਾਵੀਓ ਬੋਲਸੋਨਾਰੋ ਨੇ ਨਤੀਜਿਆਂ ਨੂੰ ਚੁਣੌਤੀ ਦਿੱਤੀ। ਇਸ ਵਿਕਾਸ ਨੇ ਦੇਸ਼ ਦੀਆਂ ਦੋ ਧਰੁਵੀ ਰਾਜਨੀਤਿਕ ਤਾਕਤਾਂ ਵਿਚਕਾਰ ਇੱਕ ਵਾਰ ਫਿਰ ਤਿੱਖੇ ਟਕਰਾਅ ਦੀ ਸੰਭਾਵਨਾ ਵਧਾ ਦਿੱਤੀ ਹੈ। ਬੋਲਸੋਨਾਰੋ ਨੇ ਐਤਵਾਰ ਨੂੰ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਉਹ ਦੋਵਾਂ ਉਮੀਦਵਾਰਾਂ ਦੀ ਬੇਨਤੀ 'ਤੇ ਵੋਟਿੰਗ ਦਾ ਸਮਾਂ ਵਧਾਉਣ ਤੋਂ ਬਾਅਦ ਪੈਦਾ ਹੋਈ ਹਫੜਾ-ਦਫੜੀ ਕਾਰਨ ਚੋਣ ਨੂੰ ਰੱਦ ਕਰਨ ਲਈ ਅਦਾਲਤ ਨੂੰ ਅਪੀਲ ਕਰਨਗੇ। ਹਾਲਾਂਕਿ, ਇਹ ਸਪੱਸ਼ਟ ਨਹੀਂ ਹੈ ਕਿ ਉਨ੍ਹਾਂ ਕੋਲ ਰੱਦ ਕਰਨ ਦੀ ਮੰਗ ਦਾ ਸਮਰਥਨ ਕਰਨ ਲਈ ਕਿਹੜੇ ਕਾਨੂੰਨੀ ਵਿਕਲਪ ਉਪਲਬਧ ਹਨ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਇੱਕ ਕੱਟੜ ਆਲੋਚਕ ਲੂਲਾ ਡਾ ਸਿਲਵਾ 5 ਜਨਵਰੀ, 2027 ਨੂੰ ਚੌਥੇ ਕਾਰਜਕਾਲ ਲਈ ਸਹੁੰ ਚੁੱਕ ਸਕਦੇ ਹਨ। 100 ਪ੍ਰਤੀਸ਼ਤ ਵੋਟਾਂ ਦੀ ਗਿਣਤੀ ਤੋਂ ਬਾਅਦ, ਬ੍ਰਾਜ਼ੀਲ ਦੀ ਚੋਣ ਅਦਾਲਤ ਨੇ ਐਲਾਨ ਕੀਤਾ ਕਿ ਲੂਲਾ ਨੂੰ ਆਪਣੇ ਵਿਰੋਧੀ ਬੋਲਸੋਨਾਰੋ 'ਤੇ ਲਗਭਗ 4.4 ਮਿਲੀਅਨ ਵੋਟਾਂ ਦੀ ਫੈਸਲਾਕੁੰਨ ਲੀਡ ਪ੍ਰਾਪਤ ਹੋਈ। ਲੂਲਾ ਨੂੰ ਕੁੱਲ ਵੋਟਾਂ ਦਾ 51.8 ਪ੍ਰਤੀਸ਼ਤ ਮਿਲਿਆ।

ਭਾਰਤ ਤੋਂ ਅਮਰੀਕਾ ਪਰਤ ਰਹੇ ਭਾਰਤੀ ਇੰਜੀਨੀਅਰ ਨੂੰ ਜਹਾਜ਼ ਵਿਚ ਚੜ੍ਹਨ ਤੋਂ ਰੋਕਿਆ

ਨਿਊਯਾਰਕ : ਅਮਰੀਕਾ ਦੇ ਬਾਲਟੀਮੋਰ ਵਿਚ 6 ਮਜ਼ਦੂਰਾਂ ਦੀ ਜਾਨ ਲੈਣ ਵਾਲੇ ਪੁਲ ਹਾਦਸੇ ਨਾਲ ਜੁੜੇ ਭਾਰਤੀ ਇੰਜੀਨੀਅਰ ਕਾਰਤੀਕੇਅਨ ਦੀਨਦਿਆਲਨ ਨੂੰ ਭਾਰਤ ਤੋਂ ਅਮਰੀਕਾ ਵਾਪਸ ਆਉਂਦੇ ਸਮੇਂ ਜਹਾਜ਼ ਵਿਚ ਚੜ੍ਹਨ ਤੋਂ ਰੋਕ ਦਿੱਤਾ ਗਿਆ। ਹੈਰਾਨੀ ਦੀ ਗੱਲ ਇਹ ਹੈ ਕਿ ਅਮਰੀਕੀ ਅਦਾਲਤ ਨੇ ਉਸ ਨੂੰ ਪਰਿਵਾਰ ਨਾਲ ਮਿਲਣ ਲਈ ਭਾਰਤ ਜਾਣ ਦੀ ਇਜਾਜ਼ਤ ਦਿੱਤੀ ਸੀ, ਜਦਕਿ ਅਦਾਲਤੀ ਸ਼ਰਤਾਂ ਅਨੁਸਾਰ ਉਸ ਨੂੰ 19 ਅਕਤੂਬਰ ਤੱਕ ਬਾਲਟੀਮੋਰ ਪਰਤਣਾ ਵੀ ਲਾਜ਼ਮੀ ਸੀ। ਕਾਰਤੀਕੇਅਨ ਦੀਨਦਿਆਲਨ ਮਾਲਵਾਹਕ ਜਹਾਜ਼ 'ਡਾਲੀ' ਦੇ ਮੁੱਖ ਇੰਜੀਨੀਅਰ ਸਨ। ਇਹ ਉਹੀ ਜਹਾਜ਼ ਸੀ, ਜੋ 26 ਮਾਰਚ 2024 ਨੂੰ ਬਿਜਲੀ ਸਪਲਾਈ ਬੰਦ ਹੋਣ ਤੋਂ ਬਾਅਦ ਬਾਲਟੀਮੋਰ ਦੇ ਫਰਾਂਸਿਸ ਸਕਾਟ ਕੀ ਪੁਲ ਨਾਲ ਟਕਰਾ ਗਿਆ ਸੀ। ਟੱਕਰ ਕਾਰਨ ਪੁਲ ਢਹਿ ਗਿਆ ਅਤੇ ਸੜਕ ਦੀ ਮੁਰੰਮਤ ਕਰ ਰਹੇ 6 ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਦੀਨਦਿਆਲਨ ਜਨਵਰੀ 2024 ਤੋਂ ਆਪਣੇ ਪਰਿਵਾਰ ਕੋਲ ਭਾਰਤ ਨਹੀਂ ਜਾ ਸਕਿਆ ਸੀ। ਅਦਾਲਤ ਦੀ ਮਨਜ਼ੂਰੀ ਮਿਲਣ ਤੋਂ ਬਾਅਦ ਉਹ ਕਰੀਬ ਇਕ ਮਹੀਨਾ ਆਪਣੇ ਪਰਿਵਾਰ ਨਾਲ ਰਿਹਾ। ਉਸ ਦੀ ਪਤਨੀ ਅਤੇ 9 ਤੇ 13 ਸਾਲ ਦੇ ਦੋ ਬੱਚੇ ਭਾਰਤ ਵਿਚ ਰਹਿੰਦੇ ਹਨ। ਵਾਪਸੀ ਲਈ ਐਤਵਾਰ ਨੂੰ ਉਹ ਚੇਨਈ ਹਵਾਈ ਅੱਡੇ ਪਹੁੰਚਿਆ, ਜਿਥੋਂ ਉਸ ਨੇ ਅਮੀਰਾਤ ਏਅਰਲਾਈਨਜ਼ ਰਾਹੀਂ ਦੁਬਈ ਹੁੰਦੇ ਹੋਏ ਅਮਰੀਕਾ ਜਾਣਾ ਸੀ। ਉਸ ਕੋਲ ਅਮਰੀਕੀ ਸਰਕਾਰ ਵਲੋਂ ਦਿੱਤਾ ਗਿਆ ਇਕ ਅਧਿਕਾਰਤ ਪੱਤਰ ਵੀ ਸੀ ਪਰ ਇਸ ਦੇ ਬਾਵਜੂਦ ਏਅਰਲਾਈਨਜ਼ ਨੇ ਉਸ ਨੂੰ ਜਹਾਜ਼ ਵਿਚ ਸਵਾਰ ਨਹੀਂ ਹੋਣ ਦਿੱਤਾ।

ਫਰਿਜ਼ਨੋ ਪੁਲਿਸ ਮੁਖੀ ਮਿੰਡੀ ਕਾਸਟੋ ਨੇ ਨੈਣਦੀਪ ਸਿੰਘ ਚੰਨ ਤੋਂ ਮੰਗੀ ਮੁਆਫ਼ੀ

ਫਰਿਜ਼ਨੋ/ਕੈਲੀਫੋਰਨੀਆ, (ਗੁਰਿੰਦਰਜੀਤ ਨੀਟਾ ਮਾਛੀਕੇ) : ਫਰਿਜ਼ਨੋ ਸਿਟੀ ਕੌਂਸਲ ਦੀ ਚੋਣ ਲੜ ਰਹੇ ਪੰਜਾਬੀ ਮੂਲ ਦੇ ਉਮੀਦਵਾਰ ਨੈਣਦੀਪ ਸਿੰਘ ਚੰਨ ਦੀ ਗ੍ਰਿਫ਼ਤਾਰੀ ਨਾਲ ਜੁੜੇ ਮਾਮਲੇ ਵਿੱਚ ਇੱਕ ਨਵਾਂ ਮੋੜ ਸਾਹਮਣੇ ਆਇਆ ਹੈ। ਸਾਹਮਣੇ ਆਈ ਜਾਣਕਾਰੀ ਅਨੁਸਾਰ ਫਰਿਜ਼ਨੋ ਪੁਲਸ ਮੁਖੀ ਮਿੰਡੀ ਕਾਸਟੋ ਨੇ ਮੰਗਲਵਾਰ ਰਾਤ ਐਲਾਨ ਕੀਤਾ ਕਿ ਨੈਣਦੀਪ ਸਿੰਘ ਚੰਨ ਦੀ ਟੈਕਸੀਕੋਲੋਜੀ ਰਿਪੋਰਟ ਵਿੱਚ ਕਿਸੇ ਵੀ ਨਸ਼ੀਲੇ ਪਦਾਰਥ ਦੀ ਮੌਜੂਦਗੀ ਨਹੀਂ ਪਾਈ ਗਈ।

ਜਾਣਕਾਰੀ ਮੁਤਾਬਕ ਪੁਲਸ ਮੁਖੀ ਮਿੰਡੀ ਕਾਸਟੋ ਨੇ ਦੱਸਿਆ ਕਿ ਉਨ੍ਹਾਂ ਨੇ ਨੈਣਦੀਪ ਸਿੰਘ ਚੰਨ ਨਾਲ ਖ਼ੁਦ ਫ਼ੋਨ 'ਤੇ ਗੱਲਬਾਤ ਕਰਕੇ ਗ੍ਰਿਫ਼ਤਾਰੀ ਕਾਰਨ ਉਨ੍ਹਾਂ ਨੂੰ ਹੋਈ ਪ੍ਰੇਸ਼ਾਨੀ ਅਤੇ ਅਸੁਵਿਧਾ ਲਈ ਮੁਆਫ਼ੀ ਮੰਗੀ ਹੈ।ਇਸ ਦੇ ਨਾਲ ਹੀ ਪੁਲਸ ਮੁਖੀ ਨੇ ਇਹ ਵੀ ਐਲਾਨ ਕੀਤਾ ਕਿ ਪੁਲਸ ਵਿਭਾਗ ਵੱਲੋਂ ਨੈਣਦੀਪ ਸਿੰਘ ਚੰਨ ਦੀ ਗੱਡੀ ਨੂੰ ਟੋਅ ਕਰਨ ਅਤੇ ਜ਼ਬਤ ਕਰਕੇ ਰੱਖਣ ਦੇ ਸਬੰਧ ਵਿੱਚ ਲਏ ਗਏ ਖਰਚੇ ਵੀ ਵਾਪਸ ਕੀਤੇ ਜਾਣਗੇ। ਇਸ ਘਟਨਾਕ੍ਰਮ ਤੋਂ ਬਾਅਦ ਨੈਣਦੀਪ ਸਿੰਘ ਚੰਨ ਦੀ ਗ੍ਰਿਫ਼ਤਾਰੀ ਅਤੇ ਇਸ ਨਾਲ ਜੁੜੀ ਪੁਲਸ ਕਾਰਵਾਈ ਇੱਕ ਵਾਰ ਫਿਰ ਚਰਚਾ ਦਾ ਵਿਸ਼ਾ ਬਣ ਗਈ ਹੈ। ਨਸ਼ੀਲੇ ਪਦਾਰਥਾਂ

ਬਿਆਨਬਾਜ਼ੀ ਦੀ ਮਰਿਆਦਾ

ਦੇਸ਼ ਦੇ ਸਿਆਸੀ ਮੰਚ 'ਤੇ ਜਿਸ ਤਰ੍ਹਾਂ ਦਾ ਮਾਹੌਲ ਬਣਦਾ ਜਾ ਰਿਹਾ ਹੈ, ਉਹ ਚਿੰਤਾ ਪੈਦਾ ਕਰਨ ਵਾਲਾ ਹੈ। ਕਈ ਤਰ੍ਹਾਂ ਦੀਆਂ ਹੋ ਰਹੀਆਂ ਕਾਰਵਾਈਆਂ ਤੋਂ ਇਲਾਵਾ ਛੋਟੇ-ਵੱਡੇ ਆਗੂਆਂ ਵਲੋਂ ਆਪਣੇ ਵਿਰੋਧੀਆਂ ਖ਼ਿਲਾਫ਼ ਕਈ ਵਾਰ ਇਸ ਤਰ੍ਹਾਂ ਦੀ ਬਿਆਨਬਾਜ਼ੀ ਕੀਤੀ ਜਾਣ ਲੱਗੀ ਹੈ, ਜੋ ਮਰਿਆਦਾ ਦੀਆਂ ਹੱਦਾਂ ਟੱਪ ਜਾਂਦੀ ਹੈ। ਲੋਕਤੰਤਰ ਵਿਚ ਆਪਸੀ ਵਿਚਾਰਧਾਰਕ ਵਿਰੋਧ ਹੋਣਾ ਕੁਦਰਤੀ ਹੈ ਪਰ ਜੇ ਅਜਿਹਾ ਵਿਰੋਧ ਨਫ਼ਰਤ ਅਤੇ ਦੁਸ਼ਮਣੀ ਵਿਚ ਬਦਲਦਾ ਦਿਖਾਈ ਦੇਵੇ ਤਾਂ ਉਹ ਇਸ ਪੂਰੇ ਪ੍ਰਬੰਧ ਲਈ ਘਾਤਕ ਸਾਬਤ ਹੋ ਸਕਦਾ ਹੈ। ਹੇਠਲੀ ਪੱਧਰ 'ਤੇ ਤਾਂ ਬਹੁਤੀ ਵਾਰ ਅਜਿਹਾ ਕੁਝ ਦਿਖਾਈ ਦਿੰਦਾ ਹੈ ਪਰ ਜੇਕਰ ਇਹ ਉਪਰਲੀ ਪੱਧਰ ਤੱਕ ਪਹੁੰਚ ਜਾਏ ਅਤੇ ਅਜਿਹੇ ਦ੍ਰਿਸ਼ ਅਕਸਰ ਦੇਖਣ ਨੂੰ ਮਿਲਣ ਲੱਗ ਪੈਣ ਤਾਂ ਇਹ ਪੂਰੇ ਸਿਆਸੀ ਪ੍ਰਬੰਧ ਲਈ ਹੀ ਨੁਕਸਾਨਦੇਹ ਸਾਬਿਤ ਨਹੀਂ ਹੋਣਗੇ, ਸਗੋਂ ਸਮੁੱਚੇ ਤਾਣੇ-ਬਾਣੇ 'ਤੇ ਇਸ ਦਾ ਅਸਰ ਪ੍ਰਤੱਖ ਰੂਪ ਵਿਚ ਦੇਖਿਆ ਜਾਣ ਲੱਗੇਗਾ। ਇਸ ਸੰਬੰਧੀ ਵੱਡਾ ਵਿਵਾਦ ਉਸ ਸਮੇਂ ਵੀ ਪੈਦਾ ਹੁੰਦਾ ਹੈ, ਜਦੋਂ ਵੱਡੇ ਆਗੂ ਜ਼ਾਬਤੇ ਤੋਂ ਬਾਹਰ ਹੋ ਜਾਂਦੇ ਹਨ। ਅਜਿਹਾ ਕੁਝ ਲਗਭਗ ਸਾਰੀਆਂ ਹੀ ਪਾਰਟੀਆਂ ਦੇ ਵੱਡੇ-ਛੋਟੇ ਆਗੂਆਂ ਵਲੋਂ ਕੀਤਾ ਜਾਂਦਾ ਰਿਹਾ ਹੈ।

ਪਿਛਲੇ ਲੰਮੇ ਸਮੇਂ ਤੋਂ 'ਵੋਟ ਚੋਰੀ' ਦੇ ਮਸਲੇ 'ਤੇ ਜਿਸ ਕਦਰ ਬਹੁਤ ਵਾਰੀ ਆਪੇ ਤੋਂ ਬਾਹਰ ਹੁੰਦਿਆਂ ਵੱਡੇ ਕਾਂਗਰਸੀ ਆਗੂ ਰਾਹੁਲ ਗਾਂਧੀ ਵਲੋਂ ਬਿਆਨਬਾਜ਼ੀ ਕੀਤੀ ਜਾਂਦੀ ਰਹੀ ਹੈ, ਉਹ ਕਈ ਵਾਰ ਮਰਿਆਦਾ ਤੋਂ ਬਾਹਰ ਜਾਂਦੀ ਦਿਖਾਈ ਤਾਂ ਦਿੰਦੀ ਹੀ ਹੈ ਪਰ ਉਸ ਤੋਂ ਉਨ੍ਹਾਂ ਅੰਦਰ ਪੈਦਾ ਹੋ ਰਹੀ ਬੌਖਲਾਹਟ ਦਾ ਵੀ ਭਲੀ-ਭਾਂਤ ਪਤਾ ਚਲ ਜਾਂਦਾ ਹੈ। ਪਿਛਲੇ ਲਗਭਗ 12 ਸਾਲ ਤੋਂ ਕਾਂਗਰਸ ਨੂੰ ਪਾਰਟੀ ਦੇ ਤੌਰ 'ਤੇ ਵੱਡੀਆਂ ਅਜਿਹੀਆਂ ਸਿਆਸੀ ਹਾਰਾਂ ਦਾ ਮੂੰਹ ਦੇਖਣਾ ਪਿਆ ਹੈ, ਜਿਸ ਦੀ ਉਨ੍ਹਾਂ ਨੂੰ ਉਮੀਦ ਨਹੀਂ ਸੀ, ਜਿਸ ਕਾਰਨ ਉਹ ਹਰ ਹੀਲੇ-ਵਸੀਲੇ ਆਪਣੀ ਹੋਂਦ ਨੂੰ ਬਰਕਰਾਰ ਰੱਖਣ ਲਈ ਕਾਹਲੇ ਪਏ ਦਿਖਾਈ ਦਿੰਦੇ ਹਨ ਪਰ ਜਿਸ ਤਰ੍ਹਾਂ ਦਾ ਵਤੀਰਾ ਵੱਡੇ ਕਾਂਗਰਸੀ ਆਗੂਆਂ ਨੇ ਧਾਰਨ ਕਰ ਲਿਆ ਹੈ, ਉਸ ਤੋਂ ਉਨ੍ਹਾਂ ਨੂੰ ਕੋਈ ਵੱਡੀ ਪ੍ਰਾਪਤੀ ਨਾ ਹੁੰਦੀ ਦਿਖਾਈ ਦੇਣ ਨਾਲ ਉਨ੍ਹਾਂ ਦੀ ਨਿਰਾਸ਼ਾ ਸਿਰ ਚੜ੍ਹ ਕੇ ਬੋਲਦੀ ਨਜ਼ਰ ਆ ਰਹੀ ਹੈ। ਇਸੇ ਹੀ ਕੜੀ ਵਿਚ ਮਲਿਕਅਰਜੁਨ ਖੜਗੇ ਵਲੋਂ ਦਿਖਾਈ ਗਈ ਬੌਖਲਾਹਟ ਨੂੰ ਦੇਖਿਆ ਜਾ ਸਕਦਾ ਹੈ। ਖੜਗੇ ਪਾਰਟੀ ਦੇ ਵੱਡੇ ਆਗੂ ਹੀ ਨਹੀਂ, ਸਗੋਂ ਉਨ੍ਹਾਂ ਨੂੰ ਸੁਲਝੇ ਅਤੇ ਸਿਆਣੇ ਨੇਤਾ ਵੀ ਮੰਨਿਆ ਜਾਂਦਾ ਹੈ ਪਰ ਇਸ ਦੇ ਨਾਲ ਹੀ ਇਹ ਵੀ ਦੇਖਿਆ ਗਿਆ ਹੈ ਕਿ ਉਹ ਕਈ ਵਾਰ ਆਪੇ ਤੋਂ ਬਾਹਰ ਹੋ ਕੇ ਬਿਆਨਬਾਜ਼ੀ ਕਰਦੇ ਨਜ਼ਰ ਆਉਂਦੇ ਹਨ।

ਪਿਛਲੇ ਦਿਨੀਂ ਬਿਹਾਰ ਦੀ ਰਾਜਧਾਨੀ ਪਟਨਾ ਵਿਚ ਇਕ ਸਮਾਗਮ ਵਿਚ ਬੋਲਦਿਆਂ ਜਦੋਂ ਉਨ੍ਹਾਂ ਕਿਹਾ ਕਿ ਕਾਂਗਰਸ ਐਸ.ਆਈ.ਆਰ. ਪ੍ਰਕਿਰਿਆ ਵਿਚ ਕਥਿਤ ਗੜਬੜੀਆਂ ਵਿਚ ਸ਼ਾਮਿਲ ਲੋਕਾਂ ਨੂੰ ਜੇਲ੍ਹਾਂ ਵਿਚ ਭੇਜੇਗੀ ਤਾਂ ਸਭਾ ਵਿਚ ਮੌਜੂਦ ਇਕ ਵਿਅਕਤੀ ਨੇ ਕਿਹਾ ਕਿ ਮੋਦੀ ਹਾਲੇ ਨਹੀਂ ਜਾਣਗੇ। ਇਸ 'ਤੇ ਖੜਗੇ ਨੇ ਤਿਲਮਿਲਾ ਕੇ ਮੰਚ ਤੋਂ ਤਿੰਨ ਵਾਰ ਇਹ ਕਿਹਾ ਕਿ 'ਮੋਦੀ ਹੀ ਨਹੀਂ ਉਸ ਦਾ ਬਾਪ ਵੀ ਜਾਏਗਾ'। ਦੇਸ਼ ਦੇ ਪ੍ਰਧਾਨ ਮੰਤਰੀ ਦੇ ਸਵਰਗੀ ਪਿਤਾ ਸੰਬੰਧੀ ਵਰਤੀ ਗਈ ਅਜਿਹੀ ਸ਼ਬਦਾਵਲੀ ਕਿਸੇ ਵੀ ਤਰ੍ਹਾਂ ਸ਼ੋਭਨੀ ਨਹੀਂ ਕਹੀ ਜਾ ਸਕਦੀ। ਇਸ ਨਾਲ ਜਿੱਥੇ ਸਿਆਸੀ ਪਾਰਟੀਆਂ ਅੰਦਰ ਕੜਵਾਹਟ ਵਧਦੀ ਹੈ, ਉੱਥੇ ਹੇਠਲੇ ਪੱਧਰ ਤੱਕ ਵੀ ਅਜਿਹਾ-ਮਾਹੌਲ ਪੈਦਾ ਹੋ ਜਾਂਦਾ ਹੈ। ਇਸ ਸੰਬੰਧੀ ਵੱਡੇ ਭਾਜਪਾ ਆਗੂਆਂ ਨੇ ਸਖ਼ਤ ਇਤਰਾਜ਼ ਪ੍ਰਗਟਾਇਆ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਤਾਂ ਕਿਹਾ ਹੈ ਕਿ ਜਦੋਂ ਕਿਸੇ ਪਾਰਟੀ ਦਾ ਕੋਈ ਵੱਡਾ ਆਗੂ ਹੀ ਭਾਸ਼ਾ ਦੀ ਮਰਿਆਦਾ ਭੁੱਲ ਜਾਂਦਾ ਹੈ ਤਾਂ ਉਸ ਦੇ ਵਰਕਰਾਂ ਤੋਂ ਕਿਸ ਤਰ੍ਹਾਂ ਸਲੀਕੇ ਦੀ ਆਸ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਲੋਕਤੰਤਰ ਵਿਚ ਵਿਰੋਧ ਕਰੋ, ਨੀਤੀਆਂ 'ਤੇ ਸਵਾਲ ਉਠਾਓ, ਸਰਕਾਰ ਦੀ ਆਲੋਚਨਾ ਕਰੋ ਪਰ ਵਿਅਕਤੀਗਤ ਮਰਿਆਦਾ ਦੀ ਉਲੰਘਣਾ ਨਹੀਂ ਕੀਤੀ ਜਾਣੀ ਚਾਹੀਦੀ।

ਬਿਨਾਂ ਸ਼ੱਕ ਸਿਆਸੀ ਪਾਰਟੀਆਂ ਦੇ ਛੋਟੇ-ਵੱਡੇ ਆਗੂਆਂ ਵਲੋਂ ਅਜਿਹੀ ਬਿਆਨਬਾਜ਼ੀ ਦੇਸ਼ ਦੇ ਮਾਹੌਲ ਨੂੰ ਹੋਰ ਵੀ ਗੰਦਲਾ ਕਰਨ ਵਿਚ ਸਹਾਈ ਹੋ ਸਕਦੀ ਹੈ, ਜਿਸ ਤੋਂ ਸਾਰੀਆਂ ਪਾਰਟੀਆਂ ਨੂੰ ਸੁਚੇਤ ਹੋਣ ਦੀ ਜ਼ਰੂਰਤ ਹੋਵੇਗੀ। ਪੰਜਾਬ ਵਿਚ ਵੀ ਪਿਛਲੇ ਸਮੇਂ ਤੋਂ ਇਕ-ਦੂਸਰੇ ਵਿਰੁੱਧ ਨਿੱਜੀ ਕੁੜੱਤਣਾਂ ਪੈਦਾ ਕਰਨ ਵਾਲੀ ਕੀਤੀ ਜਾ ਰਹੀ ਬਿਆਨਬਾਜ਼ੀ ਨੇ ਮਾਹੌਲ ਵਿਚ ਪਹਿਲਾਂ ਹੀ ਬੇਹੱਦ ਭੜਕਾਹਟ ਪੈਦਾ ਕੀਤੀ ਹੋਈ ਹੈ ਤੇ ਹੁਣ ਜਦੋਂ ਚੋਣਾਂ ਨੇੜੇ ਆ ਰਹੀਆਂ ਹਨ ਤਾਂ ਅਜਿਹੀ ਭੜਕਾਹਟ ਸੂਬੇ ਲਈ ਹੋਰ ਵੀ ਨੁਕਸਾਨਦੇਹ ਸਾਬਿਤ ਹੋ ਸਕਦੀ ਹੈ। ਅਸੀਂ ਸਾਰੇ ਹੀ ਵੱਡੇ-ਛੋਟੇ ਆਗੂਆਂ ਨੂੰ ਇਸ ਪੱਖ ਤੋਂ ਇਕ ਮਿਆਰ ਵਿਚ ਰਹਿ ਕੇ ਬਿਆਨਬਾਜ਼ੀ ਅਤੇ ਅਮਲ ਕਰਨ ਦੀ ਅਪੀਲ ਕਰਦੇ ਹਾਂ, ਤਾਂ ਜੋ ਚੋਣਾਂ ਦੇ ਸਮੇਂ ਵਿਚ ਮਾਹੌਲ ਨੂੰ ਹੋਰ ਖ਼ਰਾਬ ਹੋਣ ਤੋਂ ਬਚਾਇਆ ਜਾ ਸਕੇ।

ਪੰਜਾਬ ਦੇ ਆਂਢ-ਗੁਆਂਢ ਪੰਜਾਬੀ ਦਾ ਸਥਾਨ



ਅਭੈ ਸਿੰਘ

ਅਸੀਂ ਇਹ ਦਾਅਵਾ ਕਰ ਸਕਦੇ ਹਾਂ ਕਿ ਮੌਜੂਦਾ ਪੰਜਾਬ ਦੇ ਨਕਸ਼ੇ 'ਤੇ ਉਸ ਦੇ ਚਾਰੇ ਪਾਸੇ ਦੀਆਂ ਸਰਹੱਦਾਂ ਤੋਂ ਪਾਰ ਮੀਲਾਂ ਤੱਕ ਪੰਜਾਬੀ ਬੋਲਦਾ ਇਲਾਕਾ ਹੈ ਤੇ ਉੱਥੇ ਕਿਸੇ ਹੱਦ ਤੱਕ ਪੰਜਾਬੀ ਜ਼ੁਬਾਨ ਦੀ ਮਾਨਤਾ ਵੀ ਕਾਇਮ ਹੈ। ਦੇਸ਼ਵੰਡ ਮਗਰੋਂ ਪੰਜਾਬ ਦਾ ਜੋ ਹਿੱਸਾ ਭਾਰਤ ਵਿੱਚ ਆਇਆ, ਉਸ ਦਾ ਨਾਂ 'ਪੂਰਬੀ ਪੰਜਾਬ' ਰੱਖਿਆ ਗਿਆ। ਛੋਟੇ ਹੁੰਦਿਆਂ ਸਕੂਲਾਂ ਵਿੱਚ ਗਾਇਆ ਜਾਂਦਾ ਇੱਕ ਗੀਤ ਅੱਜ ਤੱਕ ਯਾਦ ਹੈ, 'ਸਾਨੂੰ ਕੋਈ ਮਾਰੇ ਨਾ, ਸਾਨੂੰ ਕੋਈ ਝਿੜਕੇ ਨਾ, ਅਸੀਂ ਹਾਂ ਫੁੱਲ ਗੁਲਾਬ ਦੇ, ਪੂਰਬੀ ਪੰਜਾਬ ਦੇ।' ਬਾਅਦ ਵਿੱਚ ਜਦੋਂ ਪਾਕਿਸਤਾਨ ਵਿੱਚ ਪੈਂਦੇ ਪੰਜਾਬ ਨਾਲੋਂ 'ਮਗਰਬੀ' ਸ਼ਬਦ ਹਟਾ ਦਿੱਤਾ ਗਿਆ ਤਾਂ ਭਾਰਤੀ ਪੰਜਾਬ ਨਾਲੋਂ ਵੀ 'ਪੂਰਬੀ' ਸ਼ਬਦ ਵੱਖ ਕਰ ਦਿੱਤਾ ਗਿਆ। ਆਮ ਤੌਰ 'ਤੇ ਪੰਜਾਬ ਦੇ ਭਾਰਤ ਵਾਲੇ ਹਿੱਸੇ ਨੂੰ 'ਚੜ੍ਹਦਾ ਪੰਜਾਬ' ਤੇ ਪਾਕਿਸਤਾਨ ਵਾਲੇ ਹਿੱਸੇ ਨੂੰ 'ਲਹਿੰਦਾ ਪੰਜਾਬ' ਵੀ ਆਖ ਦਿੱਤਾ ਜਾਂਦਾ ਹੈ।

ਲਹਿੰਦਾ ਪੰਜਾਬ ਆਕਾਰ ਵਿੱਚ ਚੜ੍ਹਦੇ ਪੰਜਾਬ ਨਾਲੋਂ ਲਗਪਗ ਚਾਰ ਗੁਣਾ ਵੱਡਾ ਹੈ। ਉੱਥੋਂ ਦੀ ਜ਼ੁਬਾਨ ਪੰਜਾਬੀ ਹੀ ਮੰਨੀ ਜਾਂਦੀ ਹੈ ਭਾਵੇਂ ਸਕੂਲਾਂ ਵਿੱਚ ਪਹਿਲੀ ਜਮਾਤ ਤੋਂ ਉਰਦੂ ਤੇ ਛੇਵੀਂ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਉੱਥੇ ਪੰਜਾਬੀ ਗੁਰਮੁਖੀ ਲਿਪੀ ਵਿੱਚ ਨਹੀਂ ਸਗੋਂ ਸ਼ਾਹਮੁਖੀ ਵਿੱਚ ਲਿਖੀ ਜਾਂਦੀ ਹੈ। ਲਹਿੰਦੇ ਪੰਜਾਬ ਦੀ ਸਰਕਾਰ ਵੱਲੋਂ 'ਪੰਜਾਬੀ ਅਦਬੀ ਬੋਰਡ' ਦੀ ਸਥਾਪਨਾ ਕੀਤੀ ਗਈ ਹੈ, ਜੋ ਕਿਤਾਬਾਂ ਵੀ ਛਾਪਦਾ ਹੈ। ਉੱਥੇ ਪੰਜਾਬੀ ਦੇ ਕਈ ਰਸਾਲੇ ਨਿਕਲਦੇ ਹਨ ਤੇ ਬੱਚਿਆਂ ਵਾਸਤੇ ਕਿਤਾਬਾਂ ਵੀ ਛਪਦੀਆਂ ਹਨ। ਸੱਭਿਆਚਾਰਕ ਇਕੱਠਾਂ ਵਿੱਚ ਪੰਜਾਬੀ ਦੇ ਹੀ ਗੀਤਾਂ ਦੀ ਭਰਮਾਰ ਹੁੰਦੀ ਹੈ ਤੇ ਬੁੱਲੇ ਸ਼ਾਹ ਦੀਆਂ ਕਾਫ਼ੀਆਂ ਅਕਸਰ ਰੰਗ ਬੰਨ੍ਹਦੀਆਂ ਹਨ। ਲਹਿੰਦੇ ਪੰਜਾਬ ਦੇ ਪੱਛਮ ਵਿੱਚ ਵੱਡਾ ਸੂਬਾ ਖ਼ੈਬਰ ਪਖ਼ਤੂਨਖ਼ਵਾ ਹੈ, ਜਿਸ ਨੂੰ ਪਹਿਲਾਂ ਫਰੰਟੀਅਰ ਸੂਬਾ ਕਹਿੰਦੇ ਸਨ ਜਿਸ ਦੀ ਪ੍ਰਵਾਨਿਤ ਭਾਸ਼ਾ ਪਸ਼ਤੋ ਹੈ, ਜਿਸ ਦੇ ਕਈ ਹਿੱਸਿਆਂ ਵਿੱਚ ਪੰਜਾਬੀ ਲੋਕ ਵੱਸਦੇ ਹਨ। ਪਿਸ਼ਾਵਰ ਤੋਂ ਬਾਅਦ ਇਸ ਦਾ ਵੱਡਾ ਅਹਿਮ ਸ਼ਹਿਰ ਐਬਟਾਬਾਦ ਹੈ, ਜੋ ਪੂਰੀ ਤਰ੍ਹਾਂ ਪੰਜਾਬੀ ਹੈ। ਇੱਥੋਂ ਦਾ ਇੱਕ ਇਲਾਕਾ 'ਹਜ਼ਾਰਾ' ਪੰਜਾਬੀ ਪ੍ਰਭਾਵ ਵਾਲਾ ਹੀ ਹੈ। ਇਸੇ ਲਈ ਤਾਂ ਨੂਰ ਜਹਾਂ ਗਾਉਂਦੀ ਹੈ, "ਇੱਕ ਮੈਂ ਸੋਹਣੀ, ਮੇਰਾ ਮਾਹੀ ਸੋਹਣਾ, ਮੇਰਾ ਸੋਹਣਾ ਦੇਸ ਹਜ਼ਾਰਾ ਨ੍ਹੀਂ ਸਈਓ।"

ਪਾਕਿਸਤਾਨ ਵਾਲੇ ਪਾਸੇ ਦਾ ਕਸ਼ਮੀਰ ਲਹਿੰਦੇ ਪੰਜਾਬ ਨਾਲ ਲੱਗਦਾ ਹੈ। ਉੱਥੇ ਕਸ਼ਮੀਰੀ ਭਾਸ਼ਾ ਬੋਲਣ ਵਾਲਿਆਂ ਦੀ ਗਿਣਤੀ ਦਸ-ਪੰਦਰਾਂ ਫ਼ੀਸਦੀ ਹੀ ਹੈ, ਬਾਕੀ ਸਭ ਪੰਜਾਬੀ ਬੋਲਦਾ ਇਲਾਕਾ ਹੈ। ਉੱਥੋਂ ਦੇ ਵਸਨੀਕ ਆਪਣੀ ਮਾਂ ਬੋਲੀ ਪੰਜਾਬੀ, ਪਹਾੜੀ ਤੇ ਪੋਠੋਹਾਰੀ ਵੀ ਦੱਸਦੇ ਹਨ। ਹਾਲਾਂਕਿ ਸਰਕਾਰੀ ਜ਼ੁਬਾਨ ਉਰਦੂ ਹੈ, ਪਰ ਆਮ ਬੋਲ-ਚਾਲ ਲਈ ਵੱਡੀ ਗਿਣਤੀ ਲੋਕ ਪੰਜਾਬੀ ਭਾਸ਼ਾ ਦੀ ਹੀ ਵਰਤੋਂ ਕਰਦੇ ਹਨ। ਬਾਨੋ ਰਹਿਮਤ ਦਾ ਗਾਇਆ 'ਮਾਹੀਆ ਕਸ਼ਮੀਰ ਦਿਆ, ਜ਼ਰਾ ਖੜ੍ਹ ਮੇਰੇ ਕੋਲ' ਉੱਥੋਂ ਦਾ ਹਰਮਨ ਪਿਆਰਾ ਗੀਤ ਹੈ। ਕੁੱਲ ਮਿਲਾ ਕੇ ਅੱਜ ਸੰਸਾਰ ਵਿੱਚ ਪੰਜਾਬੀਆਂ ਦਾ ਸਭ ਤੋਂ ਵੱਡਾ ਮੁਲਕ ਪਾਕਿਸਤਾਨ ਹੈ।

ਦੇਸ਼ ਦੀ ਤਕਸੀਮ ਤੋਂ ਬਾਅਦ ਪੂਰਬੀ ਪੰਜਾਬ ਦੀ ਪਹਿਲੀ ਰਾਜਧਾਨੀ ਸ਼ਿਮਲਾ ਬਣੀ। ਇੱਥੇ ਹੀ ਰਾਜਪਾਲ, ਮੁੱਖ ਮੰਤਰੀ ਤੇ ਮੰਤਰੀਆਂ ਨੂੰ ਸਹੁੰ ਚੁਕਾਈ ਗਈ। ਫਿਰ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਵੀ ਦੋ ਹਿੱਸੇ ਹੋ ਗਏ ਤੇ ਏਧਰ ਇੱਕ ਹੋਰ ਪੰਜਾਬ ਯੂਨੀਵਰਸਿਟੀ, ਸੋਲਨ ਬਣ ਗਈ। ਲੰਮਾ ਸਮਾਂ ਓਧਰ ਦੀ ਯੂਨੀਵਰਸਿਟੀ ਤੋਂ ਰਿਕਾਰਡ ਏਧਰ ਲਿਆਏ ਜਾਂਦੇ ਰਹੇ। ਇੱਥੇ ਸ਼ਿਮਲੇ ਵਿੱਚ ਹੀ ਪੰਜਾਬ ਸਰਕਾਰ ਨੇ ਪਹਿਲੀ ਜਮਾਤ ਤੋਂ ਉਰਦੂ ਦੀ ਪੜ੍ਹਾਈ ਬੰਦ ਕਰ ਕੇ ਪੰਜਾਬੀ ਜਾਂ ਹਿੰਦੀ ਲਾਜ਼ਮੀ ਕੀਤੀ ਤੇ ਚੌਥੀ ਜਮਾਤ ਵਿੱਚ ਇਨ੍ਹਾਂ ਵਿੱਚੋਂ ਦੂਜੀ ਭਾਸ਼ਾ ਸ਼ੁਰੂ ਕੀਤੀ। ਵਰਤਮਾਨ ਹਰਿਆਣਾ ਤੇ ਹਿਮਾਚਲ ਦੇ ਵੱਡੇ ਇਲਾਕੇ ਵਿੱਚ ਦੂਰ-ਦੁਰਾਡੇ ਤੋਂ ਵੀ ਦਸਵੀਂ ਪੜ੍ਹੇ ਲੋਕ ਪੰਜਾਬੀ ਤੇ ਹਿੰਦੀ ਦੇ ਅਧਿਆਪਕ ਲਗਾ ਦਿੱਤੇ ਗਏ ਸਨ, ਸਿਖਲਾਈ ਬਾਅਦ ਵਿੱਚ ਸਹੀ। ਇਸੇ ਤਰ੍ਹਾਂ ਲਾਹੌਲ ਸਪਿਤੀ ਤੱਕ ਅੰਗਰੇਜ਼ੀ ਤੇ ਉਰਦੂ ਦੇ ਨਾਲ ਨਾਲ ਸਰਕਾਰੀ ਦਫ਼ਤਰਾਂ 'ਚ ਹਿੰਦੀ ਤੇ ਪੰਜਾਬੀ ਦੇ ਬੋਰਡ ਲੱਗ ਗਏ। ਮੰਨਣਾ ਪਵੇਗਾ ਕਿ ਪੰਜਾਬ ਦੇ ਪੁਨਰਗਠਨ, ਭਾਵ ਪੰਜਾਬੀ ਸੂਬਾ ਬਣਨ ਨਾਲ ਪੰਜਾਬੀ ਦਾ ਪ੍ਰਭਾਵ ਖੇਤਰ ਬਹੁਤ ਘਟ ਗਿਆ। ਪੰਜਾਬੀ ਨੂੰ ਸਭ ਤੋਂ ਵੱਡਾ ਝਟਕਾ ਹਿਮਾਚਲ ਵਿੱਚ ਲੱਗਿਆ, ਜਿੱਥੇ ਅੱਜ ਇਸ ਭਾਸ਼ਾ ਨੂੰ ਕਿਸੇ ਵੀ ਪੱਧਰ 'ਤੇ ਸਰਕਾਰੀ ਮਾਨਤਾ ਹਾਸਲ ਨਹੀਂ ਹੈ। ਹਾਲਾਂਕਿ ਇੱਕ ਵੱਡੇ ਇਲਾਕੇ ਵਿੱਚ ਇਹ ਲੋਕਾਂ ਦੀ ਆਮ ਬੋਲਚਾਲ ਦੀ ਭਾਸ਼ਾ ਹੈ, ਪਰ ਇਸ ਦਾ ਨਾਂ ਪਹਾੜੀ ਜਾਂ ਕਈ ਥਾਂ ਡੋਗਰੀ ਵੀ ਲਿਆ ਜਾਂਦਾ ਹੈ। ਆਪਣੇ ਲੰਮੇ ਸਾਂਝੇ ਇਤਿਹਾਸ ਦੀ ਬਦੌਲਤ ਅੱਜ ਵੀ ਹਿਮਾਚਲ ਦੇ ਲੋਕ ਗੀਤਾਂ ਅਤੇ ਧਾਰਮਿਕ ਗੀਤਾਂ ਵਿੱਚ ਪੰਜਾਬੀ ਭਾਸ਼ਾ ਦਾ ਰੰਗ ਸਹਿਜੇ ਹੀ ਦੇਖਣ ਨੂੰ ਮਿਲਦਾ ਹੈ।

ਪੰਜਾਬ ਦਾ ਵੱਡਾ ਗੁਆਂਢੀ ਸੂਬਾ ਹਰਿਆਣਾ ਹੈ, ਜੋ 1966 ਤੱਕ ਪੰਜਾਬ ਦਾ ਹਿੱਸਾ ਰਿਹਾ। ਇਹੀ ਕਾਰਨ ਹੈ ਕਿ ਇੱਥੇ ਪੰਜਾਬੀ ਬੋਲਦੇ ਲੋਕਾਂ ਦੀ ਗਿਣਤੀ ਕਾਫ਼ੀ ਜ਼ਿਆਦਾ ਹੈ। ਪੰਜਾਬ ਦੇ ਹੋਰਨਾਂ ਗੁਆਂਢੀ ਸੂਬਿਆਂ ਦੇ ਮੁਕਾਬਲੇ ਹਰਿਆਣਾ ਵਿੱਚ ਪੰਜਾਬੀ ਭਾਸ਼ਾ ਨੂੰ ਬਿਹਤਰ ਸਰਕਾਰੀ ਮਾਨਤਾ ਮਿਲੀ ਹੈ। ਹਰਿਆਣਾ ਅਸੈਂਬਲੀ ਨੇ ਪੰਜਾਬੀ ਨੂੰ ਦੂਜੀ ਰਾਜ ਭਾਸ਼ਾ ਦਾ ਦਰਜਾ ਦਿੱਤਾ ਹੈ ਤੇ ਉੱਥੇ ਬਹੁਤ ਸਾਰੇ ਸਕੂਲਾਂ ਵਿੱਚ ਛੇਵੀਂ ਜਮਾਤ ਤੋਂ ਪੰਜਾਬੀ ਪੜ੍ਹਾਈ ਜਾਂਦੀ ਹੈ। ਇੱਥੇ ਸਰਕਾਰੀ ਤੌਰ 'ਤੇ ਕਾਇਮ ਕੀਤੀ ਹਰਿਆਣਾ ਪੰਜਾਬੀ ਸਾਹਿਤ ਅਕਾਦਮੀ ਹੈ, ਜੋ ਪੰਜਾਬੀ ਦਾ ਰਸਾਲਾ 'ਸ਼ਬਦ ਬੂੰਦ' ਕੱਢਦੀ ਹੈ ਤੇ ਪੰਜਾਬੀ ਲੇਖਕਾਂ ਨੂੰ ਸਨਮਾਨਿਤ ਵੀ ਕਰਦੀ ਹੈ। ਫਿਰ ਵੀ ਹਰਿਆਣਾ ਵਿੱਚ ਪੰਜਾਬੀ ਦੇ ਚੰਗੇ ਮੁਕਾਮ ਵਾਸਤੇ ਹੋਰ ਉਪਰਾਲਿਆਂ ਦੀ ਲੋੜ ਹੈ, ਜਿਸ ਵਾਸਤੇ ਉੱਥੋਂ ਦੇ ਪੰਜਾਬੀ ਪ੍ਰੇਮੀ ਆਵਾਜ਼ ਉਠਾਉਂਦੇ ਰਹਿੰਦੇ ਹਨ।

ਦਿੱਲੀ ਅੱਜ ਪੰਜਾਬ ਦਾ ਗੁਆਂਢੀ ਨਹੀਂ ਰਿਹਾ ਤੇ ਉੱਥੇ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਉਰਦੂ ਨਾਲ ਸਾਂਝਾ ਕਰਨਾ ਪੈ ਰਿਹਾ ਹੈ। ਉੱਥੇ ਵੀ ਸਰਕਾਰੀ 'ਪੰਜਾਬੀ ਅਕਾਦਮੀ' ਹੈ। ਰਾਜਸਥਾਨ ਵਿੱਚ ਪੰਜਾਬ ਦੀ ਸਰਹੱਦ ਨਾਲ ਲੱਗਦੇ ਇਲਾਕਿਆਂ ਵਿੱਚ ਪੰਜਾਬੀ ਦੀ ਪੜ੍ਹਾਈ ਦਾ ਪ੍ਰਬੰਧ ਹੈ। ਉੱਥੇ ਰਾਜਸਥਾਨੀ ਨੂੰ ਦੂਜੀ ਅਤੇ ਪੰਜਾਬੀ, ਉਰਦੂ ਤੇ ਸਿੰਧੀ ਨੂੰ ਤੀਜੀ ਭਾਸ਼ਾ ਦਾ ਦਰਜਾ ਪ੍ਰਾਪਤ ਹੈ। ਵਰਤਮਾਨ ਸਮੇਂ ਵਿੱਚ ਜੰਮੂ ਕਸ਼ਮੀਰ ਦੀ ਸਰਹੱਦ ਪੰਜਾਬ ਨਾਲ ਬੱਸ ਕੁੰਝ ਮਾਤਰ ਹੀ ਲੱਗਦੀ ਹੈ, ਪਰ ਉੱਥੇ ਪੰਜਾਬੀ ਬੋਲਣ ਵਾਲਿਆਂ ਦੀ ਵੱਡੀ ਗਿਣਤੀ ਹੈ। ਤੁਸੀਂ ਜੰਮੂ ਤੇ ਕਟੜਾ ਦੇ ਰੇਲਵੇ ਸਟੇਸ਼ਨਾਂ 'ਤੇ ਜਾਓਗੇ ਤਾਂ ਉੱਥੇ ਅੰਗਰੇਜ਼ੀ ਤੇ ਹਿੰਦੀ ਦੇ ਨਾਲ ਨਾਲ ਡੋਗਰੀ ਵਿੱਚ ਵੀ ਸਾਰੀ ਜਾਣਕਾਰੀ ਦਿੱਤੀ ਜਾਂਦੀ ਹੈ ਤੇ ਪੰਜਾਬ ਦੇ ਕਿਸੇ ਵੀ ਯਾਤਰੀ ਨੂੰ ਡੋਗਰੀ ਭਾਸ਼ਾ ਕਿਸੇ ਵੀ ਪੱਖੋਂ ਪੰਜਾਬੀ ਤੋਂ ਵੱਖਰੀ ਨਹੀਂ ਲੱਗਦੀ। ਦੱਸਦੇ ਨੇ ਕਿ ਜਦੋਂ ਕਸ਼ਮੀਰ ਵਿੱਚ ਪਾਕਿਸਤਾਨ ਵਾਲੇ ਪਾਸੇ ਦਾ ਹਿੱਸਾ ਵੀ ਸ਼ਾਮਿਲ ਸੀ ਤਾਂ ਉਸ ਵੇਲੇ ਦੀ ਪਹਿਲੀ ਮਰ

ਨਿਊਯਾਰਕ 'ਚ ਦੀਵਾਲੀ ਦੀ ਧੂਮ, ਟਾਈਮਜ਼ ਸਕੁਏਅਰ 'ਤੇ ਭਾਰਤੀ ਸੱਭਿਆਚਾਰ ਅਤੇ ਪਕਵਾਨਾਂ ਦਾ ਜਸ਼ਨ



ਨਿਊਯਾਰਕ : ਨਿਊਯਾਰਕ ਸ਼ਹਿਰ ਵਿੱਚ ਦੀਵਾਲੀ ਦਾ ਉਤਸ਼ਾਹ ਛਾਇਆ ਹੋਇਆ ਹੈ। ਸੱਭਿਆਚਾਰਕ ਪ੍ਰਦਰਸ਼ਨਾਂ ਤੋਂ ਲੈ ਕੇ ਭਾਰਤੀ ਪਕਵਾਨਾਂ ਦੀ ਵਿਭਿੰਨਤਾ ਨੂੰ ਦਰਸਾਉਣ ਵਾਲੇ ਸਮਾਗਮਾਂ ਤੱਕ, ਵੱਖ-ਵੱਖ ਭਾਈਚਾਰਿਆਂ ਦੇ ਲੋਕ ਰੌਸ਼ਨੀਆਂ ਦੇ ਤਿਉਹਾਰ ਦਾ ਜਸ਼ਨ ਮਨਾ ਰਹੇ ਹਨ। ਐਤਵਾਰ ਨੂੰ ਪ੍ਰਤੀਕਾਤਮਕ ਟਾਈਮਜ਼ ਸਕੁਏਅਰ ਵਿਖੇ ਦਿਨ ਭਰ ਚੱਲਣ ਵਾਲੇ ਸੱਭਿਆਚਾਰਕ ਤਿਉਹਾਰ ਵਿੱਚ ਭਾਰਤੀ ਅਤੇ ਦੱਖਣੀ ਏਸ਼ੀਆਈ ਮੂਲ ਦੇ ਹਜ਼ਾਰਾਂ ਲੋਕਾਂ ਨੇ ਹਿੱਸਾ ਲਿਆ। 'ਦੀਵਾਲੀ ਐਟ ਟਾਈਮਜ਼ ਸਕੁਏਅਰ' ਦੇ 2026 ਐਡੀਸ਼ਨ ਨੇ ਭਾਰਤ ਦੀ ਅਮੀਰ ਅਤੇ ਵਿਭਿੰਨ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕੀਤਾ। ਇਸ ਸਮਾਗਮ ਵਿੱਚ 'ਦੀਵਾਲੀ ਬਾਜ਼ਾਰ', ਇੱਕ ਦੀਵਾ ਰੌਸ਼ਨੀ ਸਮਾਰੋਹ, ਵਨ ਟਾਈਮਜ਼ ਸਕੁਏਅਰ ਬਾਲ ਡਰੌਪ ਟਾਵਰ 'ਤੇ ਇੱਕ ਡਿਜੀਟਲ ਦੀਵਾਲੀ ਕਾਊਂਟਡਾਊਨ ਅਤੇ 'ਲਾਈਟ ਅੱਪ ਟਾਈਮਜ਼ ਸਕੁਏਅਰ ਕੰਸਰਟ' ਸ਼ਾਮਲ ਸਨ।

ਇਸ ਸੰਗੀਤ ਸਮਾਰੋਹ ਵਿੱਚ ਅਮਰੀਕੀ ਰੈਪਰ ਅਤੇ ਗੀਤਕਾਰ ਰਾਜਾ ਕੁਮਾਰੀ, ਗਾਇਕਾ ਕਨਿਕਾ ਕਪੂਰ ਅਤੇ ਹੋਰ ਕਲਾਕਾਰਾਂ ਦੁਆਰਾ ਪ੍ਰਦਰਸ਼ਨ ਕੀਤਾ ਗਿਆ। ਦੀਵਾਲੀ ਤੋਂ ਪਹਿਲਾਂ, ਸ਼ਹਿਰ ਭਾਰਤ ਦੀ ਸੱਭਿਆਚਾਰਕ ਅਤੇ ਰਸੋਈ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਨ ਵਾਲੇ ਕਈ ਸਮਾਗਮਾਂ ਦੀ ਮੇਜ਼ਬਾਨੀ ਕਰ ਰਿਹਾ ਹੈ। ਪੀਅਰੇ, ਏ ਤਾਜ ਹੋਟਲ ਨੇ ਇੱਕ ਦੀਵਾਲੀ ਸਮਾਰੋਹ ਦੀ ਮੇਜ਼ਬਾਨੀ ਵੀ ਕੀਤੀ, ਜਿਸ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਅਤੇ ਵਿਸ਼ਵਵਿਆਪੀ ਭਾਈਚਾਰੇ ਦੀਆਂ ਕਈ ਪ੍ਰਮੁੱਖ ਹਸਤੀਆਂ ਨੇ ਸ਼ਿਰਕਤ ਕੀਤੀ। ਹੋਟਲ ਨੇ ਨਿਊਯਾਰਕ ਦੇ ਤਿੰਨ ਪ੍ਰਸਿੱਧ ਰੈਸਟੋਰੈਂਟਾਂ: ਚੱਟੀ, ਜੂਨੂਨ ਅਤੇ ਮੁਸਾਫਿਰ ਦੇ ਸਹਿਯੋਗ ਨਾਲ, 'ਭਾਰਤ ਦੀ ਰਸੋਈ ਯਾਤਰਾ' ਨਾਮਕ ਇੱਕ ਵਿਸ਼ੇਸ਼ ਪ੍ਰੋਗਰਾਮ ਦੀ ਮੇਜ਼ਬਾਨੀ ਕੀਤੀ। ਮਹਿਮਾਨਾਂ ਨੂੰ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਖੇਤਰੀ ਪਕਵਾਨਾਂ ਅਤੇ ਸੁਆਦਾਂ ਦਾ ਅਨੁਭਵ ਕਰਨ ਦਾ ਮੌਕਾ ਦਿੱਤਾ ਗਿਆ।

ਨਿਊਯਾਰਕ ਵਿੱਚ ਭਾਰਤ ਦੇ ਕੌਂਸਲ ਜਨਰਲ ਬਿਨੈ ਪ੍ਰਧਾਨ ਵੀ ਟਾਈਮਜ਼ ਸਕੁਏਅਰ ਵਿੱਚ ਆਯੋਜਿਤ ਜਸ਼ਨ ਵਿੱਚ ਭਾਰਤੀ-ਅਮਰੀਕੀ ਭਾਈਚਾਰੇ ਦੇ ਮੈਂਬਰਾਂ ਅਤੇ ਅਮਰੀਕੀ ਨਾਗਰਿਕਾਂ ਨਾਲ ਸ਼ਾਮਲ ਹੋਏ। ਭਾਰਤੀ ਕੌਂਸਲੇਟ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਕਿ ਇਹ ਸਮਾਗਮ ਨਿਊਯਾਰਕ ਸ਼ਹਿਰ ਦੇ ਦਿਲ ਵਿੱਚ ਸ਼ਾਂਤੀ, ਉਮੀਦ ਅਤੇ ਸਦਭਾਵਨਾ ਦਾ ਇੱਕ ਜੀਵੰਤ ਜਸ਼ਨ ਸੀ। ਇਸਨੇ ਭਾਰਤ ਅਤੇ ਸੰਯੁਕਤ ਰਾਜ ਅਮਰੀਕਾ ਨੂੰ ਨੇੜੇ ਲਿਆਉਣ ਵਾਲੇ ਲੰਬੇ ਸਮੇਂ ਤੋਂ ਚੱਲ ਰਹੇ ਲੋਕਾਂ-ਤੋਂ-ਲੋਕ ਸਬੰਧਾਂ ਦਾ ਵੀ ਜਸ਼ਨ ਮਨਾਇਆ। 'ਟਾਈਮਜ਼ ਸਕੁਏਅਰ 'ਤੇ ਦੀਵਾਲੀ' ਦੀ ਸੰਸਥਾਪਕ ਅਤੇ ਪ੍ਰਬੰਧਕ ਅਤੇ ਨਿਊਯਾਰਕ ਸਟੇਟ ਏਸ਼ੀਅਨ ਐਂਡ ਪੈਸੀਫਿਕ ਆਈਲੈਂਡਰ ਕਮਿਸ਼ਨ ਦੀ ਮੈਂਬਰ ਨੀਤਾ ਭਸੀਨ ਨੇ ਦੱਸਿਆ ਕਿ ਇਸ ਸਮਾਗਮ ਦਾ ਉਦੇਸ਼ ਭਾਰਤ ਦੀ ਕਲਾ, ਸੱਭਿਆਚਾਰ ਅਤੇ ਵਿਭਿੰਨਤਾ ਨੂੰ ਪ੍ਰਦਰਸ਼ਿਤ ਕਰਦੇ ਹੋਏ ਸ਼ਾਂਤੀ, ਸਦਭਾਵਨਾ ਅਤੇ ਏਕਤਾ ਨੂੰ ਉਤਸ਼ਾਹਿਤ ਕਰਨਾ ਹੈ। ਉਸਨੇ ਕਿਹਾ, 'ਇਹ ਜਸ਼ਨ ਸ਼ਾਂਤੀ, ਸਦਭਾਵਨਾ ਅਤੇ ਏਕਤਾ ਬਾਰੇ ਹੈ। ਇਹੀ ਦੀਵਾਲੀ ਦਾ ਸੱਚਾ ਸੰਦੇਸ਼ ਹੈ। ਅਸੀਂ ਦੁਨੀਆ ਦੇ ਸਭ ਤੋਂ ਵੱਡੇ ਪਲੇਟਫਾਰਮਾਂ ਵਿੱਚੋਂ ਇੱਕ, ਟਾਈਮਜ਼ ਸਕੁਏਅਰ ਤੋਂ ਭਾਰਤ ਦੀ ਕਲਾ, ਸੱਭਿਆਚਾਰ ਅਤੇ ਵਿਭਿੰਨਤਾ ਦਾ ਪ੍ਰਦਰਸ਼ਨ ਕਰ ਰਹੇ ਹਾਂ।'

ਪ੍ਰਬੰਧਕਾਂ ਦੇ ਅਨੁਸਾਰ, 2013 ਵਿੱਚ ਆਪਣੀ ਸ਼ੁਰੂਆਤ ਤੋਂ ਲੈ ਕੇ, 'ਟਾਈਮਜ਼ ਸਕੁਏਅਰ 'ਤੇ ਦੀਵਾਲੀ÷ ਦੁਨੀਆ ਦੇ ਪ੍ਰਮੁੱਖ ਚੌਰਾਹਿਆਂ ਵਿੱਚੋਂ ਇੱਕ, ਟਾਈਮਜ਼ ਸਕੁਏਅਰ ਵਿੱਚ ਰੌਸ਼ਨੀਆਂ ਦੇ ਤਿਉਹਾਰ ਨੂੰ ਲੈ ਕੇ ਆਇਆ ਹੈ। ਇਹ ਸਮਾਗਮ ਏਕਤਾ, ਸੱਭਿਆਚਾਰਕ ਵਿਰਾਸਤ ਅਤੇ ਵਿਭਿੰਨਤਾ ਦਾ ਜਸ਼ਨ ਮਨਾਉਣ ਲਈ ਇੱਕ ਪਲੇਟਫਾਰਮ ਬਣ ਗਿਆ ਹੈ। ਨਿਊਯਾਰਕ ਦੀ ਗਵਰਨਰ ਕੈਥੀ ਹੋਚੁਲ ਲਈ ਏਸ਼ੀਅਨ ਅਮਰੀਕਨ ਮਾਮਲਿਆਂ ਦੇ ਨਿਰਦੇਸ਼ਕ ਸਿਬੂ ਨਾਇਰ ਨੇ ਕਿਹਾ ਕਿ ਇਸ ਸਮਾਗਮ ਵਿੱਚ ਰਾਜਪਾਲ ਦੀ ਨੁਮਾਇੰਦਗੀ ਕਰਨਾ ਅਤੇ ਰਾਜ ਦੇ ਵੱਖ-ਵੱਖ ਹਿੱਸਿਆਂ ਤੋਂ ਆਏ ਪ੍ਰਵਾਸੀਆਂ ਦੇ ਮੈਂਬਰਾਂ ਨਾਲ ਦੀਵਾਲੀ ਮਨਾਉਣਾ ਇੱਕ ਮਾਣ ਵਾਲਾ ਪਲ ਸੀ। ਉਸਨੇ ਕਿਹਾ ਕਿ ਇਸ ਮੌਕੇ ਲੋਕਾਂ ਨੇ ਆਪਣਾ ਸੱਭਿਆਚਾਰ, ਭੋਜਨ ਅਤੇ ਸੰਗੀਤ ਸਾਂਝਾ ਕੀਤਾ।

ਘਰ ਵਰਗੇ ਸਵਾਦਿਸ਼ਟ ਖਾਣੇ ਦਾ ਆਨੰਦ ਮਾਣੋ !
ਕੀ ਤੁਹਾਨੂੰ ਘਰ ਵਰਗੇ ਸ਼ੁੱਧ ਅਤੇ
ਸਵਾਦਿਸ਼ਟ ਦੇਸੀ ਖਾਣੇ ਦੀ ਭਾਲ ਹੈ ?

ਫਰੈਂਡਜ਼ ਇੰਡੀਅਨ ਰੈਸਟੋਰੈਂਟ
(Friend's Indian Restaurant)
ਤੁਹਾਡੀ ਸੇਵਾ ਵਿੱਚ ਹਾਜ਼ਰ ਹੈ !

ਘਰ ਵਰਗਾ ਖਾਣਾ (Home Style Food):
ਤਾਜ਼ਾ ਅਤੇ ਸਵਾਦਿਸ਼ਟ ਭੋਜਨ
ਹੋਮ ਸਰਵਿਸ ਉਪਲਬਧ (Home Service / Delivery):
ਗਰਮਾ-ਗਰਮ ਖਾਣਾ ਤੁਹਾਡੇ ਦਰਵਾਜ਼ੇ 'ਤੇ
ਕੈਟਰਿੰਗ ਦੀ ਸੁਵਿਧਾ (Catering Available):
ਛੋਟੇ-ਵੱਡੇ ਪ੍ਰੋਗਰਾਮਾਂ ਅਤੇ ਪਾਰਟੀਆਂ ਲਈ ਸੰਪਰਕ ਕਰੋ
ਸਮਾਂ: ਸਵੇਰੇ 11:00 ਵਜੇ ਤੋਂ
ਰਾਤ 9:00 ਵਜੇ ਤੱਕ (ਹਫ਼ਤੇ ਦੇ 7 ਦਿਨ)

ਪਤਾ: 1040 W. Kettleman Lane, Lodi, CA 95240
ਵੈੱਬਸਾਈਟ: www.friendsindianrestaurant.com
ਆਰਡਰ ਜਾਂ ਜਾਣਕਾਰੀ ਲਈ ਸੰਪਰਕ ਕਰੋ:
ਰਜਿੰਦਰ ਸਿੰਘ ਗਰੇਵਾਲ: 408-768-5303
ਰੈਸਟੋਰੈਂਟ ਫੋਨ: 209-334-2751

Welcome Friends
FRIEND'S INDIAN RESTAURANT
Home-Style Food
Now offering Local Home Service!
Rajinder Singh Grewal
Tel: 209-334-2751
Cell: 408-768-5303
11:00 AM to 9:00 PM (7 Days a week)
1040 W. Kettleman Lane, Lodi, CA 95240
www.friendsindianrestaurant.com
yelp

ਸਾਡੇ ਫੂਡ ਤੇ ਸਰਵਿਸ ਦੀ 100% ਗਰੰਟੀ ਹੈ

ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ

ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ਼੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਇਤਿਹਾਸ ਦੇ ਝਰੋਖੇ ਵਿਚੋਂ

ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ



(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

(ਸ) ਚੰਗਾ ਤਾਂ ਇਹ ਹੈ ਕਿ ਹਰ ਇਕ ਸਿੱਖ ਆਪਣਾ ਸਾਧਾਰਨ ਪਾਠ ਜਾਰੀ ਰੱਖੇ ਅਤੇ ਮਹੀਨੇ ਦੋ ਮਹੀਨੇ ਮਗਰੋਂ (ਜਾਂ ਜਿਤਨੇ ਸਮੇਂ ਵਿਚ ਹੋ ਸਕੇ) ਭੋਗ ਪਾਵੇ।

(ਹ) ਪਾਠ ਅਰੰਭ ਕਰਨ ਸਮੇਂ ਅਨੰਦ ਸਾਹਿਬ (ਪਹਿਲੀਆਂ ਪੰਜ ਪਉੜੀਆਂ ਤੇ ਇਕ ਅੰਤਲੀ ਪਉੜੀ) ਦੇ ਪਾਠ ਮਗਰੋਂ ਅਰਦਾਸਾ ਕਰਕੇ ਹੁਕਮ ਲੈਣਾ ਚਾਹੀਏ, ਫੇਰ ਜਪੁ ਸਾਹਿਬ ਦਾ ਪਾਠ ਕਰਨਾ ਚਾਹੀਏ।

ਅਖੰਡ ਪਾਠ

(ੳ) ਅਖੰਡ ਪਾਠ ਕਿਸੇ ਭੀੜ ਜਾਂ ਉਤਸ਼ਾਹ ਵੇਲੇ ਕੀਤਾ ਜਾਂਦਾ ਹੈ। ਇਹ ਕਰੀਬਨ ੪੮ ਘੰਟੇ ਵਿਚ ਸੰਪੂਰਨ ਕੀਤਾ ਜਾਂਦਾ ਹੈ। ਇਸ ਵਿਚ ਪਾਠ ਲਗਾਤਾਰ ਬਿਨਾਂ ਰੋਕ ਦੇ ਕੀਤਾ ਜਾਂਦਾ ਹੈ। ਪਾਠ ਸਾਫ਼ ਤੇ ਸ਼ੁੱਧ ਹੋਵੇ। ਬਹੁਤ ਤੇਜ਼ ਪੜ੍ਹਨਾ, ਜਿਸ ਤੋਂ ਸੁਣਨ ਵਾਲਾ ਕੁਝ ਸਮਝ ਨਾ ਸਕੇ, ਗੁਰਬਾਣੀ ਦੀ ਨਿਰਾਦਰੀ ਹੈ। ਅੱਖਰ ਮਾਤ੍ਰਾ ਦਾ ਧਿਆਨ ਰੱਖ ਕੇ ਪਾਠ ਸ਼ੁਧ ਤੇ ਸਾਫ਼ ਕਰਨਾ ਚਾਹੀਏ, ਭਾਵੇਂ ਸਮਾਂ ਕੁਝ ਵਧੀਕ ਲਗ ਜਾਵੇ।

(ਅ) ਅਖੰਡ ਪਾਠ ਜਿਸ ਪਰਿਵਾਰ ਜਾਂ ਸੰਗਤ ਨੇ ਕਰਨਾ ਹੈ, ਉਹ ਆਪ ਕਰੇ, ਟੱਬਰ ਦੇ ਆਦਮੀ, ਸਾਕ ਸਬੰਧੀ ਮਿੱਤਰ ਆਦਿ ਮਿਲ ਕੇ ਕਰਨ। ਪਾਣੀ ਦੀ ਗਿਣਤੀ ਮੁਕਰਰ ਨਹੀਂ।

ਜੇ ਕੋਈ ਆਦਮੀ ਆਪ ਪਾਠ ਨਹੀਂ ਕਰ ਸਕਦਾ, ਤਾਂ ਕਿਸੇ ਚੰਗੇ ਪਾਠੀ ਕੋਲੋਂ ਸੁਣ ਲਵੇ, ਪਰ ਇਹ ਨਾ ਹੋਵੇ ਕਿ ਪਾਠੀ ਆਪੇ ਇਕੱਲਾ ਬਹਿ ਕੇ ਪਾਠ ਕਰਦਾ ਰਹੇ ਤੇ ਸੰਗਤ ਜਾਂ ਟੱਬਰ ਦਾ ਕੋਈ ਆਦਮੀ ਨਾ ਸੁਣਦਾ ਹੋਵੇ। ਪਾਠੀ ਦੀ ਯਥਾ ਸ਼ਕਤੀ ਭੋਜਨ, ਬਸਤਰ ਆਦਿ ਨਾਲ ਯੋਗ ਸੇਵਾ ਕੀਤੀ ਜਾਵੇ।

(ਏ) ਅਖੰਡ ਪਾਠ ਜਾਂ ਹੋਰ ਕਿਸੇ ਤਰ੍ਹਾਂ ਦੇ ਪਾਠ ਵੱਲ ਕੁੰਡ, ਜੋਤ ਆਦਿ ਰੱਖਣਾ ਜਾਂ ਨਾਲ ਨਾਲ ਜਾਂ ਵਿਚ ਵਿਚ ਕਿਸੇ ਹੋਰ ਬਾਣੀ ਦਾ ਪਾਠ ਜਾਰੀ ਰੱਖਣਾ, ਮਨਮਤ ਹੈ।

ਪਾਠ ਦਾ ਆਰੰਭ

ਸਾਧਾਰਨ ਪਾਠ ਦੇ ਆਰੰਭ ਵੇਲੇ ਪ੍ਰਸ਼ਾਦ ਲਿਆ ਕੇ ਅਨੰਦ ਸਾਹਿਬ (ਛੇ ਪਉੜੀਆਂ) ਦਾ ਪਾਠ ਕਰਕੇ ਅਰਦਾਸੇ ਮਗਰੋਂ 'ਹੁਕਮ' ਲਿਆ ਜਾਵੇ।

ਅਖੰਡ ਪਾਠ ਵੇਲੇ ਕੜਾਹ ਪ੍ਰਸਾਦ ਹੋਵੇ, ਫੇਰ ਅਨੰਦ ਸਾਹਿਬ (ਛੇ ਪਉੜੀਆਂ) ਦੇ ਪਾਠ ਮਗਰੋਂ ਅਰਦਾਸ ਕਰਕੇ ਅਤੇ 'ਹੁਕਮ' ਲੈ ਕੇ ਪਾਠ ਦਾ ਅਰੰਭ ਕੀਤਾ ਜਾਵੇ।

ਭੋਗ

(ੳ) ਸ੍ਰੀ ਗੁ੍ਰ ਗ੍ਰੰਥ ਸਾਹਿਬ ਦੇ ਪਾਠ (ਸਾਧਾਰਣ ਜਾਂ ਅਖੰਡ) ਦਾ ਭੋਗ ਮੁਦਾਵਣੀ ਉਤੇ ਪਾਇਆ ਜਾਵੇ। (ਇਸ ਗੱਲ ਬਾਬਤ ਪੰਥ ਵਿਚ ਅਜੇ ਤੱਕ ਮਤਭੇਦ ਹੈ, ਇਸ ਲਈ ਰਾਗ ਮਾਲਾ ਤੋਂ ਬਿਨਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਲਿਖਣਾ ਜਾਂ ਛਾਪਣ ਦਾ ਹੀਆ ਕੋਈ ਨਾ ਕਰੇ)। ਇਸ ਤੋਂ ਉਪਰੰਤ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਦਾ ਅਰਦਾਸਾ ਕੀਤਾ ਜਾਵੇ ਤੇ ਕੜਾਹ ਪਰਸ਼ਾਦ ਵਰਤਾਇਆ ਜਾਵੇ।

(ਅ) ਭੋਗ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਲੋੜ ਅਨੁਸਾਰ ਰੁਮਾਲ, ਚੌਰ, ਚਾਨਣੀ, ਆਦਿ ਦੇ ਭੇਟਾ ਅਤੇ ਪੰਥਕ ਕਾਰਜਾਂ ਲਈ ਯਥਾ-ਸ਼ਕਤ 'ਅਰਦਾਸ' ਕਰਾਈ ਜਾਵੇ।

ਕੜਾਹ ਪ੍ਰਸ਼ਾਦ

(ੳ) ਕੜਾਹ ਪ੍ਰਸ਼ਾਦ ਜੋ ਵਿਧੀ ਅਨੁਸਾਰ ਤਿਆਰ ਕਰਕੇ ਜਾਂ ਕਰਾਕੇ ਲਿਆਂਦਾ ਜਾਵੇ, ਸੰਗਤ ਵਿਚ ਪ੍ਰਵਾਨ ਹੋਵੇਗਾ।

(ਅ) ਕੜਾਹ ਪ੍ਰਸਾਦਿ ਤਿਆਰ ਕਰਨ ਦੀ ਵਿਧੀ ਇਹ ਹੈ :

ਸੁਅੱਛ ਭਾਂਡੇ ਵਿਚ ਤ੍ਰਿਭਾਵਲੀ (ਆਟਾ, ਉਤਮ ਮਿਠਾ ਤੇ ਘੀ ਇਕੋ ਜਿਹੇ ਪਾ ਕੇ) ਗੁਰਬਾਣੀ ਦਾ ਪਾਠ ਕਰਦੇ ਹੋਏ ਤਿਆਰ ਕੀਤਾ ਜਾਵੇ, ਫਿਰ ਸੁਅੱਛ ਬਸਤ੍ਰ ਨਾਲ ਚੁੱਕ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੁਅੱਛ ਚੌਂਕੀ ਉਪਰ ਰੱਖਿਆ ਜਾਵੇ, ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਸੰਗਤ ਨੂੰ ਉਚੀ ਆਵਾਜ਼ ਵਿਚ ਸੁਣਾ ਕੇ ਅਨੰਦ ਸਾਹਿਬ ਦੀਆਂ ਪਹਿਲੀਆਂ ਪੰਜ ਪਉੜੀਆਂ ਤੇ ਅੰਤਲੀ ਇਕ ਪਉੜੀ ਦਾ ਪਾਠ ਕੀਤਾ ਜਾਵੇ ਅਤੇ ਅਰਦਾਸਾ ਸੋਧਿਆ ਜਾ ਕੇ ਪ੍ਰਵਾਨਗੀ ਲਈ ਕਿਰਪਾਨ ਭੇਟ ਹੋਵੇ।

(ਏ) ਇਸ ਦੇ ਉਪਰੰਤ ਸੰਗਤ ਨੂੰ ਵਰਤਾਉਣ ਤੋਂ ਪਹਿਲਾਂ ਕੜਾਹ ਪ੍ਰਸ਼ਾਦ ਵਿਚੋਂ ਪੰਜਾਂ ਪਿਆਰਿਆਂ ਦਾ ਗੱਫ਼ਾ ਕੱਢਿਆ ਜਾਵੇ। ਵਰਤਾਉਣ ਵਾਲਾ ਸਿੰਘ ਤਿਆਰ ਬਰ ਤਿਆਰ ਹੋਵੇ। ਉਹ ਕਿਸੇ ਕੋਲੋਂ ਪੁੱਛੇ ਨਾ ਕਿ ਕੀ ਤੂੰ ਤਿਆਰ ਬਰਤਿਆਰ ਹੈਂ ਜਾਂ ਨਹੀਂ, ਕੇਵਲ ਆਪ ਹੀ ਸੰਗਤਿ ਵਿਚ ਨਜ਼ਰ ਮਾਰ ਕੇ ਵੇਖ ਲਵੇ ਕਿ ਕਿਹੜਾ ਕਿਹੜਾ ਰਹਿਤ ਵਿਚ ਪੱਕਾ ਦਿਸਦਾ ਹੈ। ਜੇ ਸੰਗਤਿ (ਜਿਸ ਵਿਚ ਤਾਬੇ ਬੈਠਾ ਸਿੰਘ ਭੀ ਸ਼ਾਮਲ ਹੈ) ਵਿਚ ਪੰਜਾਂ ਤੋਂ ਘੱਟ ਤਿਆਰ ਬਰ ਤਿਆਰ ਸਿੰਘ ਮਿਲਣ ਤਾਂ ਜਿਤਨੇ ਹੋਣ ਉਨ੍ਹਾਂ ਨੂੰ ਵਰਤਾ ਕੇ ਬਾਕੀ ਦਾ ਛਾਂਦਾ ਕੜਾਹ ਪ੍ਰਸ਼ਾਦ ਦੀ ਦੇਗ ਵਿਚ ਰਲਾ ਕੇ ਸਾਰੀ ਸੰਗਤ ਵਿਚ ਵਰਤਾ ਦੇਵੇ। ਸੰਗਤ ਵਿਚ ਵਰਤਾਉਣ ਲੱਗਿਆਂ ਪਹਿਲਾਂ ਤਾਬੇ ਬੈਠੇ ਸਿੰਘ ਨੂੰ ਕਟੋਰੇ ਜਾਂ ਕੌਲ ਵਿਚ ਪਾ ਕੇ ਦੇਵੇ ਤੇ ਫਿਰ ਬਾਕੀ ਸੰਗਤ ਨੂੰ ਵਰਤਾਵੇ। ਕਿਸੇ ਦਾ ਲਿਹਾਜ਼ ਜਾਂ ਘ੍ਰਿਣਾ ਕਰਕੇ ਵਿਤਕਰਾ ਨਾ ਕਰੇ, ਸਭ ਸਿੱਖ ਅਣਸਿੱਖ, ਨੀਚ ਉਚ ਜਾਤ ਵਾਲੇ ਨੂੰ ਇਕੋ ਜਿਹਾ ਵਰਤਾਵੇ। ਕੜਾਹ ਪ੍ਰਸ਼ਾਦ ਵਰਤਾਉਣ ਵੇਲੇ ਸੰਗਤ ਵਿਚ ਬੈਠੇ ਕਿਸੇ ਮਨੁੱਖ ਤੋਂ ਜਾਤ ਪਾਤ ਜਾਂ ਛੂਤ ਛਾਤ ਦਾ ਖ਼ਿਆਲ ਕਰਕੇ ਗਿਲਾਨੀ ਨਹੀਂ ਕਰਨੀ ਚਾਹੀਦੀ।

(ਚਲਦਾ)

ਇਰਾਕ 'ਚ ਤੈਅ ਉਚਾਈ ਤੋਂ ਹੇਠਾਂ ਉਡਾਣਾਂ ਭਰਨ 'ਤੇ ਦੋ ਹਵਾਈ ਕੰਪਨੀਆਂ ਨੂੰ ਜੁਰਮਾਨਾ

ਨਿਊਯਾਰਕ : ਅਮਰੀਕਾ ਦੇ ਆਵਾਜਾਈ ਵਿਭਾਗ ਨੇ ਇਰਾਕ ਦੇ ਹਵਾਈ ਖੇਤਰ ਵਿਚ ਸੁਰੱਖਿਆ ਨਿਯਮਾਂ ਦੀ ਉਲੰਘਣਾ ਕਰਨ 'ਤੇ ਏਅਰ ਫਰਾਂਸ ਅਤੇ ਕੇ.ਐੱਲ.ਐੱਮ. ਨੂੰ ਕੁੱਲ 4

ਲੱਖ 25 ਹਜ਼ਾਰ ਡਾਲਰ ਦਾ ਜੁਰਮਾਨਾ ਕੀਤਾ ਹੈ। ਏਅਰ ਫਰਾਂਸ ਨੂੰ 1 ਲੱਖ 5 ਹਜ਼ਾਰ ਅਤੇ ਕੇ.ਐੱਲ.ਐੱਮ. ਨੂੰ 3 ਲੱਖ 20 ਹਜ਼ਾਰ ਡਾਲਰ ਦਾ ਜੁਰਮਾਨਾ ਲੱਗਿਆ ਹੈ। ਅਮਰੀਕੀ ਸੰਘੀ ਹਵਾਬਾਜ਼ੀ ਪ੍ਰਸ਼ਾਸਨ ਨੇ ਜ਼ਮੀਨ ਤੋਂ ਸੰਭਾਵੀ ਹਮਲਿਆਂ ਦੇ ਖ਼ਤਰੇ ਕਾਰਨ ਇਰਾਕ ਉੱਪਰ 32 ਹਜ਼ਾਰ ਫੁੱਟ ਤੋਂ ਹੇਠਾਂ ਉਡਾਣ ਭਰਨ 'ਤੇ ਪਾਬੰਦੀ ਲਗਾਈ ਹੋਈ ਹੈ। ਇਹ ਨਿਯਮ ਦੋਵਾਂ ਵਿਦੇਸ਼ੀ ਕੰਪਨੀਆਂ ਦੀਆਂ ਸੰਬੰਧਤ ਉਡਾਣਾਂ 'ਤੇ ਵੀ ਲਾਗੂ ਸੀ, ਕਿਉਂਕਿ ਅਮਰੀਕੀ ਹਵਾਈ ਕੰਪਨੀ ਡੈਲਟਾ ਇਨ੍ਹਾਂ ਦੀਆਂ ਟਿਕਟਾਂ ਆਪਣੇ ਉਡਾਣ ਨੰਬਰ ਹੇਠ ਵੀ ਵੇਚ ਰਹੀ ਸੀ। ਵਿਭਾਗ ਮੁਤਾਬਕ 2022 ਤੋਂ 2025 ਦਰਮਿਆਨ ਏਅਰ ਫਰਾਂਸ ਦੀਆਂ ਕਰੀਬ 30 ਅਤੇ ਕੇ.ਐੱਲ.ਐੱਮ. ਦੀਆਂ 100 ਤੋਂ ਵੱਧ ਉਡਾਣਾਂ ਇਰਾਕ ਦੇ ਹਵਾਈ ਖੇਤਰ ਵਿਚ ਨਿਰਧਾਰਤ ਉਚਾਈ ਤੋਂ ਹੇਠਾਂ ਗਈਆਂ। ਆਪਣੇ ਪੱਖ ਵਿਚ ਦੋਵਾਂ ਕੰਪਨੀਆਂ ਨੇ ਕਿਹਾ ਕਿ ਉਡਾਣਾਂ ਦੀ ਯੋਜਨਾ ਨਿਯਮਾਂ ਅਨੁਸਾਰ ਬਣਾਈ ਗਈ ਸੀ। ਹਾਲਾਂਕਿ ਹੋਰ ਜਹਾਜ਼ਾਂ ਦੀ ਆਵਾਜਾਈ ਕਾਰਨ ਸਥਾਨਕ ਹਵਾਈ ਆਵਾਜਾਈ ਨਿਯੰਤਰਕਾਂ ਨੇ ਚਾਲਕਾਂ ਨੂੰ ਹੇਠਾਂ ਆਉਣ ਦੇ ਹੁਕਮ ਦਿੱਤੇ ਜਾਂ ਉਚਾਈ ਵਧਾਉਣ ਤੋਂ ਰੋਕਿਆ। ਕੰਪਨੀਆਂ ਨੇ ਦਲੀਲ ਦਿੱਤੀ ਕਿ ਹੁਕਮ ਨਾ ਮੰਨਣ ਨਾਲ ਸੁਰੱਖਿਆ ਨੂੰ ਖ਼ਤਰਾ ਹੋ ਸਕਦਾ ਸੀ, ਇਸ ਲਈ ਇਨ੍ਹਾਂ ਮਾਮਲਿਆਂ ਵਿਚ ਸੰਕਟਕਾਲੀ ਛੋਟ ਮਿਲਣੀ ਚਾਹੀਦੀ ਸੀ। ਅਦਾਲਤੀ ਵਿਵਾਦ ਤੋਂ ਬਚਣ ਲਈ ਦੋਵਾਂ ਕੰਪਨੀਆਂ ਨੇ ਸਮਝੌਤੇ ਦੀਆਂ ਸ਼ਰਤਾਂ ਮੰਨ ਲਈਆਂ ਹਨ।

ਬ੍ਰਾਜ਼ੀਲ ਦੇ ਫਲੇਵੀਓ ਬੋਲਸੋਨਾਰੋ ਤੇ ਉਨ੍ਹਾਂ ਦੇ ਪਰਿਵਾਰ ਨੂੰ ਦੇਵਾਂਗੇ ਅਮਰੀਕੀ ਵੀਜ਼ਾ

ਵਾਸ਼ਿੰਗਟਨ : ਬ੍ਰਾਜ਼ੀਲ ਦੀਆਂ ਰਾਸ਼ਟਰਪਤੀ ਚੋਣਾਂ ਵਿੱਚ ਫਲੇਵੀਓ ਬੋਲਸੋਨਾਰੋ ਦੀ ਹਾਰ ਤੋਂ ਬਾਅਦ, ਅਮਰੀਕੀ ਵਿਦੇਸ਼ ਵਿਭਾਗ ਦੇ ਇੱਕ ਸੀਨੀਅਰ ਅਧਿਕਾਰੀ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੂੰ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਅਮਰੀਕੀ ਵੀਜ਼ਾ ਦਿੱਤਾ ਜਾਵੇਗਾ। ਫਲੇਵੀਓ ਬੋਲਸੋਨਾਰੋ ਹਾਲੀਆ ਰਾਸ਼ਟਰਪਤੀ ਚੋਣ ਵਿੱਚ ਮੌਜੂਦਾ ਬ੍ਰਾਜ਼ੀਲ ਦੇ ਰਾਸ਼ਟਰਪਤੀ ਲੁਈਜ਼ ਇਨਾਸੀਓ ਲੂਲਾ ਡਾ ਸਿਲਵਾ ਤੋਂ ਹਾਰ ਗਏ। ਇਸ ਚੋਣ ਵਿੱਚ ਲੂਲਾ ਦੀ ਜਿੱਤ ਨੇ ਲਾਤੀਨੀ ਅਮਰੀਕਾ ਵਿੱਚ ਹਾਲੀਆ ਚੋਣਾਂ ਵਿੱਚ ਰੂੜੀਵਾਦੀ ਉਮੀਦਵਾਰਾਂ ਲਈ ਜਿੱਤਾਂ ਦੀ ਲੜੀ ਨੂੰ ਤੋੜ ਦਿੱਤਾ।

ਵੀਜ਼ਾ ਗੋਪਨੀਯਤਾ ਕਾਨੂੰਨਾਂ ਕਾਰਨ ਨਾਮ ਗੁਪਤ ਰੱਖਣ ਦੀ ਸ਼ਰਤ 'ਤੇ ਬੋਲਦੇ ਹੋਏ, ਅਧਿਕਾਰੀ ਨੇ ਕਿਹਾ, 'ਵਿਦੇਸ਼ ਵਿਭਾਗ ਫਲੇਵੀਓ ਬੋਲਸੋਨਾਰੋ ਅਤੇ ਉਨ੍ਹਾਂ ਦੇ ਪਰਿਵਾਰ ਨੂੰ ਵੀਜ਼ਾ ਜਾਰੀ ਕਰੇਗਾ ਅਤੇ ਉਨ੍ਹਾਂ ਨੂੰ ਸੰਯੁਕਤ ਰਾਜ ਵਿੱਚ ਦਾਖਲ ਹੋਣ ਦੀ ਆਗਿਆ ਦੇਵੇਗਾ।' ਬੋਲਸੋਨਾਰੋ, ਜਿਸਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਸਪੱਸ਼ਟ ਸਮਰਥਨ ਪ੍ਰਾਪਤ ਹੈ, ਭ੍ਰਿਸ਼ਟਾਚਾਰ, ਮਨੀ ਲਾਂਡਰਿੰਗ ਅਤੇ ਟੈਕਸ ਚੋਰੀ ਦੇ ਦੋਸ਼ਾਂ ਵਿੱਚ ਬ੍ਰਾਜ਼ੀਲ ਵਿੱਚ ਜਾਂਚ ਦਾ ਸਾਹਮਣਾ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਆਪਣਾ ਪਾਸਪੋਰਟ ਸਮਰਪਣ ਕਰਨ ਦਾ ਹੁਕਮ ਦਿੱਤਾ ਗਿਆ ਹੈ। ਵਿਦੇਸ਼ ਮੰਤਰਾਲੇ ਦੇ ਅਧਿਕਾਰੀ ਨੇ ਇਹ ਨਹੀਂ ਦੱਸਿਆ

ਕਿ ਕੀ ਫਲੇਵੀਓ ਬੋਲਸੋਨਾਰੋ ਪਹਿਲਾਂ ਹੀ ਬ੍ਰਾਜ਼ੀਲ ਛੱਡ ਚੁੱਕਾ ਸੀ ਜਾਂ ਆਪਣੇ ਪਰਿਵਾਰ ਨਾਲ ਸੰਯੁਕਤ ਰਾਜ ਅਮਰੀਕਾ ਆ ਰਿਹਾ ਸੀ।

ਫਲੇਵੀਓ ਬੋਲਸੋਨਾਰੋ ਦੇ ਬੁਲਾਰੇ ਨੇ ਮੰਗਲਵਾਰ ਨੂੰ ਟਿੱਪਣੀ ਲਈ ਬੇਨਤੀ ਦਾ ਜਵਾਬ ਨਹੀਂ ਦਿੱਤਾ। ਉਨ੍ਹਾਂ ਦੇ ਮੁਹਿੰਮ ਪ੍ਰਬੰਧਕ, ਰੋਜੇਰੀਓ ਮਾਰਿਨਹੋ ਨੇ ਵੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਫਲੇਵੀਓ ਬੋਲਸੋਨਾਰੋ ਦੇ ਭਰਾ, ਐਡੁਆਰਡੋ ਬੋਲਸੋਨਾਰੋ, ਟੈਕਸਾਸ ਵਿੱਚ ਰਹਿੰਦੇ ਹਨ ਅਤੇ ਬੋਲਸੋਨਾਰੋ ਨੂੰ ਜਨਤਕ ਤੌਰ 'ਤੇ ਕਿਹਾ ਹੈ ਕਿ ਜੇਕਰ ਉਹ ਚੋਣ ਹਾਰ ਜਾਂਦੇ ਹਨ, ਤਾਂ ਉਨ੍ਹਾਂ ਨੂੰ ਬ੍ਰਾਜ਼ੀਲ

BASRA
Heating & Air Conditioning

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ
ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ

Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more

From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

ਸ. ਰਜਿੰਦਰ ਸਿੰਘ ਬਸਰਾ (209) 834-6188

Address: 231 Portico Ln, Tracy, CA 95377

ਸੰਤ ਸੇਵਾ ਸਿਘ ਜੀ

ਸਿੱਖ ਪੰਥ ਦੀ ਮਹਾਨ ਸ਼ਖ਼ਸੀਅਤ ਸੱਚਖੰਡਵਾਸੀ, ਬ੍ਰਹਮਗਿਆਨੀ ਮਹਾਂਪੁਰਖ ਸ੍ਰੀਮਾਨ ਸੰਤ ਬਾਬਾ ਹਰਨਾਮ ਸਿੰਘ ਜੀ ਰਾਮਪੁਰ ਖੇੜੇ ਵਾਲੇ, ਜਿਨ੍ਹਾਂ ਨੇ ਸ਼ਬਦ ਗੁਰੂ ਦੇ ਨਾਲ ਆਪਣੀ ਸੁਰਤ ਨੂੰ ਜੋੜ ਕੇ ਜਿੱਥੇ ਆਪ ਪਰਮੇਸ਼ਰ ਜੀ ਵਿੱਚ ਅਭੇਦਤਾ ਪ੍ਰਾਪਤ ਕੀਤੀ; ਉਥੇ ਗੁਰਮਤਿ ਮਾਰਗ ਤੋਂ ਦੂਰੇਡੇ ਜਾ ਚੁੱਕਿਆਂ ਨੂੰ ਖੰਡੇ ਬਾਟੇ ਦੀ ਪਾਹੁਲ ਛਕਾ ਕੇ 'ਸ਼ਬਦ ਗੁਰੂ' ਦੇ ਲੜ ਲਾ ਉਹਨਾਂ ਦਾ ਮਾਰਗ ਦਰਸ਼ਨ ਕੀਤਾ। ਮਹਾਂਪੁਰਖਾਂ ਦੇ ਉੱਤਰਾਧਿਕਾਰੀ ਸੰਤ ਬਾਬਾ ਸੇਵਾ ਸਿੰਘ ਜੀ 'ਰਾਮਪੁਰ ਖੇੜੇ ਵਾਲਿਆਂ' ਨੇ 'ਸੇ ਕਿਨੇਹਿਆ?' ਪੁਸਤਕ ਵਿੱਚ ਸੱਚਖੰਡਵਾਸੀ ਸੰਤ ਬਾਬਾ ਹਰਨਾਮ ਸਿੰਘ ਜੀ ਦੇ ਜੀਵਨ ਦਾ ਬਾਖੂਬੀ ਚਿਤਰਨ ਕੀਤਾ ਹੈ। ਇਹ ਪੁਸਤਕ ਸਿੱਖ ਜਗਤ ਵਿੱਚ ਬਹੁਤ ਹੀ ਮਕਬੂਲੀਅਤ ਹਾਸਲ ਕਰ ਚੁੱਕੀ ਹੈ ਅਤੇ ਲੱਖਾਂ ਦੀ ਗਿਣਤੀ ਵਿੱਚ ਛਾਪ ਕੇ ਸੰਗਤਾਂ ਤੱਕ ਪਹੁੰਚਾਈ ਗਈ ਹੈ। ਸੰਤ ਬਾਬਾ ਸੇਵਾ ਸਿੰਘ ਜੀ ਦੀ ਕਲਮ ਰਾਹੀਂ ਲਿਖੀਆਂ ਗਈਆਂ ਅਨੇਕਾਂ ਪੁਸਤਕਾਂ ਵਿੱਚੋਂ ਉਨ੍ਹਾਂ ਦੀ ਇਹ ਸ਼ਾਹਕਾਰ ਰਚਨਾ 'ਸੇ ਕਿਨੇਹਿਆ?' ਆਪਣੇ ਪਾਠਕਾਂ ਦੀ ਮੰਗ 'ਤੇ ਅਸੀਂ ਆਪਣੇ ਅਖਬਾਰ ਰਾਹੀਂ ਲੜੀਵਾਰ ਛਾਪ ਰਹੇ ਹਾਂ। ਆਸ ਹੈ ਕਿ ਇਸ ਯਤਨ ਤੋਂ ਸਾਡੇ ਪਾਠਕ ਲਾਭ ਪ੍ਰਾਪਤ ਕਰਨਗੇ। – ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਮੰਦਾ ਚੰਗਾ ਆਪਣਾ ਆਪੇ ਹੀ ਕੀਤਾ ਪਾਵਣਾ

(**ਲੜੀ ਜੋੜਨ ਲਈ ਪਿਛਲਾ ਅੰਕ ਦੇਖੋ**)

ਗੁਰਬਾਣੀ ਦੇ ਪਾਠ ਵਿੱਚੋਂ ਜੀਵਨ ਸੇਧ ਮਿਲਦੀ ਹੈ। ਭਾਈ ਦਇਆ ਸਿੰਘ ਜੀ ਨੇ ਦੱਸਿਆ ਕਿ ਜਦੋਂ ਬਾਬਾ ਜੀ ਮੁੜ-ਮੁੜ ਕੇ ਬਾਣੀ ਪੜ੍ਹਨ ਲਈ ਜ਼ੋਰ ਦੇ ਰਹੇ ਸਨ ਤਾਂ ਮੈਥੋਂ ਰਿਹਾ ਨਾ ਗਿਆ। ਮੈਂ ਆਪਣੀ ਸਮਝ ਅਨੁਸਾਰ ਬਾਬਾ ਜੀ ਨੂੰ ਕਿਹਾ ਕਿ ਤੁਸੀਂ ਮੁੜ-ਮੁੜ ਕੇ ਬਾਣੀ ਦਾ ਪਾਠ ਕਰਨ ਲਈ ਕਹੀ ਜਾਂਦੇ ਹੋ ਬਾਣੀ ਪੜ੍ਹਨ ਵਾਲੇ ਵੀ ਕਿਹੜਾ ਸਾਰੇ ਸੁਖੀ ਹਨ, ਉਹਨਾਂ ਨੂੰ ਵੀ ਕਈਆਂ ਨੂੰ ਲੱਕ ਘਸੀਟ-ਘਸੀਟ ਕੇ ਤੁਰਨਾ ਪੈ ਰਿਹਾ ਹੈ। ਉਹ ਤਾਂ ਬਿਨਾਂ ਸਹਾਰੇ ਤੋਂ ਤੁਰ ਵੀ ਨਹੀਂ ਸਕਦੇ। ਕਈ ਹੋਰ ਦੁੱਖਾਂ ਵਿੱਚ ਘਿਰੇ ਹੋਏ ਹਨ।

ਇਹ ਗੱਲ ਕਹਿ ਕੇ ਮਾਨੋ ਮੈਂ ਚਲ੍ਹੇ ਵਿੱਚ ਡਾਂਗ ਫੇਰ ਦਿੱਤੀ। ਉਹ ਦੋ-ਤਿੰਨ ਸਰੋਤੇ ਜੋ ਬਾਬਾ ਜੀ ਦੇ ਬਚਨ ਬੜੇ ਗਹੁ ਨਾਲ ਸੁਣ ਰਹੇ ਸਨ, ਚੁੱਪ ਕਰ ਗਏ ਤੇ ਮੇਰੀ ਵੱਲ ਵੇਖਣ ਲੱਗ ਪਏ ਕਿ ਇਸ ਜੱਟ ਨੇ ਟਿੰਡ ਵਿੱਚ ਕਾਨਾ ਫਸਾ ਦਿੱਤਾ ਹੈ, ਹੁਣ ਇਹ ਸਾਡੀ ਤਰਫ਼ੋਂ ਵਕਾਲਤ ਕਰੇਗਾ। ਉਹਨਾਂ ਦਾ ਵੀ ਹਾਂ ਪੱਖੀ ਚੇਹਰਾ ਵੇਖ ਕੇ ਮੈਂ ਹੋਰ ਹੁਸ਼ਿਆਰ ਹੋ ਗਿਆ ਤੇ ਮੁੜ ਉਹੋ ਹੀ ਆਪਣੀ ਰੱਟ ਦੁਹਰਾਈ।

ਬਾਬਾ ਜੀ ਨੇ ਬੜੇ ਠਰ੍ਹੰਮੇ ਨਾਲ ਉੱਤਰ ਦਿੱਤਾ; ਦਇਆ ਸਿੰਘ! ਜੇ ਕਿਸੇ ਬਾਣੀ ਪੜ੍ਹਨ ਵਾਲੇ ਸਰੀਰ ਨੂੰ ਕਸ਼ਟ ਹੈ ਤਾਂ ਉਹ ਉਸ ਦੇ ਆਪਣੇ ਕੀਤੇ ਕਰਮਾਂ ਦਾ ਫਲ ਹੈ :

ਦਦੈ ਦੋਸੁ ਨ ਦੇਊ ਕਿਸੈ ਦੋਸੁ ਕਰੰਮਾ ਆਪਣਿਆ॥
ਜੋ ਮੈ ਕੀਆ ਸੋ ਮੈ ਪਾਇਆ ਦੋਸੁ ਨ ਦੀਜੈ ਅਵਰ ਜਨਾ॥੨੧॥ (ਆਸਾ ਮਃ ੧, ਅੰਗ ੪੩੩)

ਤਥਾ

ਦੋਸੁ ਨ ਦੀਜੈ ਕਾਹੂ ਲੋਗ॥
ਜੋ ਕਮਾਵਨੁ ਸੋਈ ਭੋਗ॥
ਆਪਨ ਕਰਮ ਆਪੇ ਹੀ ਬੰਧ॥
ਆਵਨੁ ਜਾਵਨੁ ਮਾਇਆ ਧੰਧ॥੧॥
(ਰਾਮਕਲੀ ਮਃ ੫, ਅੰਗ ੮੮੮)

ਇਸ ਵਿੱਚ ਗੁਰਬਾਣੀ ਦਾ ਤਾਂ ਕੋਈ ਦੋਸ਼ ਨਹੀਂ। ਗੁਰਬਾਣੀ ਪੜ੍ਹਨ ਨਾਲ ਤਾਂ ਕਰਮ ਕੱਟੇ ਜਾਂਦੇ ਹਨ ਅਤੇ ਘਟਦੇ ਹਨ। ਬਾਣੀ ਪੜ੍ਹਨ ਵਾਲਾ ਗੁਰਮੁਖ, ਸਰੀਰਕ ਦੁੱਖ ਨੂੰ ਆਪਣੇ ਕਰਮ ਦਾ ਭੁਗਤਾਨ ਜਾਣ ਕੇ ਕਿਸੇ ਨੂੰ ਦੋਸ਼ ਨਹੀਂ ਦਿੰਦਾ ਤੇ ਗੁਰੂ ਹੁਕਮ ਵਿੱਚ ਸਬਰ ਸ਼ੁਕਰ ਨਾਲ ਸਮਾਂ ਬਤੀਤ ਕਰ ਲੈਂਦਾ ਹੈ। ਸ: ਦਇਆ ਸਿੰਘ ਦੱਸਣ ਕਿ ਮੈਂ ਫਿਰ ਆਪਣੀ ਜ਼ਿਦ ਤੇ ਕਾਇਮ ਰਹਿ ਕੇ ਬਾਬਾ ਜੀ ਨੂੰ ਕਿਹਾ ਕਿ ਜਿਸ ਨੇ ਅੰਮ੍ਰਿਤ ਵੀ ਛਕਿਆ ਹੋਵੇ, ਉਹ ਤੁਹਾਡੇ ਕਹਿਣ ਅਨੁਸਾਰ ਨਿੱਤਨੇਮ ਵੀ ਕਰਦਾ ਹੋਵੇ, ਗੁਰਬਾਣੀ ਦਾ ਕੀਰਤਨੀਆ ਵੀ ਹੋਵੇ, ਮੈਨੂੰ ਦੱਸੋ ਉਸ ਨੂੰ ਕਿਹੜੇ ਕਰਮ ਦੀ ਸਜ਼ਾ ਮਿਲ ਰਹੀ ਹੈ, ਜੋ ਤੁਰਨ ਫਿਰਨ ਤੋਂ ਵੀ ਆਤੁਰ ਹੈ। ਬਾਬਾ ਜੀ ਕਹਿਣ ਲੱਗੇ, ਦਇਆ ਸਿੰਘ! ਪਤਾ ਤਾਂ ਲੱਗੇ ਤੂੰ ਕਿਸ ਦੀ ਗੱਲ ਕਰਦਾ ਹੈਂ ਤਾਂ ਮੈਂ ਬੜੇ ਭਰੋਸੇ ਨਾਲ ਕਿਹਾ ਕਿ ਮੈਂ ਸੰਤੋਖ ਸਿੰਘ ਉਸਮਾਨ ਸ਼ਹੀਦ ਵਾਲੇ ਦੀ ਗੱਲ ਕਰਦਾ ਹਾਂ, ਜਿਸ ਨੇ ਤੁਹਾਡੇ ਪਾਸੋਂ ਹੀ ਅੰਮ੍ਰਿਤ ਛੱਕਿਆ ਹੈ ਤੇ ਬਾਣੀ ਵੀ ਪੜ੍ਹਦਾ ਹੈ, ਉਹ ਰਹਿਤ ਵੀ ਰੱਖਦਾ ਹੈ ਤੇ ਕੀਰਤਨ ਵੀ ਕਰਦਾ ਹੈ।

ਬਾਬਾ ਜੀ ਮੇਰਾ ਦਲੇਰੀ ਵਾਲਾ ਉੱਤਰ ਸੁਣ ਕੇ ਕੁਝ ਛਿੰਨ ਚੁੱਪ ਕਰ ਗਏ ਤੇ ਥੋੜ੍ਹੀ ਚੁੱਪ ਤੋਂ ਬਾਅਦ ਕਹਿਣ ਲੱਗੇ, ਦਇਆ ਸਿੰਘ! ਕਿਸੇ ਦੇ ਕਰਮ ਦਾ ਪੜ੍ਹਦਾ ਨਹੀਂ ਚੁੱਕੀਦਾ। ਸਭ ਆਪੋ ਆਪਣੇ ਕਰਮਾਂ ਦਾ ਹੀ ਫਲ ਭੁਗਤ ਰਹੇ ਹਨ। ਇਸ ਵਿੱਚ ਰਤਾ ਵੀ ਕਿੰਤੂ ਕਰਨ ਦੀ ਗੁੰਜਾਇਸ਼ ਨਹੀਂ, ਤੂੰ ਗੁਰਬਾਣੀ ਤੇ ਗਲਤ ਕਿੰਤੂ ਕਰ ਰਿਹਾ ਹੈਂ। ਕੀ ਤੂੰ ਉਸਦੇ ਪਿਛਲੇ

ਕਰਮ ਬਾਰੇ ਦੱਸ ਸਕਦਾ ਹੈਂ ਕਿ ਉਸ ਨੇ ਕੋਈ ਐਸਾ ਕਰਮ ਨਹੀਂ ਕੀਤਾ ਜਿਸ ਦੀ ਉਹ ਸਜ਼ਾ ਭੁਗਤ ਰਿਹਾ ਹੈ? ਮੈਂ ਉੱਤਰ ਦਿੱਤਾ ਕਿ ਮੈਨੂੰ ਤਾਂ ਨਹੀਂ ਪਤਾ ਤੁਸੀਂ ਆਪ ਹੀ ਦੱਸ ਦੇਵੋ ਕਿ ਉਸ ਨੇ ਪਿਛਲੇ ਜਨਮ ਵਿੱਚ ਕਿਹੜਾ ਐਸਾ ਮਾੜਾ ਕਰਮ ਕੀਤਾ ਹੈ ਜਿਸ ਦਾ ਭੁਗਤਾਨ ਉਸ ਨੂੰ ਕਰਨਾ ਪੈ ਰਿਹਾ ਹੈ। ਬਾਬਾ ਜੀ ਕਹਿਣ ਲੱਗੇ ਕਿ ਦੱਸਣ ਦੀ ਲੋੜ ਤਾਂ ਨਹੀਂ ਸੀ ਪਰ ਇਹ ਜੋ ਪ੍ਰੇਮੀ ਬੈਠੇ ਹਨ, ਜਿਹਨਾਂ ਦਾ ਗੁਰਬਾਣੀ 'ਤੇ ਥੋੜ੍ਹਾ ਬਹੁਤ ਭਰੋਸਾ ਹੈ, ਤੇਰੇ ਇਹਨਾਂ ਬਚਨਾਂ ਨਾਲ ਇਹਨਾਂ ਦੇ ਵੀ ਨਾਸਤਿਕ ਹੋਣ ਦਾ ਡਰ ਹੈ। ਜੇ ਤੂੰ ਇਕੱਲਾ ਗੱਲ ਕਰਦਾ ਤਾਂ ਸ਼ਾਇਦ ਫਿਰ ਮੈਨੂੰ ਇਹ ਸਪੱਸ਼ਟਤਾ ਦੇਣ ਦੀ ਲੋੜ ਨਹੀਂ ਸੀ। ਆਪ ਜੀ ਦਾ ਚਿਹਰਾ ਬੜੇ ਜਲਾਲ ਵਿੱਚ ਸੀ।

ਬਾਬਾ ਜੀ ਕਹਿਣ ਲੱਗੇ, ਸੁਣ! ਦਇਆ ਸਿੰਘ, ਸੰਤੋਖ ਸਿੰਘ ਆਪਣੇ ਹੀ ਪਿਛਲੇ ਜਨਮ ਵਿੱਚ ਕੀਤੇ ਹੋਏ ਕਰਮ ਦਾ ਫਲ ਭੁਗਤ ਰਿਹਾ ਹੈ। ਪਿਛਲੇ ਜਨਮ ਵਿੱਚ ਵੀ ਇਸ ਨੂੰ ਮਨੁੱਖ ਦੇਹ ਪ੍ਰਾਪਤ ਸੀ। ਗੁਰੂ ਜੀ ਦਾ ਡਰ ਭੈਅ ਤਾਂ ਸੀ ਪਰ ਇਹ ਕ੍ਰੋਧੀ ਬਹੁਤ ਸੀ। ਇੱਕ ਦਿਨ ਇਹ ਬਾਹਰੋਂ ਕੰਮ-ਕਾਰ ਕਰ ਕੇ ਥੱਕ ਟੁੱਟਕੇ ਆਇਆ। ਇਸ਼ਨਾਨ ਆਦਿ ਕਰਕੇ ਜੋ ਪ੍ਰਸ਼ਾਦਾ ਘਰ ਵਾਲਿਆਂ ਉਸ ਨੂੰ ਛਕਣ ਲਈ ਦਿੱਤਾ ਉਸ ਨੂੰ ਛਕਣਾ ਸ਼ੁਰੂ ਕੀਤਾ। ਅਜੇ ਇੱਕ ਦੋ ਗਰਾਹੀਆਂ ਹੀ ਇਸ ਨੇ ਮੂੰਹ ਪਾਈਆਂ ਸਨ ਕਿ ਇਹ ਕੋਈ ਖਾਣ ਵਾਲੀ ਚੀਜ਼ ਲੈਣ ਚਉਂਕੇ ਵੱਲ ਚਲਾ ਗਿਆ। ਨੇੜੇ ਬੈਠੇ ਕੂਕਰ ਨੇ ਵੇਖਿਆ ਕਿ ਥਾਲੀ ਸੁੰਨੀ ਪਈ ਹੈ। ਆਪਣੀ ਆਦਤ ਮੁਤਾਬਿਕ ਕੁੱਤਾ ਉਠਿਆ ਤੇ ਥਾਲੀ ਵਿੱਚ ਪਏ ਪ੍ਰਸ਼ਾਦੇ ਚੁੱਕ ਕੇ ਥੋੜ੍ਹੀ ਦੂਰ ਲਿਜਾ ਕੇ ਖਾਣ ਲੱਗ ਪਿਆ। ਜਦੋਂ ਇਹ ਵਾਪਿਸ ਉਹ ਚੀਜ਼ ਲੈ ਕੇ ਪਰਤਿਆ ਤਾਂ ਥਾਲ਼ੀ ਖਾਲੀ ਵੇਖੀ। ਅਗਾਂਹ ਨਿਗ੍ਹਾ ਮਾਰੀ ਤਾਂ ਥਾਲ਼ੀ ਵਾਲੇ ਪ੍ਰਸ਼ਾਦੇ ਕੂਕਰ ਬੜੀ ਮੌਜ ਨਾਲ ਖਾ ਰਿਹਾ ਸੀ। ਇਹ ਵੇਖ ਕੇ ਇਸ ਨੂੰ ਏਨਾ ਕ੍ਰੋਧ ਆਇਆ ਕਿ ਇਸ ਨੇ ਲਾਗੇ ਪਈ ਇੱਕ ਡਾਂਗ ਚੁੱਕ ਲਈ ਤੇ ਅਵੇਸਲੇ ਰੋਟੀ ਖਾ ਰਹੇ ਕੁੱਤੇ ਦੇ ਐਨੇ ਜ਼ੋਰ ਦੀ ਜਾ ਮਾਰੀ ਕਿ ਉਸ ਦਾ ਲੱਕ ਟੁੱਟ ਗਿਆ। ਉਹ ਕੂਕਰ ਕਈ ਚਿਰ ਉੱਥੇ ਹੀ ਪਿਆ ਕੁਰਲਾਹਟ ਪਾਉਂਦਾ ਰਿਹਾ। ਇਸ ਦੇ ਮਨ ਨੂੰ ਪਛਤਾਵਾ ਤਾਂ ਲੱਗਾ ਪਰ ਕ੍ਰੋਧ ਨੇ ਆਪਣਾ ਕੰਮ ਕਰਵਾ ਲਿਆ ਸੀ। ਉਹ ਕੁੱਤਾ ਜਿੰਨਾ ਚਿਰ ਜਿਊਂਦਾ ਰਿਹਾ, ਲੱਕ ਟੁੱਟਣ ਕਰਕੇ ਉਸ ਨੇ ਲੱਕ ਘਸੀਟ-ਘਸੀਟ ਕੇ ਜ਼ਿੰਦਗੀ ਦਾ ਸਮਾਂ ਗੁਜ਼ਾਰਿਆ। ਮੁਹਰਲੀਆਂ ਲੱਤਾਂ ਆਸਰੇ ਹੀ ਸਾਰਾ ਜੀਵਨ ਬਤੀਤ ਕੀਤਾ। ਹੁਣ ਜੇ ਉਸ ਵੇਲੇ ਇਹ ਸੰਜਮ ਅਤੇ ਸਬਰ ਤੋਂ ਕੰਮ ਲੈ ਲੈਂਦਾ, ਵੀਚਾਰ ਲੈਂਦਾ ਕਿ ਉਹ ਪ੍ਰਸ਼ਾਦੇ, ਜੋ ਕੁੱਤਾ ਲੈ ਗਿਆ ਹੈ ਮੇਰੇ ਖਾਣ ਦੇ ਤਾਂ ਰਹੇ ਨਹੀਂ ਤੇ ਨਾ ਹੀ ਇਸ ਨੂੰ ਮਾਰਨ ਨਾਲ ਮੁੜ ਉਹ ਸੁੱਚੇ ਹੋ ਜਾਣੇ ਹਨ, ਇਹ ਇਸ ਦੇ ਭਾਗਾਂ ਦੇ ਹੀ ਲਿਖੇ ਹੋਣੇ ਹਨ; ਜੇ ਸੋਚ ਵੀਚਾਰ ਕਰ ਲੈਂਦਾ ਤਾਂ ਉਸ ਕਰਮ ਤੋਂ ਬਚ ਜਾਣਾ ਸੀ। ਕਰਮ ਕਰਨ ਲੱਗਿਆਂ ਤਾਂ ਜ਼ਰਾ ਵੀ ਸੋਚ ਵੀਚਾਰ ਤੋਂ ਕੰਮ ਨਹੀਂ ਲਿਆ। ਜੇ ਹੁਣ ਉਸ ਕੀਤੇ ਕਰਮ ਦਾ ਭੁਗਤਾਨ ਕਰਨਾ ਪੈ ਰਿਹਾ ਹੈ ਤਾਂ ਤੇਰੇ ਵਰਗੇ ਕਿੰਤੂ ਪ੍ਰੰਤੂ ਕਰ ਰਹੇ ਹਨ।

ਬਾਬਾ ਜੀ ਨੇ ਕਿਹਾ ਕਿ ਭਾਵੇਂ ਸੰਤੋਖ ਸਿੰਘ੧ ਔਖ ਨਾਲ ਤੁਰਦਾ ਹੈ ਪਰ ਗੁਰਬਾਣੀ ਪੜ੍ਹਨ ਸੁਣਨ ਸਦਕਾ, ਗੁਰੂ ਓਟ ਆਸਰੇ ਇਹ ਦੁੱਖ ਉਸਨੂੰ ਬਹੁਤਾ ਦੁਖਦਾਈ ਨਹੀਂ ਭਾਸਦਾ। ਸਬਰ ਸੰਤੋਖ ਨਾਲ ਦਿਨ ਕੱਟ ਰਿਹਾ ਹੈ। ਇਹ ਗੁਰਬਾਣੀ ਦੀ ਹੀ ਬਰਕਤ ਹੈ। ਜੇ ਉਹ ਗੁਰਬਾਣੀ ਤੋਂ ਦੂਰ ਹੁੰਦਾ ਤਾਂ ਸਬਰ ਸ਼ੁਕਰ ਦੀ ਥਾਂ ਪਰਮੇਸ਼ਰ ਨੂੰ ਉਲ੍ਹਾਮੇ ਮਾਰਦਿਆਂ ਝੋਰ੍ਹੇ ਵਿੱਚ ਸਮਾਂ ਬਤੀਤ ਹੋਣਾ ਸੀ।

(ਚਲਦਾ)

BLOOD DONATION
BY SIKH NATION

ਸਿੱਖ ਕੌਮ ਵੱਲੋਂ ਖ਼ੂਨਦਾਨ ਕੈਂਪ

1984 ਵਿੱਚ ਸਿੱਖ ਨਸਲਕੁਸ਼ੀ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਯੂਬਾ ਸਿਟੀ (2468 Tierra Buena Rd) ਵਿਖੇ 30 ਅਕਤੂਬਰ ਦਿਨ ਸ਼ੁੱਕਰਵਾਰ ਨੂੰ 2pm-5pm ਅਤੇ 31 ਅਕਤੂਬਰ ਨੂੰ 9.30am-3.30pm ਵਜੇ ਤੱਕ ਖ਼ੂਨਦਾਨ ਕੈਂਪ ਚੱਲੇਗੀ। ਖ਼ੂਨਦਾਨ ਕਰਨ ਵਾਲੇ ਆਪਣੀ ID ਜਰੂਰ ਲਿਆਉਣ।

ਨਕਦੀ ਬਦਲੇ ਦਵਾਈਆਂ ਦੇ ਪਰਚੇ ਲਿਖਣ ਦਾ ਦੋਸ਼, ਤਿੰਨ ਡਾਕਟਰਾਂ ਸਮੇਤ ਪੰਜ ਖ਼ਿਲਾਫ਼ ਕੇਸ

ਨਿਊਯਾਰਕ : ਅਮਰੀਕਾ ਦੇ ਮਿਸ਼ੀਗਨ ਸੂਬੇ ਵਿਚ ਤਿੰਨ ਡਾਕਟਰਾਂ ਸਮੇਤ ਪੰਜ ਵਿਅਕਤੀਆਂ ਖ਼ਿਲਾਫ਼ ਨਿਯੰਤਰਿਤ ਦਰਦ ਨਿਵਾਰਕ ਦਵਾਈਆਂ ਦੀ ਗੈਰਕਾਨੂੰਨੀ ਵੰਡ ਦੀ ਸਾਜ਼ਿਸ਼ ਦੇ ਦੋਸ਼ ਲਾਏ ਗਏ ਹਨ। ਸੰਘੀ ਅਧਿਕਾਰੀਆਂ ਅਨੁਸਾਰ ਇਲਾਜ ਦੀ ਆੜ ਹੇਠ ਨਕਦੀ ਲੈ ਕੇ ਦਵਾਈਆਂ ਦੇ ਪਰਚੇ ਲਿਖੇ ਜਾਂਦੇ ਸਨ। ਇਨ੍ਹਾਂ ਪਰਚਿਆਂ ਰਾਹੀਂ ਮਿਲੀਆਂ ਗੋਲੀਆਂ ਅੱਗੇ ਗੈਰਕਾਨੂੰਨੀ ਬਾਜ਼ਾਰ ਵਿਚ ਵੇਚੀਆਂ ਜਾਂਦੀਆਂ ਸਨ। ਮੁਲਜ਼ਮਾਂ ਵਿਚ 65 ਸਾਲਾ ਕਲਾਰਾ ਵਿਲਕਰਸਨ, ਡਿਟਰਾਇਟ ਦੀ 53 ਸਾਲਾ ਲਾਟਾਨਿਆ ਵਾਲੇਸ-ਹਾਰਡਿਮਨ, ਓਰਲੈਂਡੋ ਦੇ 53 ਸਾਲਾ ਡਾ. ਲੂਈਸ ਰੋਡਰਿਗੇਜ਼, ਪਲਿਮਥ ਦੀ 59 ਸਾਲਾ ਡਾ. ਨਯਨਤਾਰਾ ਗਿਆਨਾਨੰਦ ਅਤੇ ਓਕੀਮਸ ਦੀ 49 ਸਾਲਾ ਡਾ. ਪ੍ਰਸ਼ਾਂਤੀ ਫਰੈਂਕਲਿਨ ਸ਼ਾਮਲ ਹਨ। ਦੋਸ਼ ਪੱਤਰ ਮੁਤਾਬਕ ਵਿਲਕਰਸਨ ਨੇ 2018 ਤੋਂ ਸਤੰਬਰ 2024 ਤੱਕ ਆਪਣੀਆਂ ਕੰਪਨੀਆਂ ਰਾਹੀਂ ਡਾਕਟਰਾਂ ਨੂੰ ਭਰਤੀ ਕੀਤਾ ਅਤੇ ਗੈਰਕਾਨੂੰਨੀ ਪਰਚੇ ਲਿਖਣ ਬਦਲੇ ਭੁਗਤਾਨ ਕੀਤਾ। ਵਾਲੇਸ-ਹਾਰਡਿਮਨ ਡਿਟਰਾਇਟ ਦੇ 'ਵੁੱਡਵਰਡ ਬੁਲੇਵਾਰਡ ਮੈਡੀਕਲ ਬਿਲਡਿੰਗ' ਨਾਂਅ ਦੇ ਇਲਾਜ ਕੇਂਦਰ ਦੀ ਮਾਲਕ ਅਤੇ ਸੰਚਾਲਕ ਸੀ। ਤਿੰਨੋਂ ਡਾਕਟਰ ਵੱਖ-ਵੱਖ ਸਮਿਆਂ ਦੌਰਾਨ ਇੱਥੇ ਕੰਮ ਕਰਦੇ ਸਨ। ਅਧਿਕਾਰੀਆਂ ਦਾ ਦੋਸ਼ ਹੈ ਕਿ ਕੇਂਦਰ ਵਿਚ ਬੀਮਾ ਸਵੀਕਾਰ ਨਹੀਂ ਕੀਤਾ ਜਾਂਦਾ ਸੀ। ਮਨਚਾਹੀ ਦਵਾਈ ਦਾ ਪਰਚਾ ਮਿਲਣ ਵਾਲੀ ਮੁਲਾਕਾਤ ਲਈ 250 ਤੋਂ 500 ਡਾਲਰ ਨਕਦ ਲਏ ਜਾਂਦੇ ਸਨ। ਜੇ ਦਵਾਈ ਦੀ ਦੁਕਾਨ ਤੋਂ ਗੋਲੀਆਂ ਨਾ ਮਿਲਦੀਆਂ ਤਾਂ ਅਗਲੀ ਮੁਲਾਕਾਤ ਦੀ ਫ਼ੀਸ ਮੁਆਫ਼ ਕਰ ਦਿੱਤੀ ਜਾਂਦੀ ਸੀ। ਜਾਂਚ ਤੋਂ ਬਚਣ ਲਈ ਨਵੇਂ ਆਉਣ ਵਾਲਿਆਂ ਤੋਂ ਪੁੱਛਿਆ ਜਾਂਦਾ ਸੀ ਕਿ ਉਨ੍ਹਾਂ ਨੂੰ ਕਿਸ ਨੇ ਭੇਜਿਆ ਹੈ। ਭਰੋਸੇਯੋਗ ਵਿਚੋਲੇ ਜਾਂ ਮੁਲਾਜ਼ਮ ਦਾ ਨਾਂਅ ਨਾ ਦੱਸਣ ਵਾਲਿਆਂ ਨੂੰ ਵਾਪਸ ਮੋੜ ਦਿੱਤਾ ਜਾਂਦਾ ਸੀ। ਜਾਂਚ ਮੁਤਾਬਕ 2021 ਤੋਂ 2024 ਦੌਰਾਨ ਇਸ ਕੇਂਦਰ ਦੇ ਡਾਕਟਰਾਂ ਨੇ ਪੰਜ ਲੱਖ ਤੋਂ ਵੱਧ ਖੁਰਾਕਾਂ ਦੇ ਪਰਚੇ ਲਿਖੇ, ਜਿਨ੍ਹਾਂ ਦੀ ਗੈਰਕਾਨੂੰਨੀ ਬਾਜ਼ਾਰ ਵਿਚ ਕੀਮਤ 46 ਲੱਖ ਡਾਲਰ ਤੋਂ ਵੱਧ ਦੱਸੀ ਗਈ ਹੈ। ਇਕ ਹੋਰ ਕਥਿਤ ਫ਼ਰਜ਼ੀ ਕੇਂਦਰ 'ਪੀ ਐਂਡ ਏ ਆਫ਼ਟਰਕੇਅਰ' ਵਿੱਚ 19 ਲੱਖ ਤੋਂ ਵੱਧ ਖੁਰਾਕਾਂ ਦੇ ਪਰਚੇ ਲਿਖੇ ਗਏ, ਜਿਨ੍ਹਾਂ ਦੀ ਕੀਮਤ ਇਕ ਕਰੋੜ ਡਾਲਰ ਤੋਂ ਵੱਧ ਦੱਸੀ ਗਈ ਹੈ। ਵਿਲਕਰਸਨ ਅਤੇ ਵਾਲੇਸ-ਹਾਰਡਿਮਨ ਖ਼ਿਲਾਫ਼ ਗੈਰਕਾਨੂੰਨੀ ਕਮਾਈ ਨੂੰ ਜਾਇਜ਼ ਦਿਖਾਉਣ ਲਈ ਵਿੱਤੀ ਲੈਣ-ਦੇਣ ਕਰਨ ਦੇ ਦੋਸ਼ ਵੀ ਹਨ। ਸਬੰਧਤ ਦੋਸ਼ ਸਾਬਤ ਹੋਣ 'ਤੇ ਹਰ ਦੋਸ਼ ਲਈ ਵੱਧ ਤੋਂ ਵੱਧ 20 ਸਾਲ ਦੀ ਕੈਦ, ਢਾਈ ਲੱਖ ਡਾਲਰ ਜੁਰਮਾਨਾ ਜਾਂ ਦੋਵੇਂ ਹੋ ਸਕਦੇ ਹਨ। ਅਸਲ ਸਜ਼ਾ ਅਦਾਲਤ ਤੈਅ ਕਰੇਗੀ। ਫਿਲਹਾਲ ਮੁਲਜ਼ਮਾਂ ਖ਼ਿਲਾਫ਼ ਦੋਸ਼ ਸਾਬਤ ਹੋਣੇ ਬਾਕੀ ਹਨ।

ਮਿਲੇਗਾ 21 ਕਰੋੜ ਬੈਰਲ ਤੇਲ, ਟਰੰਪ ਨੇ ਮੀਥੇਨ ਸਬੰਧੀ ਨਿਯਮ ਰੱਦ ਕਰਨ ਦਾ ਕੀਤਾ ਐਲਾਨ

ਬਿਲਿੰਗਜ਼, ਸੰਯੁਕਤ ਰਾਜ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਮੰਗਲਵਾਰ ਨੂੰ ਅਹਿਮ ਐਲਾਨ ਕੀਤਾ। ਐਲਾਨ ਮੁਤਾਬਕ ਉਨ੍ਹਾਂ ਦਾ ਪ੍ਰਸ਼ਾਸਨ ਤੇਲ ਅਤੇ ਗੈਸ ਖੂਹਾਂ ਤੋਂ ਜਲਵਾਯੂ ਨੂੰ ਗਰਮ ਕਰਨ ਵਾਲੇ ਮੀਥੇਨ ਨਿਕਾਸ ਨੂੰ ਘਟਾਉਣ ਲਈ ਸਾਬਕਾ ਰਾਸ਼ਟਰਪਤੀ ਜੋਅ ਬਾਈਡੇਨ ਦੇ ਕਾਰਜਕਾਲ ਦੌਰਾਨ ਲਾਗੂ ਕੀਤੇ ਗਏ ਨਿਯਮ ਨੂੰ ਰੱਦ ਕਰੇਗਾ। ਟਰੰਪ ਨੇ ਮੰਗਲਵਾਰ ਨੂੰ ਟੈਕਸਾਸ ਵਿੱਚ ਇੱਕ ਚੋਣ ਰੈਲੀ ਦੌਰਾਨ ਕਿਹਾ ਕਿ ਇਸ ਫੈਸਲੇ ਨਾਲ ਖਪਤਕਾਰਾਂ ਅਤੇ ਊਰਜਾ ਉਤਪਾਦਕਾਂ ਨੂੰ 45 ਬਿਲੀਅਨ ਡਾਲਰ ਦੀ ਬਚਤ ਹੋਵੇਗੀ ਅਤੇ 21 ਕਰੋੜ ਬੈਰਲ ਤੇਲ ਕੱਢਣ ਦਾ ਰਾਹ ਪੱਧਰਾ ਹੋਵੇਗਾ, ਜੋ ਕਿ ਲਗਭਗ 10 ਦਿਨਾਂ ਦੀ ਅਮਰੀਕੀ ਪੈਟਰੋਲੀਅਮ ਖਪਤ ਦੇ ਬਰਾਬਰ ਹੈ।

ਇਹ ਕਦਮ ਅਜਿਹੇ ਸਮੇਂ ਵਿਚ ਚੁੱਕਿਆ ਗਿਆ ਹੈ ਜਦੋਂ ਟਰੰਪ ਈਰਾਨ ਨਾਲ ਅਮਰੀਕਾ ਦੀ ਜੰਗ ਦੌਰਾਨ ਉੱਚ ਬਾਲਣ ਕੀਮਤਾਂ ਲਈ ਆਲੋਚਨਾ ਦਾ ਸਾਹਮਣਾ ਕਰ ਰਹੇ ਹਨ। ਇਸ ਕਦਮ ਦਾ ਉਦੇਸ਼ ਘਰੇਲੂ ਤੇਲ ਦੀ ਖੋਜ ਨੂੰ ਉਤਸ਼ਾਹਿਤ ਕਰਨਾ ਹੈ। ਵਿਗਿਆਨੀਆਂ ਦੇ ਅਨੁਸਾਰ ਜਲਵਾਯੂ-ਗਰਮ ਕਰਨ ਵਾਲੇ ਗ੍ਰੀਨਹਾਊਸ ਗੈਸ ਨਿਕਾਸ ਦਾ ਲਗਭਗ ਇੱਕ ਤਿਹਾਈ ਮੀਥੇਨ ਹੈ। ਤੇਲ ਅਤੇ ਗੈਸ ਉਦਯੋਗ ਉਦਯੋਗਿਕ ਮੀਥੇਨ ਨਿਕਾਸ ਵਿੱਚ ਸਭ ਤੋਂ ਵੱਡਾ ਯੋਗਦਾਨ ਪਾਉਂਦਾ ਹੈ। ਮੀਥੇਨ ਕੁਦਰਤੀ ਗੈਸ ਦਾ ਇੱਕ ਪ੍ਰਮੁੱਖ ਹਿੱਸਾ ਹੈ ਅਤੇ ਥੋੜ੍ਹੇ ਸਮੇਂ ਵਿੱਚ ਕਾਰਬਨ ਡਾਈਆਕਸਾਈਡ ਨਾਲੋਂ ਵਾਤਾਵਰਣ ਨੂੰ ਜ਼ਿਆਦਾ ਗਰਮ ਕਰਦਾ ਹੈ। ਇਹ ਗੈਸ ਉਪਕਰਣਾਂ ਤੋਂ ਵਾਯੂਮੰਡਲ ਵਿੱਚ ਲੀਕ ਹੁੰਦੀ ਹੈ ਜਾਂ ਤੇਲ ਕੱਢਣ ਦੌਰਾਨ ਰਹਿੰਦ-ਖੂੰਹਦ ਵਜੋਂ ਸਾੜ ਦਿੱਤੀ ਜਾਂਦੀ ਹੈ।

ਯੂਐਸ ਐਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ (ਈਪੀਏ) ਦੇ ਮੁਖੀ ਲੀ ਜ਼ੈਲਡਿਨ ਨੇ ਪਿਛਲੇ ਮਹੀਨੇ ਇਨ੍ਹਾਂ ਬਦਲਾਵਾਂ ਵੱਲ ਇਸ਼ਾਰਾ ਕੀਤਾ ਸੀ। ਉਨ੍ਹਾਂ ਏਜੰਸੀ ਦੇ 'ਸੁਪਰ ਐਮੀਟਰ ਪ੍ਰੋਗਰਾਮ' ਦਾ ਐਲਾਨ ਕੀਤਾ, ਜਿਸ ਵਿੱਚ ਕੰਪਨੀਆਂ ਨੂੰ ਤੇਲ ਅਤੇ ਕੁਦਰਤੀ ਗੈਸ ਸਥਾਪਨਾਵਾਂ ਤੋਂ ਵੱਡੇ ਮੀਥੇਨ ਲੀਕ ਦੀ ਜਾਂਚ ਅਤੇ ਮੁਰੰਮਤ ਕਰਨ ਦੀ ਲੋੜ ਹੁੰਦੀ ਹੈ। ਏਜੰਸੀ ਛੋਟੇ ਤੇਲ ਅਤੇ ਗੈਸ ਖੂਹਾਂ ਲਈ ਘੱਟ ਸਖ਼ਤ ਮਾਪਦੰਡ ਵੀ ਨਿਰਧਾਰਤ ਕਰੇਗੀ। ਵਾਤਾਵਰਣ ਸੰਗਠਨਾਂ ਨੇ ਇਸ ਫੈਸਲੇ ਦੀ ਆਲੋਚਨਾ ਕੀਤੀ ਹੈ। ਵਾਤਾਵਰਣ ਕਾਨੂੰਨ ਅਤੇ ਨੀਤੀ ਕੇਂਦਰ ਦੇ ਵਕੀਲ ਮੈਕਸ ਲੋਪੇਜ਼ ਨੇ ਕਿਹਾ ਕਿ ਇਸ ਨਾਲ ਪਹਿਲਾਂ ਹੀ ਇਸਦੇ ਪ੍ਰਭਾਵਾਂ ਦਾ ਸਾਹਮਣਾ ਕਰ ਰਹੇ ਭਾਈਚਾਰਿਆਂ 'ਤੇ ਪ੍ਰਦੂਸ਼ਣ ਦਾ ਬੋਝ ਵਧੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਨਾਲ ਊਰਜਾ ਖੇਤਰ ਦੀ ਕੁਸ਼ਲਤਾ ਵੀ ਘੱਟ ਜਾਵੇਗੀ।

ਜ਼ੈਲਡਿਨ ਨੇ ਕਿਹਾ ਕਿ ਮੀਥੇਨ ਨਿਯਮਾਂ ਨੂੰ ਲਾਗੂ ਕਰਨ ਨਾਲ 18 ਬਿਲੀਅਨ ਅਮਰੀਕੀ ਡਾਲਰ ਦਾ ਖਰਚਾ ਆਵੇਗਾ ਅਤੇ ਅਮਰੀਕੀ ਊਰਜਾ ਉਦਯੋਗ ਦੀ ਤਰੱਕੀ ਵਿੱਚ ਰੁਕਾਵਟ ਆਵੇਗੀ। ਉਨ੍ਹਾਂ ਕਿਹਾ ਕਿ ਟਰੰਪ ਪ੍ਰਸ਼ਾਸਨ ਦੀ ਵਾਤਾਵਰਣ ਸੁਰੱਖਿਆ ਏਜੰਸੀ ਅਮਰੀਕਾ ਨੂੰ ਆਪਣੀ ਊਰਜਾ ਸੰਭਾਵਨਾ ਦੀ ਪੂਰੀ ਵਰਤੋਂ ਕਰਨ ਵਿੱਚ ਮਦਦ ਕਰਨ ਲਈ ਵਚਨਬੱਧ ਹੈ। ਸਾਬਕਾ ਰਾਸ਼ਟਰਪਤੀ ਬਾਈਡੇਨ ਦੇ ਅਧੀਨ ਸੰਘੀ ਅਧਿਕਾਰੀਆਂ ਨੇ ਕਿਹਾ ਕਿ ਇਹ ਨਿਯਮ 2038 ਤੱਕ ਅੰਦਾਜ਼ਨ 58 ਮਿਲੀਅਨ ਟਨ ਮੀਥੇਨ ਨਿਕਾਸ ਨੂੰ ਰੋਕੇਗਾ ਅਤੇ ਸਿਹਤ ਸਮੱਸਿਆਵਾਂ ਪੈਦਾ ਕਰਨ ਵਾਲੇ ਹੋਰ ਪ੍ਰਦੂਸ਼ਕਾਂ ਦੇ ਨਿਕਾਸ ਨੂੰ ਵੀ ਘਟਾਏਗਾ। ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਦੇ ਅਧੀਨ ਵੀ ਮੀਥੇਨ ਨਿਕਾਸ ਨੂੰ ਰੋਕਣ ਦੇ ਯਤਨ ਕੀਤੇ ਗਏ ਸਨ, ਪਰ ਟਰੰਪ ਦੇ ਪਹਿਲੇ ਕਾਰਜਕਾਲ ਦੌਰਾਨ ਉਹ ਸੀਮਤ ਸਨ।

ਬੱਚੇ ਦੀ ਗੋਲੀ ਨਾਲ ਮੌਤ ਦੇ ਮਾਮਲੇ 'ਚ ਕਾਰਜਕਾਰੀ ਪੁਲਿਸ ਮੁਖੀ ਵਲੋਂ ਅਸਤੀਫ਼ਾ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਸਾਡੇ ਲੋਕ) : ਮਿਸੀਸਿਪੀ ਵਿਚ ਪਿੱਛਾ ਕਰਨ ਦੌਰਾਨ ਹੋਈ ਗੋਲੀਬਾਰੀ ਨਾਲ ਕਾਰ ਵਿਚ ਸਵਾਰ 1 ਸਾਲ ਦੇ ਬੱਚੇ ਦੀ ਮੌਤ ਹੋ ਜਾਣ ਦੇ ਮਾਮਲੇ 'ਚ ਤਤਕਾਲੀ ਪੁਲਿਸ ਅਧਿਕਾਰੀ ਅਤੇ ਕਾਰਜਕਾਰੀ ਪੁਲਿਸ ਮੁਖੀ ਹੰਟਰ ਫੌਸਟਰ ਨੇ ਅਸਤੀਫ਼ਾ ਦੇ ਦਿੱਤਾ ਹੈ। ਮੇਅਰ ਗਰੇਗ ਗਰੇਵਜ ਨੇ ਫੌਸਟਰ ਦੇ ਅਸਤੀਫ਼ੇ ਦੀ ਪੁਸ਼ਟੀ ਕੀਤੀ ਹੈ। ਇਸ ਤੋਂ ਪਹਿਲਾਂ ਰਾਜ ਪ੍ਰਸ਼ਾਸਨ ਨੇ ਕਿਹਾ ਸੀ ਕਿ ਜੂਨ ਵਿਚ ਵਾਪਰੀ ਗੋਲੀਬਾਰੀ ਦੀ ਇਸ ਘਟਨਾ ਵਿਚ ਅਧਿਕਾਰੀ ਦੀ ਕਾਰਵਾਈ ਜਾਇਜ਼ ਸੀ। ਇਹ ਘਟਨਾ 14 ਜੂਨ ਨੂੰ ਉਸ ਵੇਲੇ ਵਾਪਰੀ ਸੀ, ਜਦੋਂ ਸੇਨਾਟੋਬੀਆ ਦੇ ਪੁਲਿਸ ਅਧਿਕਾਰੀ ਅਤੇ ਟੇਟ ਕਾਉਂਟੀ ਦੇ ਡਿਪਟੀ, ਇਕ ਵਾਲਮਾਰਟ ਸਟੋਰ ਤੋਂ ਚੋਰੀ ਦੀ ਸੂਚਨਾ ਮਿਲਣ 'ਤੇ ਕਾਰਵਾਈ ਕਰ ਰਹੇ ਸਨ। ਇਸ ਦੌਰਾਨ ਉਨਾਂ ਨੇ ਕੌਹੇਨ ਵਾਈਲੀ ਦੀ ਮਾਂ ਅਤੇ ਉਸ ਦੇ ਦੋਸਤ ਦਾ ਪਿੱਛਾ ਕੀਤਾ, ਜੋ ਆਪਣੀ ਕਾਰ 'ਚ ਜਾ ਰਹੇ ਸਨ। ਮਿਸੀਸਿਪੀ ਦੇ ਜਨਤਕ ਸੁਰੱਖਿਆ ਵਿਭਾਗ ਨੇ ਉਸ ਸਮੇਂ ਇੱਕ ਬਿਆਨ ਵਿਚ ਕਿਹਾ ਸੀ ਕਿ ਅਧਿਕਾਰੀਆਂ ਨੇ ਵਾਹਨ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਡਰਾਈਵਰ ਨੇ ਗੱਡੀ ਅਧਿਕਾਰੀਆਂ ਵੱਲ ਮੋੜ ਦਿੱਤੀ, ਜਿਸ ਨਾਲ ਉਹ ਲਗਭਗ ਇਕ ਅਧਿਕਾਰੀ ਨੂੰ ਟੱਕਰ ਮਾਰਨ ਹੀ ਵਾਲਾ ਸੀ, ਜਦੋਂ ਫੌਸਟਰ ਨੂੰ ਆਪਣੇ ਬਚਾਅ ਲਈ ਗੋਲੀ ਚਲਾਉਣੀ ਪਈ ਸੀ, ਜਿਸ ਨਾਲ ਬੱਚੇ ਕੌਹੇਨ ਵਾਈਲੀ ਦੀ ਮੌਤ ਹੋ ਗਈ ਸੀ।

ਕੈਲੀਫੋਰਨੀਆ ਵਿਚ ਸ਼ੱਕੀ ਗੈਰ-ਨਾਗਰਿਕਾਂ ਦੀਆਂ ਵੋਟਾਂ ਵੱਖ ਕਰਨ ਦਾ ਹੁਕਮ

ਸੈਕਰਾਮੈਂਟੋ : ਨਿਆਂ ਵਿਭਾਗ ਨੇ ਕੈਲੀਫੋਰਨੀਆ ਦੇ ਚੋਣ ਅਧਿਕਾਰੀਆਂ ਨੂੰ ਵੋਟਰ ਸੂਚੀਆਂ ਵਿਚ ਸ਼ੱਕੀ ਗੈਰ-ਨਾਗਰਿਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੀਆਂ ਡਾਕ ਰਾਹੀਂ ਪਾਈਆਂ ਵੋਟਾਂ ਵੱਖ ਕਰਨ ਦਾ ਹੁਕਮ ਦਿੱਤਾ ਹੈ। ਇਸ ਦੇ ਨਾਲ ਹੀ ਚਿਤਾਵਨੀ ਦਿੱਤੀ ਹੈ ਕਿ ਜੋ ਅਧਿਕਾਰੀ ਜਾਣਬੁੱਝ ਕੇ ਗੈਰ-ਨਾਗਰਿਕਾਂ ਦੁਆਰਾ ਪਾਈਆਂ ਗਈਆਂ ਵੋਟਾਂ ਦੀ ਗਿਣਤੀ ਕਰਦੇ ਹਨ ਤਾਂ ਉਨ੍ਹਾਂ ਨੂੰ ਅਪਰਾਧਿਕ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਹ ਕਾਰਵਾਈ ਟਰੰਪ ਪ੍ਰਸ਼ਾਸਨ ਵਲੋਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਵੋਟਰ ਸੂਚੀਆਂ ਦੀ ਜਾਂਚ ਕਰਨ ਦੇ ਯਤਨਾਂ ਦਾ ਹਿੱਸਾ ਹੈ, ਕਿਉਂਕਿ ਰਾਸ਼ਟਰਪਤੀ ਡੋਨਾਲਡ ਟਰੰਪ ਵਿਆਪਕ ਚੋਣ ਧੋਖਾਧੜੀ ਦੇ ਦੋਸ਼ ਲਾਉਂਦੇ ਆ ਰਹੇ ਹਨ। ਕੈਲੀਫੋਰਨੀਆ ਕਾਉਂਟੀ ਚੋਣ ਅਧਿਕਾਰੀਆਂ ਨੂੰ ਭੇਜੇ ਗਏ ਪੱਤਰਾਂ ਵਿਚ ਉਨ੍ਹਾਂ ਨੂੰ ਨਿਆਂ ਵਿਭਾਗ ਅਤੇ ਗ੍ਰਹਿ ਸੁਰੱਖਿਆ ਵਿਭਾਗ ਨਾਲ ਕੰਮ ਕਰਨ ਲਈ ਕਿਹਾ ਗਿਆ ਹੈ ਤਾਂ ਜੋ ਇਹ ਪਛਾਣ ਕੀਤੀ ਜਾ ਸਕੇ ਕਿ ਸੂਚੀਆਂ ਵਿਚ ਕੌਣ ਨਾਗਰਿਕ ਹੈ ਅਤੇ ਕੌਣ ਨਹੀਂ। ਰਿਪੋਰਟ ਅਨੁਸਾਰ ਫਸਟ ਅਸਿਸਟੈਂਟ ਯੂ.ਐਸ. ਅਟਾਰਨੀ ਬਿਲ ਐਸੇਲੀ ਨੇ ਸੈਨ ਬਰਨਾਰਡੀਨੋ ਕਾਉਂਟੀ ਦੇ ਅਧਿਕਾਰੀਆਂ ਨੂੰ ਭੇਜੇ ਇਕ ਪੱਤਰ ਵਿਚ ਕਿਹਾ ਹੈ ਕਿ ਜੇਕਰ ਵਿਅਕਤੀ ਜਾਣਬੁੱਝ ਕੇ ਸੰਘੀ ਏਜੰਸੀਆਂ ਦੁਆਰਾ ਗੈਰ-ਨਾਗਰਿਕ ਵਜੋਂ ਪਛਾਣੇ ਗਏ ਵਿਅਕਤੀਆਂ ਦੁਆਰਾ ਪਾਏ ਗਏ ਵੋਟ ਪੱਤਰਾਂ ਨੂੰ ਸੂਚੀਬੱਧ ਕਰਦੇ ਹਨ ਤਾਂ ਉਹ ਸੰਘੀ ਅਪਰਾਧ ਦੇ ਸਹਾਇਕ ਅਤੇ ਸਹਿਯੋਗੀ ਬਣਨ ਦੇ ਜੋਖਮ ਤਹਿਤ ਹੋਵੇਗਾ। 13 ਅਕਤੂਬਰ ਨੂੰ ਭੇਜੇ ਗਏ ਪਹਿਲੇ ਪੱਤਰ ਵਿਚ ਇਕ ਪਾਸਵਰਡ-ਸੁਰੱਖਿਅਤ ਥੰਬ ਡਰਾਈਵ ਸ਼ਾਮਿਲ ਸੀ, ਜਿਸ ਵਿਚ ਉਨ੍ਹਾਂ ਲੋਕਾਂ ਦੇ ਨਾਂਅ ਸਨ, ਜਿਨ੍ਹਾਂ ਬਾਰੇ ਪ੍ਰਸ਼ਾਸਨ ਸਮਝਦਾ ਹੈ ਕਿ ਉਹ ਗੈਰ-ਨਾਗਰਿਕ ਹਨ, ਜਿਨ੍ਹਾਂ ਨੂੰ ਨਵੰਬਰ ਦੀਆਂ ਚੋਣਾਂ ਲਈ ਵੋਟ ਪੱਤਰ ਭੇਜੇ ਗਏ ਸਨ। ਪੱਤਰ ਵਿਚ ਅਧਿਕਾਰੀਆਂ ਨੂੰ ਉਨ੍ਹਾਂ ਲੋਕਾਂ ਦੇ ਵੋਟ ਪੱਤਰ ਅਸਥਾਈ ਤੌਰ 'ਤੇ ਵੱਖ ਕਰਨ ਲਈ ਕਿਹਾ ਹੈ, ਜਿਨ੍ਹਾਂ ਦੀ ਨਾਗਰਿਕਤਾ ਦੀ ਪੁਸ਼ਟੀ ਨਹੀਂ ਹੋ ਸਕੀ। ਪੱਤਰ ਮਿਲਣ ਉਪਰੰਤ ਲਾਸ ਏਂਜਲਸ ਕਾਉਂਟੀ ਕਲਰਕ ਡੀਨ ਸੀ. ਲੋਗਨ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਸਹੀ ਵੋਟਰ ਰਜਿਸਟਰੇਸ਼ਨ ਰਿਕਾਰਡਾਂ ਨੂੰ ਬਣਾਈ ਰੱਖਣਾ ਸਾਡੇ ਦਫ਼ਤਰ ਦੀ ਇਕ ਬੁਨਿਆਦੀ ਜ਼ਿੰਮੇਵਾਰੀ ਹੈ।

CALL US: 209-637-0210 | 612-578-8078
925-495-0207

SAN RAMON
Lathrop & Main Street Manteca
URGENT CARE & CLINIC

CITIZENSHIP ELIGIBILITY AND GREEN CARD APPLICATION

DR. RAJESH MAHESHWARI, MD

VISIT US NOW!

San Ramon URGENT CARE & CLINIC
9140 Alcosta Boulevard Ste D
San Ramon, CA 94583
(925) 361-5959

Lathrop URGENT CARE
15810 Harlan Road #A
Lathrop, CA 95330
(209) 983-9000

Main Street URGENT CARE
1040 North Main Street
Manteca, CA 95336
(209) 825-5155

https://www.sanramonurgentcare.com/
Email us at info@sanramonucc.com

ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(ਪਿਛਲੇ ਅੰਕ ਦੀ ਬਾਕੀ)

Ref. Extract from station diary of Bhoiwada Police Station, dated Thursday, the 27th. May 1937, 12.10 a.m.

-Source Material Vol-I (Page-162)

ਮਾਂਗ ਕਮਿਊਨਿਟੀ ਦੀ ਸ਼ੋਲਾਪੁਰ ਕਾਨਫ਼ਰੰਸ: ਸਫ਼ਾ-163/180

ਸੰਨ 1936 ਈ. ਦੇ ਪੈਰਾ ਨੰਬਰ-558 ਅਨੁਸਾਰ ਮਾਂਗ ਕਮਿਊਨਿਟੀ ਦੀ ਕਾਨਫ਼ਰੰਸ ਦਾ ਚੌਥਾ ਸੈਸ਼ਨ ਪਹਿਲੀ ਜਨਵਰੀ 1938 ਨੂੰ ਸ਼ੋਲਾਪੁਰ 'ਚ ਹੋਈ ਕਾਨਫ਼ਰੰਸ 'ਚ ਹੋਇਆ। ਡਾ. ਬੀ.ਆਰ. ਅੰਬੇਡਕਰ ਨੇ ਕਿਹਾ ਕਿ ਉਸ ਦਾ ਅਛੂਤਾਂ ਨੂੰ ਉੱਪਰ ਚੁੱਕਣ ਦਾ ਕੰਮ ਮਹਾਰਾਂ ਤੱਕ ਸੀਮਤ ਨਹੀਂ ਸੀ, ਪਰ ਸਭ ਦੱਬੀਆਂ ਕੁਚਲੀਆਂ ਜਾਤਾਂ ਲਈ ਹੈ। ਉਸ ਨੇ ਉਨ੍ਹਾਂ ਲਈ ਹੋਸਟਲ ਖੋਲ੍ਹੇ ਅਤੇ ਮਾਂਗਜ਼ ਲਈ ਸਰਕਾਰੀ ਵਿਭਾਗਾਂ ਵਿਚ ਮਾਂਗਜ ਅਤੇ ਚਮਾਰਾਂ ਲਈ ਨੌਕਰੀਆਂ ਸੁਰੱਖਿਅਤ ਰਖਵਾ ਚੁੱਕਾ ਸੀ। ਲਗਪਗ 2500 ਨੇ ਹਾਜ਼ਰੀ ਭਰੀ।

(The Bombay Secret Abstract, dated the Hth January 1938)

ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ Source Material Vol-One ਦੇ ਪੰਨਾ 134/155 ਤੋਂ ਪੰਨਾ 163/180 ਵਿਚੋਂ ਲਿਖਤ ਦਾ ਅਨੁਵਾਦ ਅੰਗਰੇਜ਼ੀ ਤੋਂ ਪੰਜਾਬੀ ਵਿਚ ਜੋ ਪਿੱਛੇ ਦਿੱਤਾ ਗਿਆ ਹੈ, ਉਸ ਸਮੇਂ ਦੀ ਅੰਗਰੇਜ਼ ਸਰਕਾਰ ਦੇ ਸੂਹੀਆ ਵਿਭਾਗ ਦੀਆਂ ਗੁਪਤ ਰਿਪੋਰਟਾਂ ਤੋਂ ਕੀਤਾ ਗਿਆ ਹੈ।

-ਹਵਾਲਾ: ਮੱਲ ਸਿੰਘ, ਡਾ. ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ ? (ਦੋਸ਼ੀ ਕੌਣ), ਪੰਨਾ 197-220

South Asia. Journal of South Asia Studies N.S., Vol XXIX, No. A, April 2006

Routledge Taylor & French Group.

The All India Hindu Mahasabha, Untouchable Politics and

'Denationalising' Conversions .

THE MOONJE-AMBEDKAR PACT

KEITH MEADOWCRAFT

St. Thomas University, Frederiction, New Brunswick

...ਅਛੂਤਾਂ ਉੱਪਰ ਕੋਈ ਵੀ ਖ਼ਰਚਿਆ ਪੈਸਾ ਯਾਰ-ਮਾਰ ਆਦਮੀ ਜਾਂ ਬਾਗ਼ ਦੇ ਸੱਪ ਨੂੰ ਦੁੱਧ ਪਿਆਉਣ ਵਾਂਗ ਹੈ। ਸਾਨੂੰ ਚਾਹੀਦਾ ਹੈ (ਕਿ) ਅਛੂਤਾਂ ਨੂੰ ਸਭ ਤੋਂ ਵਧ ਉਨ੍ਹਾਂ ਦੇ ਆਪਣੇ-ਆਪ ਤੇ ਸਖ਼ਤੀ ਨਾਲ ਛੱਡ ਦਿੱਤਾ ਜਾਏ।

-ਬੀ. ਐਸ. ਮੰਜੇ

ਜੇਕਰ ਭਾਰਤ ਅਤੇ ਪਾਕਿਸਤਾਨ ਇਕੱਠੇ ਇਕ ਰਾਜ (,) ਵਿਚ ਰਹਿ ਚੁੱਕੇ ਸਨ ਹਿੰਦੂ ਮਹਾਂ ਸਭਾ ਅਤੇ ਜਨ-ਸੰਘ ਨਾਲ ਫਿਰ ਵੀ ਨਾ ਖੜ੍ਹੇ ਹੁੰਦਿਆਂ, ਹਿੰਦੂ ਚਾਹੇ ਮੁਸਲਮਾਨਾਂ ਦੇ ਰਹਿਮੋ ਕਰਮ ਤੇ ਅਜ਼ਾਦ ਰਹਿ ਚੁੱਕੇ ਹੋਣਗੇ... ਮੁਸਲਮਾਨ ਬਿਨਾਂ ਪ੍ਰਸ਼ਨ ਰਾਜ ਕਰਦੀ ਜਮਾਤ ਰਹਿ ਚੁੱਕੀ ਹੈ।

-ਡਾ. ਅੰਬੇਡਕਰ

ਮੂੰਜੇ-ਅੰਬੇਡਕਰ ਸਮਝੌਤਾ 1936 ਕਪ-ਕਪੀ ਦਾ ਇਕ ਕਾਰਨ ਬਣਿਆ। ਜਦ ਆਲ ਇੰਡੀਆ ਹਿੰਦੂ ਮਹਾਂ ਸਭਾ ਦੇ ਪਹਿਲੇ ਪ੍ਰਧਾਨ ਬੀ. ਐਸ. ਮੌਜੇ ਇੰਡੋ-ਕੈਨੇਡੀਅਨ ਫ਼ਾਰਮੂਲੇ ਨੂੰ ਅੰਬੇਡਕਰ ਦੀ 'ਹਿੰਦੂਵਾਦ ਦੇ ਖ਼ਿਲਾਫ਼ ਬਗ਼ਾਵਤ' ਦੇ ਦੋਸਤਾਨਾ ਭਾਵ ਵਾਲਾ ਇਕ ਸਮਝੌਤਾ ਕਿਹਾ। ਐਮ. ਸੀ. ਰਾਜਾ ਪ੍ਰਧਾਨ ਆਲ ਇੰਡੀਆ ਦੱਬੀਆਂ ਕੁਚਲੀਆਂ ਜਮਾਤਾਂ ਦੀ ਐਸੋਸੀਏਸ਼ਨ ਨੇ ਭਾਰਤੀ ਅਛੂਤਾਂ' ਨੂੰ ਭੇਡਾਂ ਜਾਂ ਪਸ਼ੂਆਂ ਵਾਂਗ ਵਰਤਾਓ ਕਰਨ (ਦੇ ਖ਼ਿਲਾਫ਼) ਇਸ ਦੀ ਨਿਖੇਧੀ ਕੀਤੀ ਜਿਸ ਨੂੰ ਇਕ ਧਾਰਮਿਕ ਕਮਿਊਨਿਟੀ ਤੋਂ ਦੂਜੀ ਨੂੰ ਰਾਜਨੀਤੱਕ ਸੌਦੇਬਾਜ਼ੀ ਦੇ ਤੌਰ 'ਤੇ ਮਾਲ ਦਾ ਵਟਾਂਦਰਾ ਕੌਣ ਕਰ ਸਕਦਾ ਸੀ।

2 ਇਸ ਆਰਟੀਕਲ ਵਿਚ ਖੋਜ ਲਈ ਨਤੀਜਾ ਨਿਕਲਿਆ ਸਮਾਜਿਕ ਸਾਇੰਸ ਅਤੇ ਮਨੁੱਖ ਜਾਤੀ ਕੈਨੇਡਾ ਦਾ ਖੋਜ ਕੌਂਸਲ, ਕਿਊਬੇਕ (Fonds) ਪ੍ਰੋਮੀ ਐਫ. ਸੀ. ਏ. ਆਰ ਅਤੇ ਸ਼ਾਸਤਰੀ ਸੰਸਥਾਨ ਦੁਆਰਾ ਫ਼ੰਡ ਦਿੱਤਾ ਗਿਆ।

3 ਅਛੂਤ ਪਿਛਲੀ ਸਦੀ ਵਿਚ ਬਹੁਤ ਸਾਰੀਆਂ (terms) ਸ਼ਰਤਾਂ, ਉਨ੍ਹਾਂ ਸਾਰੇ ਰਿਸ਼ਤੇਦਾਰਾਂ ਨੂੰ ਰਵਾਇਤੀ ਗਰੁੱਪਾਂ ਨੂੰ ਲਪੇਟਿਆ ਸਿੱਕਾ ਦਾਨ ਕਰਨ ਲਈ ਹਿੰਦੂ ਜਾਤ ਦੁਆਰਾ ਚਤੁਰ ਵਰਨ ਪ੍ਰਬੰਧ ਦੇ ਬਾਹਰ ਹੋਣ (as to be) ਵਜੋਂ (to be so ritually) impure as to be) ਇਨੀਆਂ ਧਾਰਮਿਕ ਰੀਤਾਂ ਅਪਵਿੱਤਰ ਹੋਣਾ (deemed)

ਪਰ ਮਾਡਰਨ ਰਾਜਨੀਤੀ ਦੇ ਆਗਮਨ ਨਾਲ ਉਹ (come to be perceive) ਉਹ ਸਾਂਝੀਆਂ ਸ਼ਰਤਾਂ ਅਤੇ ਹਿਤਾਂ ਨੂੰ ਸਾਂਝੇ ਕਰਦਿਆਂ ਇਕ ਵੱਖਰੀ ਸਮਾਜਿਕ ਅਤੇ ਰਾਜਨੀਤੱਕ ਗੁੱਟ ਬੰਦੀ ਵਜੋਂ ਆਪੋ ਆਪਣੇ-ਆਪ ਨੂੰ ਸਮਝਣ ਆਏ ਹੋਣ। (and to perceive themselves as a discrete social) ਅਤੇ 1930ਵਿਆਂ ਵਿਚ ਇਹ ਪੇਪਰ ਆਪਸ ਵਿਚ ਅਦਲਾ ਬਦਲੀ ਯੋਗ (inter changeably) ਅਤੇ ਦੱਬੀਆਂ ਕੁਚਲੀਆਂ ਜਮਾਤਾਂ ਦੀਆਂ ਸ਼ਰਤਾਂ ਵਰਤਦਾ (usesterms) ਹੈ।

(ਚਲਦਾ)

ਗੁਰਦੁਆਰਾ ਨਾਨਕ ਦਰਬਾਰ ਸਾਹਿਬ ਓਲੇਥਾ ਕੈਨਸਾਸ
126 S Cherry Street Olathe, Kansas 66061

ਲਾਂਗਰੀ ਦੀ ਲੋੜ
ਗੁਰਦੁਵਾਰਾ ਸਾਹਿਬ ਵਿਖੇ ਲੰਗਰ ਤਿਆਰ ਕਰਨ ਲਈ
ਯੋਗ ਅਤੇ ਸੇਵਾਭਾਵੁਕ ਲਾਂਗਰੀ ਸਿੰਘ ਦੀ ਲੋੜ ਹੈ

ਤਨਖਾਹ ਯੋਗਤਾ ਅਨੁਸਾਰ

ਅਮਰੀਕਾ ਜਾਂ ਕੈਨੇਡਾ ਵੀਜ਼ਾ 'ਤੇ ਆਇਆ ਬੰਦਾ ਵੀ ਵਿਚਾਰਿਆ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ
ਸ: ਸੁੱਚਾ ਸਿੰਘ ਕੈਨਸਾਸ ਫੋਨ : (913) 256-9498

ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਹਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।

ਹੈਲਥ ਗਾਈਡ

ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਗਵਾਂਢਣੀ (ਸਟਾਈ)

ਗਵਾਂਢਣੀ ਬੈਕਟੀਰੀਆ ਦੇ ਕਾਰਨ ਹੁੰਦੀ ਹੈ। ਇਹ ਬੈਕਟੀਰੀਆ ਅੱਖਾਂ ਦੀਆਂ ਪਲਕਾਂ ਵਿੱਚ ਪੈਦਾ ਹੁੰਦਾ ਹੈ। ਗਵਾਂਢਣੀ ਇੱਕ ਲਾਲ ਉਭਾਰ ਤੋਂ ਸ਼ੁਰੂ ਹੋ ਕੇ ਆਕਾਰ ਵਿੱਚ ਵਧਦੀ ਜਾਂਦੀ ਹੈ ਅਤੇ ਕੁਝ ਦਿਨਾਂ ਬਾਅਦ ਫੱਟ ਜਾਂਦੀ ਹੈ। ਗਵਾਂਢਣੀ ਛੂਹਣ ਤੇ ਆਸਾਨੀ ਨਾਲ ਫੈਲਣ ਵਾਲਾ ਰੋਗ ਨਹੀਂ ਹੈ ਅਤੇ ਨਾ ਹੀ ਇਹ ਗੰਭੀਰ ਬਿਮਾਰੀ ਹੈ।

ਲੱਛਣ : 1. ਅੱਖਾਂ ਦੀ ਪਲਕ ਵਿੱਚ ਸੋਜ਼ਿਸ਼ ਅਤੇ ਦਰਦ ਹੁੰਦਾ ਹੈ।

2. ਗਵਾਂਢਣੀ ਵਿੱਚ 2-3 ਦਿਨ ਤੱਕ ਸੋਜ਼ਿਸ਼ ਰਹਿੰਦੀ ਹੈ ਅਤੇ ਇਸ ਤੋਂ ਬਾਅਦ ਫੱਟ ਜਾਂਦੀ ਹੈ ਤੇ ਤਰਲ ਪਦਾਰਥ ਬਾਹਰ ਨਿਕਲ ਆਉਂਦਾ ਹੈ।

3. ਗਵਾਂਢਣੀ 5-7 ਦਿਨਾਂ ਵਿੱਚ ਠੀਕ ਹੋ ਜਾਂਦੀ ਹੈ।

ਘਰੇਲੂ ਇਲਾਜ : 1. ਹਰ 3-4 ਘੰਟੇ ਬਾਅਦ, 10 ਮਿੰਟਾਂ ਲਈ, ਕੋਸਾ ਤੇ ਗਿੱਲਾ ਕੱਪੜਾ ਗਵਾਂਢਣੀ ਵਾਲੀ ਅੱਖ 'ਤੇ ਰੱਖੋ। ਇਹ ਦਰਦ ਨੂੰ ਘਟਾਉਣ ਵਿੱਚ ਮੱਦਦਗਾਰ ਹੈ ਅਤੇ ਇਸਨੂੰ ਜਲਦੀ ਠੀਕ ਕਰੇਗਾ।

2. ਗਵਾਂਢਣੀ ਵਿੱਚੋਂ ਆਪਣੇ ਆਪ ਤਰਲ ਪਦਾਰਥ ਨਿਕਲਣ ਦੇਵੋ, ਅੱਖ ਨੂੰ ਨਾ ਢੱਕੋ ਅਤੇ ਨਾ ਹੀ ਗਵਾਂਢਣੀ ਨੂੰ ਦਬਾਓ।

3. ਜਦੋਂ ਤੱਕ ਠੀਕ ਨਾ ਹੋ ਜਾਵੇ, ਉਦੋਂ ਤਕ ਕਨਟੈਕਟ ਲੈਂਜ਼ ਨਾ ਵਰਤੋ।

4. ਆਪਣੀਆਂ ਅੱਖਾਂ ਨੂੰ ਨਾ ਮਲੋ, ਇਸ ਨਾਲ ਇਨਫੈਕਸ਼ਨ ਵੱਧ ਸਕਦਾ ਹੈ।

ਡਾਕਟਰ ਨੂੰ ਕਦੋਂ ਦਿਖਾਈਏ : 1. ਜਦੋਂ ਗਵਾਂਢਣੀ ਵੱਡੀ ਹੋਣ ਕਰਕੇ ਦੇਖਣ ਵਿੱਚ ਤਕਲੀਫ਼ ਹੋਵੇ।

2. ਘਰੇਲੂ ਇਲਾਜ ਹੋਣ ਦੇ ਬਾਵਜੂਦ ਵੀ ਜਦੋਂ ਗਵਾਂਢਣੀ ਆਕਾਰ ਵਿੱਚ ਹੋਰ ਵੀ ਵਧਦੀ ਜਾਵੇ।

3. ਜਦੋਂ ਗਵਾਂਢਣੀ 5-7 ਦਿਨਾਂ ਵਿੱਚ ਠੀਕ ਨਾ ਹੋਵੇ ।



ਅੱਖ ਦੀ ਦਰਦ-ਰਹਿਤ ਲਾਲੀ (ਸਬਕੰਜਕਟੀਵੱਲ ਹੀਮੇਟੋਮਾ)

ਅੱਖਾਂ ਦੀ ਪਰਤ ਦੇ ਹੇਠ ਖ਼ੂਨ ਦੀਆਂ ਧਮਣੀਆਂ ਫਟਣ ਕਰਕੇ ਅੱਖਾਂ ਵਿੱਚ ਖ਼ੂਨ ਆ ਜਾਂਦਾ ਹੈ। ਇਹ ਇੱਕ ਚਿਤਾਵਨੀ ਦੀ ਤਰ੍ਹਾਂ ਹੁੰਦਾ ਹੈ, ਪਰ ਇਸਦਾ ਕਿਸੇ ਬਿਮਾਰੀ ਨਾਲ ਸੰਬੰਧ ਨਹੀਂ ਹੁੰਦਾ। ਇਹ ਆਪਣੇ ਆਪ ਹੀ ਠੀਕ ਹੋ ਜਾਂਦਾ ਹੈ। ਇਸ ਨਾਲ ਅੱਖਾਂ ਵਿੱਚ ਦਰਦ ਨਹੀਂ ਹੁੰਦੀ ਅਤੇ ਨਾ ਹੀ ਦੇਖਣ ਵਿੱਚ ਕੋਈ ਤਕਲੀਫ਼ ਹੁੰਦੀ ਹੈ।

ਕਾਰਨ : 1. ਬਲੱਡ ਪ੍ਰੈਸ਼ਰ ਦਾ ਜ਼ਿਆਦਾ ਵਧਣਾ।

2. ਬਹੁਤ ਜ਼ੋਰ ਨਾਲ ਲੱਖਾਂ ਨੂੰ ਰਗੜਨਾ।

3. ਅੱਖਾਂ ਦੀ ਸੱਟ।

4. ਕੁਝ ਦਵਾਈਆਂ, ਜਿਵੇਂ ਖ਼ੂਨ ਪਤਲਾ ਕਰਨ ਵਾਲੀ ਦਵਾਈ।

ਡਾਕਟਰ ਨੂੰ ਕਦੋਂ ਦਿਖਾਈਏ : 1. ਜਦੋਂ ਤੁਹਾਡਾ ਬਲੱਡ ਪ੍ਰੈਸ਼ਰ ਬਹੁਤ ਜ਼ਿਆਦਾ ਹੋਵੇ।

2. ਜਦੋਂ ਤੁਸੀਂ ਖ਼ੂਨ ਪਤਲਾ ਕਰਨ ਵਾਲੀਆਂ ਦਵਾਈਆਂ ਲੈ ਰਹੇ ਹੋਵੋ।

3. ਜੇਕਰ ਅੱਖ ਵਿੱਚ ਦਰਦ ਹੋ ਰਿਹਾ ਹੋਵੇ।

4. ਜੇਕਰ ਧੁੰਦਲਾ ਦਿਖੇ।

5. ਜੇਕਰ ਅੱਖ ਦੀ ਲਾਲੀ ਸੱਟ ਲੱਗਣ ਤੋਂ ਬਾਅਦ ਸ਼ੁਰੂ ਹੋਈ ਹੋਵੇ।

ਅੱਖਾਂ ਦਾ ਫੜਕਣਾ (ਆਈ ਟਵਿਚਜਿੰਗ)

ਅੱਖਾਂ ਦਾ ਫੜਕਣਾ ਜਾਂ ਅੱਖਾਂ ਦੇ ਆਲੇ-ਦੁਆਲੇ ਮਾਸਪੇਸ਼ੀਆਂ ਦਾ ਫੜਕਣਾ ਆਮ ਤੌਰ 'ਤੇ ਤਣਾਓ ਜਾਂ ਥਕਾਵਟ ਕਾਰਨ ਹੁੰਦਾ ਹੈ। ਇਹ ਬਿਮਾਰੀ ਨਹੀਂ ਹੈ।

ਡਾਕਟਰ ਨੂੰ ਕਦੋਂ ਦਿਖਾਈਏ :

ਆਰਾਮ ਕਰਨ ਨਾਲ ਅਤੇ ਤਣਾਓ ਘੱਟ ਹੋਣ 'ਤੇ ਅੱਖਾਂ ਦਾ ਫੜਕਣਾ ਆਪਣੇ ਆਪ ਬੰਦ ਹੋ ਜਾਂਦਾ ਹੈ, ਪਰ ਤੁਸੀਂ ਡਾਕਟਰ ਨੂੰ ਦਿਖਾਓ, ਜੇਕਰ:

1. ਤੁਹਾਡੀਆਂ ਅੱਖਾਂ ਲਾਲ ਹਨ ਜਾਂ ਅੱਖਾਂ ਵਿੱਚ ਦਰਦ ਹੈ।

2. ਅੱਖਾਂ ਵਿੱਚੋਂ ਤਰਲ ਪਦਾਰਥ ਨਿਕਲ ਰਿਹਾ ਹੈ।

3. ਤੁਹਾਨੂੰ ਬੁਖ਼ਾਰ ਹੈ।

4. ਜੇਕਰ ਅੱਖਾਂ ਦਾ ਫੜਕਣਾ 5-7 ਦਿਨਾਂ ਵਿੱਚ ਠੀਕ ਨਹੀਂ ਹੁੰਦਾ।

ਅੱਖ ਵਿੱਚ ਬਾਹਰੀ ਵਸਤੂ ਦਾ ਪੈਣਾ

1. ਆਪਣੀ ਅੱਖ ਨੂੰ ਨਾ ਮਲੋ।

2. ਅੱਖ ਨੂੰ ਛੂਹਣ ਤੋਂ ਪਹਿਲਾਂ ਆਪਣੇ ਹੱਥ ਚੰਗੀ ਤਰ੍ਹਾਂ ਸਾਫ਼ ਕਰੋ।

3. ਠੰਡੇ ਪਾਣੀ ਨਾਲ ਆਪਣੀ ਅੱਖ ਨੂੰ ਆਰਾਮ ਨਾਲ ਸਾਫ਼ ਕਰੋ।

4. ਜੇਕਰ ਤੁਹਾਡੀ ਅੱਖ ਦਰਦ ਕਰਦੀ ਹੈ ਜਾਂ ਘੱਟ ਦਿੱਸਦਾ ਹੈ ਤਾਂ ਆਪਣੇ ਡਾਕਟਰ ਨੂੰ ਦਿਖਾਓ।

ਬੱਚਿਆਂ ਵਿੱਚ ਕੰਨਾਂ ਦਾ ਇਨਫੈਕਸ਼ਨ

ਬੱਚਿਆਂ ਵਿੱਚ ਕੰਨ ਦੇ ਰਸਤੇ ਦਾ ਤੰਗ ਅਤੇ ਛੋਟਾ ਹੋਣ ਕਾਰਨ, ਬੱਚਿਆਂ ਵਿੱਚ ਕੰਨ ਦਾ ਇਨਫੈਕਸ਼ਨ ਜ਼ਿਆਦਾ ਪਾਇਆ ਜਾਂਦਾ ਹੈ। ਬਹੁਤੇ ਛੋਟੇ ਬੱਚੇ ਜੋ ਅਜੇ ਬੋਲ ਨਹੀਂ ਸਕਦੇ, ਆਪਣੇ ਕੰਨ ਵਿੱਚ ਇਨਫੈਕਸ਼ਨ ਹੋਣ 'ਤੇ ਆਪਣੇ ਕੰਨ ਨੂੰ ਖਿੱਚਦੇ ਜਾਂ ਰੋਂਦੇ ਰਹਿੰਦੇ ਹਨ।

ਕਾਰਨ :

ਜੀਵਾਣੂ (ਬੈਕਟੀਰੀਆ), ਵੀਸ਼ਾਣੂ (ਵਾਇਰਸ) ਅਤੇ ਜ਼ੁਕਾਮ (ਕੋਲਡ)।

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

ਕੈਨੇਡਾ ਵਿੱਚ ਫੂਡ ਬੈਂਕਾਂ 'ਤੇ ਨਿਰਭਰਤਾ ਨੇ ਤੋੜੇ ਸਾਰੇ ਪੁਰਾਣੇ ਰਿਕਾਰਡ

ਮਹਿੰਗਾਈ, ਮਹਿੰਗੇ ਕਿਰਾਏ ਅਤੇ ਜੀਵਨ-ਨਿਰਬਾਹ ਦੇ ਵਧਦੇ ਖ਼ਰਚਿਆਂ ਨੇ ਪਰਿਵਾਰਾਂ ਦਾ ਲੱਕ ਤੋੜਿਆ; ਨੌਕਰੀਪੇਸ਼ਾ ਲੋਕ ਵੀ ਰਾਸ਼ਨ ਲਈ ਫੂਡ ਬੈਂਕਾਂ ਦੇ ਮੁਹਤਾਜ

ਵਿੰਨੀਪੈਗ : ਕੈਨੇਡਾ ਵਿੱਚ ਵਧਦੀ ਮਹਿੰਗਾਈ ਦੇ ਸੰਕਟ ਅਤੇ ਜੀਵਨ-ਨਿਰਬਾਹ ਨੇ ਭੋਜਨ ਸੁਰੱਖਿਆ ਦੀ ਸਮੱਸਿਆ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। ਦੇਸ਼ ਵਿੱਚ ਫੂਡ ਬੈਂਕਾਂ 'ਤੇ ਨਿਰਭਰਤਾ ਨੇ ਨਵਾਂ ਰਿਕਾਰਡ ਕਾਇਮ ਕੀਤਾ ਹੈ। ਮਾਰਚ 2026 ਦੌਰਾਨ ਦੇਸ਼ ਭਰ ਵਿੱਚ ਫੂਡ ਬੈਂਕਾਂ ਦੇ 23.5 ਲੱਖ ਦੌਰੇ ਦਰਜ ਕੀਤੇ ਗਏ, ਜੋ ਪਿਛਲੇ ਸਾਲ ਦੇ ਮੁਕਾਬਲੇ 8.7 ਫ਼ੀਸਦੀ ਅਤੇ 2019 ਦੇ ਮੁਕਾਬਲੇ ਹੈਰਾਨੀਜਨਕ 117 ਫ਼ੀਸਦੀ ਵੱਧ ਹਨ।

ਫੂਡ ਬੈਂਕ ਕੈਨੇਡਾ ਦੀ ਸਾਲਾਨਾ ਰਿਪੋਰਟ 'ਹੰਗਰ ਕਾਊਂਟ 2026' ਦੇ ਹਵਾਲੇ ਨਾਲ ਸਾਹਮਣੇ ਆਏ ਇਹ ਅੰਕੜੇ ਦੇਸ਼ ਦੀ ਆਰਥਿਕ ਹਕੀਕਤ 'ਤੇ ਗੰਭੀਰ ਸਵਾਲ ਖੜ੍ਹੇ ਕਰਦੇ ਹਨ। ਦੁਨੀਆ ਦੇ ਵਿਕਸਿਤ ਦੇਸ਼ਾਂ ਵਿੱਚ ਗਿਣੇ ਜਾਂਦੇ ਕੈਨੇਡਾ ਵਿੱਚ ਜੇ ਲੱਖਾਂ ਲੋਕਾਂ ਨੂੰ ਰੋਜ਼ਾਨਾ ਭੋਜਨ ਦਾ ਪ੍ਰਬੰਧ ਕਰਨ ਲਈ ਚੈਰਿਟੀ ਸੰਸਥਾਵਾਂ ਦਾ ਸਹਾਰਾ ਲੈਣਾ ਪੈ ਰਿਹਾ ਹੈ, ਤਾਂ ਇਹ ਸੰਕਟ ਸਿਰਫ਼ ਗ਼ਰੀਬੀ ਦਾ ਨਹੀਂ, ਸਗੋਂ ਆਰਥਿਕ ਨੀਤੀਆਂ ਅਤੇ ਸਮਾਜਿਕ ਸੁਰੱਖਿਆ ਪ੍ਰਬੰਧਾਂ ਦੀ ਵੀ ਪਰਖ ਹੈ।

ਇਸ ਸੰਕਟ ਦਾ ਸਭ ਤੋਂ ਦਰਦਨਾਕ ਪੱਖ ਬੱਚਿਆਂ ਦੀ ਸਥਿਤੀ ਹੈ। ਮਾਰਚ ਮਹੀਨੇ ਦੌਰਾਨ ਬੱਚਿਆਂ ਨਾਲ ਸਬੰਧਿਤ 7,75,658 ਫੂਡ ਬੈਂਕ ਦੌਰੇ ਦਰਜ ਕੀਤੇ ਗਏ, ਜੋ ਕੁੱਲ ਦੌਰਿਆਂ ਦਾ ਲਗਪਗ ਇੱਕ-ਤਿਹਾਈ ਹਨ। ਇਹ ਅੰਕੜੇ ਦਰਸਾਉਂਦੇ ਹਨ ਕਿ ਭੋਜਨ ਦੀ ਕਮੀ ਹੁਣ ਸਿਰਫ਼ ਬੇਰੁਜ਼ਗਾਰਾਂ ਜਾਂ ਬੇਘਰ ਲੋਕਾਂ ਤੱਕ ਸੀਮਤ ਨਹੀਂ ਰਹੀ। ਬੱਚਿਆਂ ਵਾਲੇ ਪਰਿਵਾਰ ਵੀ ਇਸ ਦੀ ਮਾਰ ਝੱਲ ਰਹੇ ਹਨ। ਜਦੋਂ ਘਰ ਦਾ ਬਜਟ ਕਿਰਾਏ, ਬਿਜਲੀ, ਆਵਾਜਾਈ ਅਤੇ ਕਰਿਆਨੇ ਦੇ ਖ਼ਰਚਿਆਂ ਵਿੱਚ ਹੀ ਖ਼ਤਮ ਹੋ ਜਾਂਦਾ ਹੈ, ਤਾਂ ਪੌਸ਼ਟਿਕ ਭੋਜਨ ਦੀ ਉਪਲਬਧਤਾ ਸਭ ਤੋਂ ਵੱਡੀ ਚੁਣੌਤੀ ਬਣ ਜਾਂਦੀ ਹੈ।

ਸੰਕਟ ਦਾ ਇੱਕ ਹੋਰ ਅਹਿਮ ਪੱਖ ਇਹ ਹੈ ਕਿ ਨੌਕਰੀ ਕਰਨ ਵਾਲੇ ਲੋਕ ਵੀ ਵਧਦੇ ਖ਼ਰਚਿਆਂ ਕਾਰਨ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿੱਚ ਅਸਮਰਥ ਹੋ ਰਹੇ ਹਨ। ਘੱਟ ਆਮਦਨ, ਮਹਿੰਗੇ ਘਰ ਅਤੇ ਕਰਿਆਨੇ ਦੀਆਂ ਉੱਚੀਆਂ ਕੀਮਤਾਂ ਨੇ ਕਈ ਪਰਿਵਾਰਾਂ ਨੂੰ ਅਜਿਹੇ ਹਾਲਾਤ ਵਿੱਚ ਧੱਕ ਦਿੱਤਾ ਹੈ, ਜਿੱਥੇ ਉਨ੍ਹਾਂ ਨੂੰ ਕਿਰਾਇਆ ਦੇਣ ਅਤੇ ਖਾਣਾ ਖ਼ਰੀਦਣ ਵਿਚਕਾਰ ਚੋਣ ਕਰਨੀ ਪੈਂਦੀ ਹੈ। ਫੂਡ ਬੈਂਕ ਕੈਨੇਡਾ ਦੀ ਮੁੱਖ ਕਾਰਜਕਾਰੀ ਅਧਿਕਾਰੀ ਕਿਰਸਟਿਨ ਬੀਅਰਡਸਲੀ ਨੇ ਚਿਤਾਵਨੀ ਦਿੱਤੀ ਹੈ ਕਿ ਲੱਖਾਂ ਲੋਕਾਂ ਕੋਲ ਹੁਣ ਅਚਾਨਕ ਆਉਣ ਵਾਲੇ ਵਿੱਤੀ ਝਟਕਿਆਂ ਨੂੰ ਸਹਿਣ ਦੀ ਸਮਰੱਥਾ ਨਹੀਂ ਰਹੀ। ਉਨ੍ਹਾਂ ਮੁਤਾਬਕ, ਰਿਪੋਰਟ ਇਸ ਗੱਲ ਦੀ ਤਸਵੀਰ ਪੇਸ਼ ਕਰਦੀ ਹੈ ਕਿ ਜਦੋਂ ਲੋਕਾਂ ਕੋਲ ਕੋਈ ਹੋਰ ਰਾਹ ਨਹੀਂ ਬਚਦਾ, ਤਾਂ ਹਾਲਾਤ ਕਿੰਨੇ ਗੰਭੀਰ ਹੋ ਸਕਦੇ ਹਨ।

ਰਿਪੋਰਟ ਅਨੁਸਾਰ, ਪ੍ਰਿੰਸ ਐਡਵਰਡ ਆਈਲੈਂਡ ਅਤੇ ਨਿਊਫਾਊਂਡਲੈਂਡ ਐਂਡ ਲੈਬਰਾਡੋਰ ਨੂੰ ਛੱਡ ਕੇ ਬਾਕੀ ਸਾਰੇ ਸੂਬਿਆਂ ਅਤੇ ਇਲਾਕਿਆਂ ਵਿੱਚ ਫੂਡ ਬੈਂਕਾਂ ਦੇ ਦੌਰਿਆਂ ਵਿੱਚ ਵਾਧਾ ਦਰਜ ਕੀਤਾ ਗਿਆ। ਫੂਡ ਬੈਂਕਾਂ 'ਤੇ ਵਧਦੀ ਨਿਰਭਰਤਾ ਸਿਰਫ਼ ਅੰਕੜਾ ਨਹੀਂ ਬਲਕਿ ਇਹ ਹਜ਼ਾਰਾਂ ਪਰਿਵਾਰਾਂ ਦੀ ਰੋਜ਼ਾਨਾ ਜ਼ਿੰਦਗੀ ਦਾ ਸੰਕਟ ਹੈ। ਐਮਰਜੈਂਸੀ ਸਹਾਇਤਾ ਆਪਣੀ ਥਾਂ ਮਹੱਤਵਪੂਰਨ ਹੈ, ਪਰ ਲੰਮੇ ਸਮੇਂ ਦਾ ਹੱਲ ਕਿਫ਼ਾਇਤੀ ਰਿਹਾਇਸ਼, ਆਮਦਨ ਦੇ ਮੁਕਾਬਲੇ ਖ਼ਰਚਿਆਂ 'ਤੇ ਕਾਬੂ ਅਤੇ ਹਰ ਪਰਿਵਾਰ ਲਈ ਭੋਜਨ ਦੀ ਯਕੀਨੀ ਉਪਲਬਧਤਾ ਵਿੱਚ ਹੈ।

ਈਰਾਨ ਨੇ ਅਮਰੀਕੀ ਹਮਲਿਆਂ 'ਚ ਨੁਕਸਾਨੇ ਗਏ ਪ੍ਰਮਾਣੂ ਟਿਕਾਣਿਆਂ ਨਹੀਂ ਕੀਤੇ ਦਰੁੱਸਤ

ਸੰਯੁਕਤ ਰਾਸ਼ਟਰ : ਸੰਯੁਕਤ ਰਾਸ਼ਟਰ ਦੀ ਪਰਮਾਣੂ ਏਜੰਸੀ ਦੇ ਮੁਖੀ ਨੇ ਕਿਹਾ ਕਿ ਇਸ ਗੱਲ ਦਾ ਕੋਈ ਸੰਕੇਤ ਨਹੀਂ ਹੈ ਕਿ ਈਰਾਨ ਨੇ ਇਸ ਸਾਲ ਜਾਂ ਪਿਛਲੇ ਸਾਲ ਅਮਰੀਕੀ ਅਤੇ ਇਜ਼ਰਾਈਲੀ ਫੌਜੀ ਹਮਲਿਆਂ ਵਿੱਚ ਨੁਕਸਾਨੇ ਗਏ ਆਪਣੇ ਪਰਮਾਣੂ ਟਿਕਾਣਿਆਂ ਦੀ ਮੁਰੰਮਤ ਜਾਂ ਮੁੜ ਨਿਰਮਾਣ ਲਈ ਕੋਈ ਕੋਸ਼ਿਸ਼ ਕੀਤੀ ਹੈ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਹੈ ਕਿ 28 ਫਰਵਰੀ ਨੂੰ ਈਰਾਨ ਨਾਲ ਯੁੱਧ ਸ਼ੁਰੂ ਕਰਨ ਦਾ ਇੱਕ ਮੁੱਖ ਕਾਰਨ ਉਸਨੂੰ ਪ੍ਰਮਾਣੂ ਹਥਿਆਰ ਵਿਕਸਤ ਕਰਨ ਤੋਂ ਰੋਕਣਾ ਸੀ। ਹਾਲਾਂਕਿ, ਉਨ੍ਹਾਂ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਜੂਨ 2025 ਵਿੱਚ ਈਰਾਨ ਦੇ ਪ੍ਰਮਾਣੂ ਟਿਕਾਣਿਆਂ 'ਤੇ ਪਿਛਲੇ ਅਮਰੀਕੀ ਹਮਲਿਆਂ ਨੇ ਦੇਸ਼ ਦੇ ਪ੍ਰਮਾਣੂ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਤਬਾਹ ਕਰ ਦਿੱਤਾ ਸੀ।

ਅੰਤਰਰਾਸ਼ਟਰੀ ਪਰਮਾਣੂ ਊਰਜਾ ਏਜੰਸੀ (ਆਈਏਈਏ) ਦੇ ਮੁਖੀ ਰਾਫੇਲ ਗ੍ਰੋਸੀ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੀ ਮੀਟਿੰਗ ਵਿੱਚ ਈਰਾਨ ਨੂੰ ਅਪੀਲ ਕੀਤੀ ਕਿ ਨਿਰੀਖਕਾਂ ਨੂੰ ਆਪਣੀਆਂ ਸਾਰੀਆਂ ਪ੍ਰਮਾਣੂ ਟਿਕਾਣਿਆਂ ਦਾ ਨਿਰੀਖਣ ਕਰਨ ਦੀ ਆਗਿਆ ਦਿੱਤੀ ਜਾਵੇ, ਜਿਸ ਵਿੱਚ ਫੌਜੀ ਹਮਲਿਆਂ ਵਿੱਚ ਨੁਕਸਾਨੇ ਗਏ ਟਿਕਾਣੇ ਵੀ ਸ਼ਾਮਲ ਹਨ। ਪਿਛਲੇ ਸਾਲ ਅਮਰੀਕੀ ਹਮਲਿਆਂ ਤੋਂ ਬਾਅਦ, ਆਈਏਈਏ ਈਰਾਨ ਦੇ ਯੂਰੇਨੀਅਮ ਭੰਡਾਰ ਦੀ ਸਥਿਤੀ ਦੀ ਪੁਸ਼ਟੀ ਕਰਨ ਵਿੱਚ ਅਸਮਰੱਥ ਰਿਹਾ ਹੈ ਜੋ ਪ੍ਰਮਾਣੂ ਹਥਿਆਰ ਬਣਾਉਣ ਲਈ ਲੋੜੀਂਦੇ ਪੱਧਰ ਤੱਕ ਅਮੀਰ ਕੀਤਾ ਗਿਆ ਹੈ। ਹਾਲਾਂਕਿ, ਗ੍ਰੋਸੀ ਨੇ ਕਿਹਾ, 'ਜੂਨ 2025 ਤੋਂ, ਸਾਨੂੰ ਅਜਿਹੀ ਕੋਈ ਗਤੀਵਿਧੀ ਨਹੀਂ ਮਿਲੀ ਹੈ ਜੋ ਦਰਸਾਉਂਦੀ ਹੋਵੇ ਕਿ ਈਰਾਨ ਨੇ 2025 ਅਤੇ 2026 ਦੇ ਫੌਜੀ ਹਮਲਿਆਂ ਵਿੱਚ ਨੁਕਸਾਨੇ ਗਏ ਕਿਸੇ ਵੀ ਪ੍ਰਮਾਣੂ ਸਹੂਲਤਾਂ ਦੀ ਮੁਰੰਮਤ ਜਾਂ ਮੁੜ ਨਿਰਮਾਣ ਦੀ ਕੋਸ਼ਿਸ਼ ਕੀਤੀ ਹੈ।'

ਅਮਰੀਕੀ ਰਾਸ਼ਟਰਪਤੀ ਦੇ ਅਧਿਕਾਰਤ ਨਿਵਾਸ ਅਤੇ ਦਫਤਰ, ਵ੍ਹਾਈਟ ਹਾਊਸ ਨੇ ਮੰਗਲਵਾਰ ਸ਼ਾਮ ਨੂੰ ਗ੍ਰੋਸੀ ਦੀਆਂ ਟਿੱਪਣੀਆਂ 'ਤੇ ਟਿੱਪਣੀ ਲਈ ਬੇਨਤੀ ਦਾ ਤੁਰੰਤ ਜਵਾਬ

ਪਾਕਿਸਤਾਨੀ ਸਿੱਖਾਂ ਦਾ ਜਥਾ ਤਖ਼ਤ ਕੇਸਗੜ੍ਹ ਸਾਹਿਬ ਨਤਮਸਤਕ

ਸ੍ਰੀ ਆਨੰਦਪੁਰ ਸਾਹਿਬ : ਪਾਕਿਸਤਾਨ ਤੋਂ 49 ਸਿੱਖ ਸ਼ਰਧਾਲੂਆਂ ਦਾ ਜਥਾ ਧਾਰਮਿਕ ਯਾਤਰਾ ਦੌਰਾਨ ਇਥੇ ਪੁੱਜਿਆ। ਜਥੇ ਨੇ ਤਖ਼ਤ ਕੇਸਗੜ੍ਹ ਸਾਹਿਬ ਵਿਖੇ ਨਤਮਸਤਕ ਹੋ ਕੇ ਗੁਰੂ ਦਾ ਆਸ਼ੀਰਵਾਦ ਲਿਆ। ਲਗਪਗ ਅੱਠ ਸਾਲਾਂ ਬਾਅਦ ਪਾਕਿਸਤਾਨੀ ਸਿੱਖਾਂ ਦੇ ਜਥੇ ਦੀ ਇਥੇ ਆਮਦ ਹੋਈ ਹੈ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਥੇ ਦਾ ਸਵਾਗਤ ਕੀਤਾ ਗਿਆ ਅਤੇ ਸ਼ਰਧਾਲੂਆਂ ਨੂੰ ਸਨਮਾਨਿਤ ਕੀਤਾ ਗਿਆ। ਜਥੇ ਦੇ ਮੈਂਬਰਾਂ ਨੇ ਦੱਸਿਆ ਕਿ ਆਪਣੀ ਯਾਤਰਾ ਦੌਰਾਨ ਦਿੱਲੀ ਦੇ ਵੱਖ-ਵੱਖ ਗੁਰਦੁਆਰਿਆਂ ਦੇ ਦਰਸ਼ਨ ਕਰਨ ਤੋਂ ਬਾਅਦ ਹੇਮਕੁੰਟ ਸਾਹਿਬ ਅਤੇ ਫ਼ਤਹਿਗੜ੍ਹ ਸਾਹਿਬ ਵਿਖੇ ਨਤਮਸਤਕ ਹੋਏ। ਇਸ ਤੋਂ ਬਾਅਦ ਉਹ ਖ਼ਾਲਸੇ ਦੀ ਜਨਮ ਭੂਮੀ ਸ੍ਰੀ ਆਨੰਦਪੁਰ ਸਾਹਿਬ ਵਿਖੇ ਪੁੱਜੇ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਐਗਜ਼ੈਕਟਿਵ ਮੈਂਬਰ ਦਲਜੀਤ ਸਿੰਘ ਭਿੰਡਰ ਨੇ ਸ਼ਰਧਾਲੂਆਂ ਦਾ ਸਵਾਗਤ ਕੀਤਾ। ਸ਼੍ਰੋਮਣੀ ਕਮੇਟੀ ਮੈਂਬਰ ਅਜਮੇਰ ਸਿੰਘ ਖੇੜਾ ਨੇ ਕਿਹਾ ਕਿ ਇਤਿਹਾਸਕ ਗੁਰਧਾਮ ਦੋਵਾਂ ਦੇਸ਼ਾਂ ਦੀ ਸੰਗਤ ਨੂੰ ਆਪਸ ਵਿੱਚ ਜੋੜਦੇ ਹਨ ਅਤੇ ਸਰਕਾਰਾਂ ਨੂੰ ਚਾਹੀਦਾ ਹੈ ਕਿ ਸ਼ਰਧਾਲੂਆਂ ਦੀ ਸਹੂਲਤ ਲਈ ਵੀਜ਼ਾ ਪ੍ਰਕਿਰਿਆ ਨੂੰ ਹੋਰ ਸੌਖਾ ਬਣਾਇਆ ਜਾਵੇ। ਜਥੇ ਦੇ ਮੈਂਬਰਾਂ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਸੰਗਤ ਨੂੰ ਪਾਕਿਸਤਾਨ ਆਉਣ ਦਾ ਸੱਦਾ ਵੀ ਦਿੱਤਾ। ਜਥੇ ਵਿੱਚ ਸਾਹਿਬ ਸੁਜਾਨ ਸਿੰਘ, ਸਰਬੱਤ ਸਿੰਘ, ਭੁਪਿੰਦਰ ਸਿੰਘ, ਹਰਜੀਤ ਸਿੰਘ, ਪ੍ਰੀਤਮ ਸਿੰਘ, ਅਮਰਜੀਤ ਸਿੰਘ, ਹਰਭਜਨ ਸਿੰਘ, ਮਹਿੰਦਰ ਸਿੰਘ, ਇੰਦਰਜੀਤ ਸਿੰਘ, ਦਲਵਿੰਦਰ ਸਿੰਘ, ਜਸਵੰਤ ਸਿੰਘ, ਜਸਬੀਰ ਸਿੰਘ, ਸਤਬੀਰ ਸਿੰਘ, ਸੁਰਬੀਰ ਸਿੰਘ ਅਤੇ ਜੋਗਿੰਦਰ ਸਿੰਘ ਸਮੇਤ ਹੋਰ ਸ਼ਰਧਾਲੂ ਸ਼ਾਮਲ ਸਨ।

ਪਕਿਸਤਾਨ ਦੇ ਮੰਤਰੀ ਸ. ਰਮੇਸ਼ ਸਿੰਘ ਅਰੋੜਾ ਵਲੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਪਾਕਿ ਆਉਣ ਦਾ ਸੱਦਾ

ਚੰਡੀਗੜ੍ਹ : ਮੁੱਖ ਮੰਤਰੀ ਵੱਲੋਂ ਲਾਹੌਰ ਵਿੱਚ ਇੱਕ ਅੰਤਰਰਾਸ਼ਟਰੀ ਪੰਜਾਬੀ ਸੰਮੇਲਨ ਵਿੱਚ ਸ਼ਾਮਲ ਹੋਣ ਦੀ ਹਾਲ ਹੀ ਵਿੱਚ ਜਤਾਈ ਗਈ ਇੱਛਾ ਤੋਂ ਬਾਅਦ, ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਵਿਧਾਨ ਸਭਾ ਨੂੰ ਪਾਕਿਸਤਾਨ ਆਉਣ ਦਾ ਰਸਮੀ ਸੱਦਾ ਦਿੱਤਾ ਹੈ।

ਅਰੋੜਾ, ਜੋ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐੱਸਜੀਪੀਸੀ) ਦੇ ਪ੍ਰਧਾਨ ਵੀ ਹਨ, ਨੇ ਕਿਹਾ ਕਿ ਪਾਕਿਸਤਾਨ ਸਰਹੱਦ ਪਾਰ ਧਾਰਮਿਕ, ਸੱਭਿਆਚਾਰਕ ਅਤੇ ਲੋਕਾਂ-ਨਾਲ-ਲੋਕਾਂ ਦੇ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ।

ਸੱਦਾ ਦਿੰਦਿਆਂ ਉਨ੍ਹਾਂ ਕਿਹਾ, 'ਸਰਦਾਰ ਭਗਵੰਤ ਸਿੰਘ ਮਾਨ, ਅਸੀਂ ਤੁਹਾਨੂੰ ਸਲਾਮ ਕਰਦੇ ਹਾਂ। ਤੁਸੀਂ ਅਸੈਂਬਲੀ ਦੇ ਫਲੋਰ 'ਤੇ ਕਿਹਾ ਸੀ ਕਿ ਤੁਸੀਂ ਪਾਕਿਸਤਾਨ ਜਾਣਾ ਚਾਹੁੰਦੇ ਹੋ। ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਵਜੋਂ, ਪੀਐੱਸਜੀਪੀਸੀ ਵੱਲੋਂ ਅਤੇ ਪਾਕਿਸਤਾਨ ਤੇ ਪੰਜਾਬ ਦੇ ਇੱਕ ਨਾਗਰਿਕ ਵਜੋਂ, ਮੈਂ ਤੁਹਾਨੂੰ ਸੱਦਾ ਦਿੰਦਾ ਹਾਂ।'

ਪੰਜਾਬ ਅਸੈਂਬਲੀ ਵਿੱਚ ਸੀਐੱਮ ਮਾਨ ਦੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ, ਅਰੋੜਾ ਨੇ ਸੱਭਿਆਚਾਰਕ ਅਦਾਨ-ਪ੍ਰਦਾਨ, ਧਾਰਮਿਕ ਸੈਰ-ਸਪਾਟੇ ਅਤੇ ਅੰਤਰ-ਧਰਮ ਸਦਭਾਵਨਾ ਲਈ ਪਾਕਿਸਤਾਨ ਦੇ ਸਮਰਥਨ ਨੂੰ ਦੁਹਰਾਇਆ। ਉਨ੍ਹਾਂ ਉਮੀਦ ਪ੍ਰਗਟਾਈ ਕਿ ਭਾਰਤੀ ਅਧਿਕਾਰੀ ਇਸ ਯਾਤਰਾ ਦੀ ਇਜਾਜ਼ਤ ਦੇਣਗੇ, ਨਾਲ ਹੀ ਅਸੈਂਬਲੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਵੀ ਸੱਦਾ ਦਿੱਤਾ।

ਉਨ੍ਹਾਂ ਕਿਹਾ, 'ਮੈਨੂੰ ਨਹੀਂ ਪਤਾ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਪਾਕਿਸਤਾਨ ਜਾਣ ਦੀ ਇਜਾਜ਼ਤ ਦੇਵੇਗੀ ਜਾਂ ਨਹੀਂ, ਪਰ ਮੈਂ ਸਪੀਕਰ ਸਾਹਿਬ ਕੁਲਤਾਰ ਸਿੰਘ ਸੰਧਵਾਂ ਦੀ ਸ਼ਲਾਘਾ ਕਰਦਾ ਹਾਂ, ਜਿਨ੍ਹਾਂ ਨਾਲ ਮੇਰੇ ਸੁਖਾਵੇਂ ਸਬੰਧ ਹਨ, ਉਹ ਵੀ ਕਰਤਾਰਪੁਰ ਲਾਂਘੇ ਰਾਹੀਂ ਆਉਣ ਦੇ ਇੱਛੁਕ ਸਨ। ਮੈਂ ਪੂਰੀ ਪੰਜਾਬ ਅਸੈਂਬਲੀ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੰਦਾ ਹਾਂ, ਨਾ ਸਿਰਫ਼ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸ਼ਨਾਂ ਲਈ, ਸਗੋਂ ਹੋਰ ਧਰਮਾਂ ਦੇ ਪਵਿੱਤਰ ਅਸਥਾਨਾਂ ਦੇ ਦਰਸ਼ਨਾਂ ਲਈ ਵੀ ਤਾਂ ਜੋ ਉਹ ਇੱਥੇ ਮੌਜੂਦ ਧਾਰਮਿਕ ਆਜ਼ਾਦੀ ਨੂੰ ਦੇਖ ਸਕਣ।'

ਇਹ ਸੱਦਾ ਮੁੱਖ ਮੰਤਰੀ ਵੱਲੋਂ 23 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ ਦੇ ਸੈਸ਼ਨ ਦੌਰਾਨ 27 ਤੋਂ 29 ਨਵੰਬਰ ਤੱਕ ਲਾਹੌਰ ਵਿੱਚ ਹੋਣ ਵਾਲੀ 4ਵੀਂ ਅੰਤਰਰਾਸ਼ਟਰੀ ਪੰਜਾਬੀ ਕਾਨਫਰੰਸ ਵਿੱਚ ਸ਼ਾਮਲ ਹੋਣ ਲਈ ਪਾਕਿਸਤਾਨ ਦੇ ਸੱਦੇ ਨੂੰ ਸਵੀਕਾਰ ਕਰਨ ਦੀ ਇੱਛਾ ਦੀ ਪੁਸ਼ਟੀ ਕਰਨ ਤੋਂ ਬਾਅਦ ਆਇਆ ਹੈ। ਇਹ ਸੱਦਾ ਪੰਜਾਬੀ ਕਵੀ ਬਾਬਾ ਬਸ਼ੀਰ ਹੁਸੈਨ ਨਜ਼ਮੀ (ਬਾਬਾ ਨਜ਼ਮੀ) ਅਤੇ ਪੰਜਾਬੀ ਪ੍ਰਚਾਰ ਸੰਗਠਨ ਸਮੇਤ ਆਯੋਜਕਾਂ ਦੁਆਰਾ ਦਿੱਤਾ ਗਿਆ ਸੀ।

ਹਾਲਾਂਕਿ, ਮੁੱਖ ਮੰਤਰੀ ਨੇ ਸ਼ੰਕਾ ਜ਼ਾਹਰ ਕੀਤੀ ਸੀ ਕਿ ਕੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਯਾਤਰਾ ਲਈ ਲੋੜੀਂਦੀ ਸਿਆਸੀ ਅਤੇ ਸੁਰੱਖਿਆ ਮਨਜ਼ੂਰੀ ਦੇਵੇਗੀ।

ਕੇਂਦਰ 'ਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਨੇ ਟਿੱਪਣੀ ਕੀਤੀ ਸੀ, 'ਉਹ ਮੈਨੂੰ ਫਰਾਂਸ ਜਾਂ ਜਾਪਾਨ ਵੀ ਨਹੀਂ ਜਾਣ ਦਿੰਦੇ। ਉਹ ਮੈਨੂੰ ਪਾਕਿਸਤਾਨ ਕਿਵੇਂ ਜਾਣ ਦੇਣਗੇ?'

ਮੁੱਖ ਮੰਤਰੀ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਜੇ ਮਨਜ਼ੂਰੀ ਮਿਲ ਜਾਂਦੀ ਹੈ, ਤਾਂ ਪੂਰਾ ਸਦਨ ਪਾਕਿਸਤਾਨ ਦੇ ਇਤਿਹਾਸਕ ਸਿੱਖ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋਣ ਲਈ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਇਕੱਠੇ ਯਾਤਰਾ ਕਰ ਸਕਦਾ ਹੈ।

ਸਪੇਨ 'ਚ ਦੋ ਰੇਲਗੱਡੀਆਂ ਵਿਚਾਲੇ ਟੱਕਰ; 64 ਲੋਕਾਂ ਦੀ ਮੌਤ

ਮੈਡ੍ਰਿਡ : ਸਪੇਨ ਦੇ ਤੋਲੇਦੋ ਸੂਬੇ ਵਿੱਚ ਬੁੱਧਵਾਰ ਨੂੰ ਦੋ ਰੇਲਗੱਡੀਆਂ ਵਿਚਾਲੇ ਹੋਈ ਟੱਕਰ ਵਿੱਚ ਘੱਟੋ-ਘੱਟ 64 ਲੋਕਾਂ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਇਹ ਜਾਣਕਾਰੀ ਸਾਂਝੀ ਕੀਤੀ ਹੈ।

ਇਸ ਤੋਂ ਪਹਿਲਾਂ ਕਾਸਤੀਲਾ-ਲਾ ਮਾਂਚਾ ਦੇ ਖੇਤਰੀ ਪ੍ਰਧਾਨ ਐਮੀਲੀਆਨੋ ਗਾਰਸੀਆ ਪੇਜ ਨੇ ਕਿਹਾ ਸੀ ਕਿ ਘੱਟੋ-ਘੱਟ 80 ਲੋਕ ਜ਼ਖ਼ਮੀ ਹੋਏ ਹਨ ਅਤੇ ਮ੍ਰਿਤਕਾਂ ਦੀ ਗਿਣਤੀ ਵਧ ਸਕਦੀ ਹੈ, ਕਿਉਂਕਿ ਬਚਾਅ ਟੀਮਾਂ ਮਲਬੇ ਹੇਠੋਂ ਜ਼ਿੰਦਾ ਬਚੇ ਲੋਕਾਂ ਦੀ ਭਾਲ ਕਰ ਰਹੀਆਂ ਹਨ।

ਕਾਸਤੀਲਾ-ਲਾ ਮਾਂਚਾ ਖੇਤਰ ਦੀ ਬੁਲਾਰਾ ਐਸਥਰ ਪਾਡਿਲਾ ਨੇ ਸਰਕਾਰੀ ਪ੍ਰਸਾਰਕ 'ਟੀ ਵੀ ਈ' (TVE) ਨੂੰ ਦੱਸਿਆ ਕਿ ਇੱਕੋ ਦਿਸ਼ਾ ਵਿੱਚ ਜਾ ਰਹੀਆਂ ਦੋ ਤੇਜ਼ ਰਫ਼ਤਾਰ ਰੇਲਗੱਡੀਆਂ ਹਾਦਸੇ ਦਾ ਸ਼ਿਕਾਰ ਹੋਈਆਂ। ਇੱਕ ਰੇਲਗੱਡੀ ਦੂਜੀ ਰੇਲਗੱਡੀ ਦੇ ਪਿਛਲੇ ਹਿੱਸੇ ਨਾਲ ਜਾ ਟਕਰਾਈ, ਜਿਸ ਕਾਰਨ ਉਸ ਦੇ ਦੋ ਡੱਬੇ ਪਟੜੀ ਤੋਂ ਉਤਰ ਗਏ। ਉਨ੍ਹਾਂ ਦੱਸਿਆ ਕਿ ਹਾਦਸੇ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾ ਰਿਹਾ ਹੈ।

ਬੁਲਾਰਾ ਨੇ ਦੱਸਿਆ ਕਿ ਰਾਜਧਾਨੀ ਮੈਡ੍ਰਿਡ ਤੋਂ ਦੱਖਣ-ਪੱਛਮੀ ਸ਼ਹਿਰ ਸੇਵਿਲੇ ਵੱਲ ਜਾ ਰਹੀਆਂ ਦੋਵਾਂ ਰੇਲਗੱਡੀਆਂ ਵਿੱਚ ਸੈਂਕੜੇ ਮੁਸਾਫ਼ਰ ਸਵਾਰ ਸਨ। ਸਪੇਨ ਦੇ ਰੇਲ ਪ੍ਰਣਾਲੀ ਸੰਚਾਲਕ 'ਏ ਡੀ ਆਈ ਐੱਫ.' (ADIF) ਅਨੁਸਾਰ ਇਹ ਹਾਦਸਾ ਬੁੱਧਵਾਰ ਸਵੇਰੇ ਤੋਲੇਦੋ ਸੂਬੇ ਵਿੱਚ ਵਾਪਰਿਆ, ਜਿਸ ਤੋਂ ਬਾਅਦ ਮੈਡ੍ਰਿਡ, ਸਿਊਦਾਦ ਰੀਅਲ ਅਤੇ ਅੰਦਾਲੂਸੀਆ ਵਿਚਾਲੇ ਰੇਲ ਸੇਵਾਵਾਂ ਰੋਕ ਦਿੱਤੀਆਂ ਗਈਆਂ ਹਨ।

ਸਪੇਨ ਦੀ ਸਿਹਤ ਮੰਤਰੀ ਮੋਨਿਕਾ ਗਾਰਸੀਆ ਨੇ 'ਟੀ ਵੀ ਈ' ਨੂੰ ਦੱਸਿਆ ਕਿ ਬਚਾਅ ਕਾਰਜ ਵਿੱਚ ਲੱਗੇ ਕਰਮਚਾਰੀ ਸਭ ਤੋਂ ਵੱਧ ਨੁਕਸਾਨੇ ਗਏ ਦੋ ਡੱਬਿਆਂ ਵਿੱਚੋਂ ਜ਼ਿੰਦਾ ਬਚੇ ਲੋਕਾਂ ਅਤੇ ਮ੍ਰਿਤਕਾਂ ਦੀਆਂ ਦੇਹਾਂ ਨੂੰ ਬਾਹਰ ਕੱਢਣ 'ਤੇ ਧਿਆਨ ਕੇਂਦਰਿਤ ਕਰ ਰਹੇ ਹਨ। ਉਨ੍ਹਾਂ ਦੱਸਿਆ ਕਿ ਜ਼ਖ਼ਮੀਆਂ ਨੂੰ ਇਲਾਕੇ ਦੇ ਵੱਖ-ਵੱਖ ਹਸਪਤਾਲਾਂ ਵਿੱਚ ਦਾਖ਼ਲ ਕਰਵਾਇਆ ਜਾ ਰਿਹਾ ਹੈ।

ਇਸ ਹਾਦਸੇ ਵਿੱਚ ਸਪੇਨ ਦੀ ਸਰਕਾਰੀ ਕੰਪਨੀ 'ਰੇਨਫੇ' (Renfe) ਅਤੇ ਨਿੱਜੀ ਰੇਲ ਕੰਪਨੀ 'ਇਰੀਓ' (Iryo) ਦੀਆਂ ਰੇਲਗੱਡੀਆਂ ਸ਼ਾਮਲ ਸਨ। ਸਪੇਨੀ ਮੀਡੀਆ ਦੀਆਂ ਖ਼ਬਰਾਂ ਮੁਤਾਬਕ, ਅਜਿਹਾ ਜਾਪਦਾ ਹੈ ਕਿ 'ਰੇਨਫੇ' ਦੀ ਰੇਲਗੱਡੀ ਨੇ 'ਇਰੀਓ' ਦੀ ਰੇਲਗੱਡੀ ਨੂੰ ਪਿੱਛਿਓਂ ਟੱਕਰ ਮਾਰੀ। ਪਾਡਿਲਾ ਨੇ ਦੱਸਿਆ ਕਿ 'ਰੇਨਫੇ' ਦੀ ਰੇਲਗੱਡੀ ਵਿੱਚ 397 ਮੁਸਾਫ਼ਰ ਅਤੇ 'ਇਰੀਓ' ਦੀ ਰੇਲਗੱਡੀ ਵਿੱਚ 147 ਮੁਸਾਫ਼ਰ ਸਵਾਰ ਸਨ। ਇਸ ਤੋਂ ਪਹਿਲਾਂ ਜਨਵਰੀ ਵਿੱਚ ਵੀ ਇਨ੍ਹਾਂ ਦੋਵਾਂ ਕੰਪਨੀਆਂ ਦੀਆਂ ਰੇਲਗੱਡੀਆਂ ਵਿਚਾਲੇ ਇੱਕ ਭਿਆਨਕ ਹਾਦਸਾ ਵਾਪਰਿਆ ਸੀ।

ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਚਾਰਜਸ਼ੀਟ ਦਾਖ਼ਲ

ਆਮਦਨ ਤੋਂ ਵੱਧ ਜਾਇਦਾਦ ਮਾਮਲੇ ਵਿੱਚ 53 ਹਜ਼ਾਰ ਸਫ਼ਿਆਂ ਦਾ ਚਲਾਨ ਪੇਸ਼

ਐੱਸ. ਏ. ਐੱਸ. ਨਗਰ : ਪੰਜਾਬ ਵਿਜੀਲੈਂਸ ਬਿਊਰੋ ਨੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ (ਡੀ.ਏ.) ਦੇ ਮਾਮਲੇ 'ਚ ਅੰਤਿਮ ਚਾਰਜਸ਼ੀਟ ਦਾਖ਼ਲ ਕਰ ਦਿੱਤੀ ਹੈ। ਵਿਜੀਲੈਂਸ ਨੇ 2 ਹਜ਼ਾਰ ਸਫ਼ਿਆਂ ਦੀ ਸਪਲੀਮੈਂਟਰੀ ਚਾਰਜਸ਼ੀਟ ਦਾਖ਼ਲ ਕਰਨ ਲਈ ਲਿਆਂਦੀ ਸੀ ਜਦਕਿ ਪਹਿਲਾਂ ਦਾਖ਼ਲ ਕੀਤੀਆਂ ਚਾਰਜਸ਼ੀਟਾਂ ਨੂੰ ਅੰਤਿਮ ਰੂਪ ਦੇ ਕੇ ਮੁਕੰਮਲ ਚਾਰਜਸ਼ੀਟ ਦਾਖ਼ਲ ਕੀਤੀ। ਵਿਜੀਲੈਂਸ ਵਲੋਂ ਇਹ ਚਾਰਜਸ਼ੀਟ ਵਿਸ਼ੇਸ਼ ਜੱਜ (ਭ੍ਰਿਸ਼ਟਾਚਾਰ ਰੋਕਥਾਮ ਕਾਨੂੰਨ) ਪ੍ਰਸ਼ਾਂਤ ਵਰਮਾ ਦੀ ਅਦਾਲਤ 'ਚ ਪੇਸ਼ ਕੀਤੀ ਗਈ। ਇਸ ਮੌਕੇ ਵਿਜੀਲੈਂਸ ਬਿਊਰੋ ਵਲੋਂ ਐੱਸ.ਪੀ ਸੁਖਨਾਜ਼ ਸਿੰਘ ਤੇ ਤਫ਼ਤੀਸ਼ੀ ਅਫ਼ਸਰ ਡੀ.ਐੱਸ.ਪੀ. ਇੰਦਰਪਾਲ ਸਿੰਘ ਅਦਾਲਤ 'ਚ ਪੇਸ਼ ਹੋਏ ਜਦਕਿ ਇਸਤਗਾਸਾ ਪੱਖ ਦੀ ਪੈਰਵਾਈ ਜ਼ਿਲ੍ਹਾ ਅਟਾਰਨੀ ਮਨਜੀਤ ਸਿੰਘ, ਵਿਸ਼ੇਸ਼ ਪਬਲਿਕ ਪ੍ਰੌਸੀਕਿਊਟਰ ਪ੍ਰੀਤ ਇੰਦਰਪਾਲ ਸਿੰਘ ਤੇ ਫੈਰੀ ਸੋਫਤ ਨੇ ਕੀਤੀ। ਦੂਜੇ ਪਾਸੇ ਸੀਨੀਅਰ ਵਕੀਲ ਐੱਚ. ਐੱਸ. ਧਨੋਆ ਵੀ ਆਪਣੀ ਟੀਮ ਸਮੇਤ ਅਦਾਲਤ 'ਚ ਪੇਸ਼ ਹੋਏ।

ਚਾਰਜਸ਼ੀਟ 'ਚ ਹੋਰਨਾਂ ਵਿਅਕਤੀਆਂ ਦੇ ਵੀ ਨਾਂਅ ਸ਼ਾਮਿਲ : ਸੂਤਰਾਂ ਅਨੁਸਾਰ ਦਾਇਰ ਤਾਜ਼ਾ ਚਾਰਜਸ਼ੀਟ 'ਚ ਬਿਕਰਮ ਸਿੰਘ ਮਜੀਠੀਆ ਦੇ ਭਰਾ ਗੁਰਮੇਹਰ ਸਿੰਘ ਤੇ ਹਰਪ੍ਰੀਤ ਸਿੰਘ ਗੁਲਾਟੀ ਦੇ ਭਾਈਵਾਲ ਅਮਰਦੀਪ ਸਿੰਘ ਸਮੇਤ ਹੋਰਨਾਂ

ਵਿਅਕਤੀਆਂ ਨੂੰ ਵੀ ਸ਼ਾਮਿਲ ਕੀਤਾ ਗਿਆ ਹੈ। ਵਿਜੀਲੈਂਸ ਨੇ ਉਨ੍ਹਾਂ ਵਿਅਕਤੀਆਂ ਨੂੰ ਸਿੱਧੇ ਤੌਰ 'ਤੇ ਕੇਸ ਨਾਲ ਜੋੜਿਆ ਹੈ, ਜਿਹੜੇ ਕਿ ਸਰਾਇਆ ਇੰਡਸਟਰੀਜ਼ ਕੰਪਨੀ ਨਾਲ ਜੁੜੇ ਹੋਏ ਸਨ। ਹਾਲਾਂਕਿ ਨਵੇਂ ਜੁੜੇ ਵਿਅਕਤੀਆਂ ਨੂੰ ਇਸ ਮਾਮਲੇ 'ਚ ਮੁਲਜ਼ਮ ਵਜੋਂ ਨਾਮਜ਼ਦ ਨਹੀਂ ਆਖਿਆ ਜਾ ਸਕਦਾ। ਵਿਜੀਲੈਂਸ ਅਨੁਸਾਰ ਮਜੀਠੀਆ ਦੀਆਂ ਐਲਾਨੀਆਂ ਜਾਇਦਾਦਾਂ ਦੇ ਮੁਕਾਬਲੇ ਉਸ ਵਲੋਂ ਹੋਰਨਾਂ ਮੁਲਜ਼ਮਾਂ ਦੀ ਸਹਾਇਤਾ ਨਾਲ ਲਗਭਗ 1400 ਫ਼ੀਸਦੀ ਤੋਂ ਵੱਧ ਜਾਇਦਾਦ ਯਾਨੀ ਕਿ ਕਰੀਬ 736 ਕਰੋੜ ਰੁ. ਦੀ ਪ੍ਰਾਪਰਟੀ ਇਕੱਠੀ ਕੀਤੀ ਗਈ ਹੈ। ਹਾਲਾਂਕਿ ਇਸ ਸੰਬੰਧੀ ਅਦਾਲਤੀ ਰਿਕਾਰਡ ਤੇ ਦਾਅਵੇ ਦੇ ਸਹੀ ਹਵਾਲੇ ਦੀ ਪੁਸ਼ਟੀ ਹੋਣੀ ਬਾਕੀ ਹੈ। ਉਕਤ ਮਾਮਲੇ 'ਚ ਅਪ੍ਰੈਲ 2026 ਤੋਂ ਅੰਤਰਿਮ ਰਾਹਤ 'ਤੇ ਚੱਲ ਰਹੇ ਗਜਪਤ ਸਿੰਘ ਗਰੇਵਾਲ ਦੀ ਜ਼ਮਾਨਤ ਅਰਜ਼ੀ 'ਤੇ ਸੁਣਵਾਈ ਲਈ ਮੁਹਾਲੀ ਅਦਾਲਤ ਵਲੋਂ 31 ਅਕਤੂਬਰ ਦੀ ਤਰੀਕ ਤੈਅ ਕੀਤੀ ਗਈ ਹੈ। ਇਸੇ ਦਿਨ ਚਲਾਨ ਦੀ ਜਾਂਚ ਸੰਬੰਧੀ ਕਾਰਵਾਈ ਵੀ ਹੋਵੇਗੀ। ਸਪਲੀਮੈਂਟਰੀ ਚਾਰਜਸ਼ੀਟ ਦੀ ਜਾਂਚ ਤੇ ਅਦਾਲਤੀ ਕਾਰਵਾਈ ਤੋਂ ਬਾਅਦ ਮਾਮਲੇ ਨਾਲ ਜੁੜੇ ਹੋਰ ਵੇਰਵੇ ਸਾਹਮਣੇ ਆਉਣ ਦੀ ਸੰਭਾਵਨਾ ਹੈ।

ਪਹਿਲਾਂ 40 ਹਜ਼ਾਰ, ਫਿਰ 11 ਹਜ਼ਾਰ ਪੰਨਿਆਂ ਦੇ ਚਲਾਨ ਪੇਸ਼ : ਇਸ ਮਾਮਲੇ 'ਚ ਪੰਜਾਬ ਵਿਜੀਲੈਂਸ ਬਿਊਰੋ ਨੇ 22 ਅਗਸਤ 2025 ਨੂੰ ਪਹਿਲੀ ਵਾਰ ਲਗਭਗ 40 ਹਜ਼ਾਰ ਸਫ਼ਿਆਂ ਦੀ ਚਾਰਜਸ਼ੀਟ ਦਾਖ਼ਲ ਕੀਤੀ ਸੀ, ਜਿਸ 'ਚ ਮਜੀਠੀਆ ਵਲੋਂ ਕਥਿਤ ਗ਼ੈਰ-ਕਾਨੂੰਨੀ ਢੰਗ ਨਾਲ ਬਣਾਈ ਗਈ ਜਾਇਦਾਦ ਤੇ ਆਮਦਨ ਨਾਲ ਸੰਬੰਧਿਤ ਵੇਰਵੇ ਦਰਜ ਕੀਤੇ ਗਏ ਸਨ। ਇਸ ਤੋਂ ਬਾਅਦ ਮਾਮਲੇ 'ਚ ਪਹਿਲਾਂ ਗਵਾਹ ਵਜੋਂ ਸ਼ਾਮਿਲ ਕੀਤੇ ਗਏ ਹਰਪ੍ਰੀਤ ਸਿੰਘ ਗੁਲਾਟੀ ਨੂੰ ਗ੍ਰਿਫ਼ਤਾਰ ਕੀਤੇ ਜਾਣ ਮਗਰੋਂ ਲਗਭਗ 11 ਹਜ਼ਾਰ ਸਫ਼ਿਆਂ ਦੀ ਹੋਰ ਚਾਰਜਸ਼ੀਟ ਪੇਸ਼ ਕੀਤੀ ਗਈ ਸੀ। ਹੁਣ ਬੁੱਧਵਾਰ ਨੂੰ 2 ਹਜ਼ਾਰ ਸਫ਼ਿਆਂ ਦੀ ਸਪਲੀਮੈਂਟਰੀ ਚਾਰਜਸ਼ੀਟ ਨੂੰ ਮਿਲਾ ਕੇ ਕੁੱਲ ਦਸਤਾਵੇਜ਼ਾਂ ਦੀ ਗਿਣਤੀ 53 ਹਜ਼ਾਰ ਸਫ਼ਿਆਂ ਤੱਕ ਪਹੁੰਚ ਗਈ ਹੈ।

ਲੜੀਆ ਲਾਉਣ ਸਮੇਂ ਬਿਜਲੀ ਦਾ ਕਰੰਟ ਲੱਗਣ ਨਾਲ ਨੌਜਵਾਨ ਦੀ ਮੌਤ

ਸੁਨਾਮ ਊਧਮ ਸਿੰਘ ਵਾਲਾ : ਸਥਾਨਕ ਸਿਨੇਮਾ ਰੋਡ ਦੀ ਇਕ ਦੁਕਾਨ ਤੇ ਦੀਵਾਲੀ ਦੇ ਤਿਉਹਾਰ ਦੇ ਮੱਦੇਨਜ਼ਰ

ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਕਾਲ ਤਖ਼ਤ ਤੋਂ ਨਗਰ ਕੀਰਤਨ ਸਜਾਇਆ

ਅੰਮ੍ਰਿਤਸਰ : ਅੰਮ੍ਰਿਤਸਰ ਸ਼ਹਿਰ ਦੇ ਬਾਨੀ ਤੇ ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਪ੍ਰਕਾਸ਼ ਪੁਰਬ ਸਬੰਧੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਕਾਲ ਤਖ਼ਤ ਤੋਂ ਨਗਾਰਿਆਂ, ਜੈਕਾਰਿਆਂ ਅਤੇ ਨਰਸਿੰਙਿਆਂ ਦੀ ਗੂੰਜ ਵਿਚ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਸ ਮੌਕੇ ਹੈਲੀਕਾਪਟਰ ਰਾਹੀਂ ਨਗਰ ਕੀਰਤਨ 'ਤੇ ਫੁੱਲਾਂ ਦੀ ਵਰਖਾ ਕੀਤੀ ਗਈ। ਸ੍ਰੀ ਹਰਿਮੰਦਰ ਸਾਹਿਬ ਕੈਂਪਸ ਨੂੰ ਵੀ ਫੁੱਲਾਂ ਅਤੇ ਰੌਸ਼ਨੀਆ ਦੀ ਸੁੰਦਰ ਸਜਾਵਟ ਨਾਲ ਸਜਾਇਆ ਗਿਆ। ਇਸ ਦੌਰਾਨ ਅੱਜ ਵੱਡੀ ਗਿਣਤੀ ਵਿੱਚ ਸੰਗਤ ਨਤਮਸਤਕ ਹੋਣ ਲਈ ਸ੍ਰੀ ਹਰਿਮੰਦਰ ਸਾਹਿਬ ਪੁੱਜੀ।

ਅਰਦਾਸ ਉਪਰੰਤ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਸਰੂਪ ਸੁਨਹਿਰੀ ਪਾਲਕੀ ਵਿਚ ਸੁਸ਼ੋਭਿਤ ਕੀਤਾ ਅਤੇ ਚੌਰ ਸਾਹਿਬ ਦੀ ਸੇਵਾ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਸੰਗਤਾਂ ਨੇ ਫੁੱਲਾਂ ਦੀ ਵਰਖਾ ਕਰਕੇ ਸ਼ਰਧਾ ਦਾ ਪ੍ਰਗਟਾਵਾ ਕੀਤਾ। ਅਕਾਲ ਤਖ਼ਤ ਤੋਂ ਸਜਾਏ ਨਗਰ ਕੀਰਤਨ ਦਾ ਪੁਰਾਤਨ ਦਰਵਾਜ਼ਿਆਂ ਨੂੰ ਜੋੜਦੇ ਮਾਰਗ 'ਤੇ ਸਭਾ-ਸੁਸਾਇਟੀਆਂ ਅਤੇ ਸੰਗਤਾਂ ਨੇ ਭਰਵਾਂ ਸਵਾਗਤ ਕੀਤਾ। ਵੱਖ-ਵੱਖ ਥਾਵਾਂ 'ਤੇ ਜਿਥੇ ਸੰਗਤਾਂ ਨੇ ਪੰਜ ਪਿਆਰੇ ਅਤੇ ਨਿਸ਼ਾਨਚੀ ਸਿੰਘਾਂ ਨੂੰ ਸਿਰੋਪਾਓ ਦੇ ਕੇ ਸ਼ਰਧਾ ਪ੍ਰਗਟਾਈ, ਉਥੇ ਹੀ ਸੰਗਤਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਲੰਗਰਾਂ ਦਾ ਪ੍ਰਬੰਧ ਵੀ ਕੀਤਾ ਹੋਇਆ ਸੀ। ਇਸ ਮੌਕੇ ਘੰਟਾ ਘਰ ਪਲਾਜ਼ਾ ਵਿਖੇ ਪੰਜਾਬ ਪੁਲੀਸ ਵੱਲੋਂ ਗੁਰੂ ਗ੍ਰੰਥ ਸਾਹਿਬ ਨੂੰ ਸਤਿਕਾਰ ਭੇਟ ਕਰਦਿਆਂ ਸਲਾਮੀ ਦਿੱਤੀ ਗਈ। ਨਗਰ ਕੀਰਤਨ ਦੌਰਾਨ ਵੱਖ-ਵੱਖ ਸਭਾ-ਸੁਸਾਇਟੀਆਂ ਦੇ ਨੁਮਾਇੰਦੇ ਤੇ ਵੱਡੀ ਗਿਣਤੀ ਸੰਗਤਾਂ ਮੌਜੂਦ ਸਨ।

ਪਾਕਿਸਤਾਨ ਤੋਂ 49 ਸਿੱਖ ਸ਼ਰਧਾਲੂ ਅੰਮ੍ਰਿਤਸਰ ਪੁੱਜੇ

ਸਰਹੱਦ ਰਾਹੀਂ ਆਉਣ ਦੀ ਪ੍ਰਵਾਨਗੀ ਨਾ ਮਿਲਣ ਕਾਰਨ ਹਵਾਈ ਮਾਰਗ ਰਾਹੀਂ ਪਹੁੰਚੇ ਭਾਰਤ; ਤਿੰਨ ਦਿਨ ਅੰਮ੍ਰਿਤਸਰ ਰਹਿਣਗੇ, ਸ਼੍ਰੋਮਣੀ ਕਮੇਟੀ ਵੱਲੋਂ ਸਰਾਵਾਂ ਵਿੱਚ ਠਹਿਰਨ ਦਾ ਪ੍ਰਬੰਧ

ਅੰਮ੍ਰਿਤਸਰ : ਪਾਕਿਸਤਾਨ ਤੋਂ 49 ਸਿੱਖ ਸ਼ਰਧਾਲੂਆਂ ਦਾ ਜੱਥਾ ਅੱਜ ਦੇਰ ਸ਼ਾਮ ਅੰਮ੍ਰਿਤਸਰ ਪੁੱਜ ਗਿਆ। ਇਹ ਸ਼ਰਧਾਲੂ ਸ੍ਰੀ ਹਰਿਮੰਦਰ ਸਾਹਿਬ ਵਿਖੇ ਨਤਮਸਤਕ ਹੋਣਗੇ। ਅੰਮ੍ਰਿਤਸਰ ਪਹੁੰਚਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਮੈਨੇਜਰ ਰਾਜਿੰਦਰ ਸਿੰਘ ਰੂਬੀ ਨੇ ਜਥੇ ਦਾ ਸਵਾਗਤ ਕੀਤਾ ਅਤੇ ਜੀ ਆਇਆਂ ਆਖਿਆ।

ਜਥੇ ਦੇ ਮੁਖੀ ਪਪਿੰਦਰ ਸਿੰਘ ਸਮੇਤ ਹੋਰ ਮੈਂਬਰਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਜਥੇ ਵਿੱਚ ਵਧੇਰੇ ਸ਼ਰਧਾਲੂ ਨਨਕਾਣਾ ਸਾਹਿਬ ਨਾਲ ਸਬੰਧਤ ਹਨ, ਜਦਕਿ ਪਾਕਿਸਤਾਨ ਦੇ ਹੋਰਨਾਂ ਸ਼ਹਿਰਾਂ ਤੋਂ ਆਏ ਸਿੱਖ ਵੀ ਇਸ ਵਿੱਚ ਸ਼ਾਮਲ ਹਨ।

100 ਸ਼ਰਧਾਲੂਆਂ ਨੂੰ ਮਿਲਿਆ ਸੀ ਵੀਜ਼ਾ : ਮਿਲੀ ਜਾਣਕਾਰੀ ਅਨੁਸਾਰ ਲਗਪਗ 100 ਸਿੱਖ ਸ਼ਰਧਾਲੂਆਂ ਦੇ ਇਸ ਜਥੇ ਨੂੰ ਭਾਰਤ ਸਥਿਤ ਗੁਰਧਾਮਾਂ ਦੇ ਦਰਸ਼ਨਾਂ ਲਈ ਵੀਜ਼ੇ ਮਿਲੇ ਸਨ। ਹਾਲਾਂਕਿ, ਪਾਕਿਸਤਾਨ ਸਰਕਾਰ ਵੱਲੋਂ ਸਰਹੱਦੀ ਲਾਂਘੇ ਰਾਹੀਂ ਭਾਰਤ ਆਉਣ ਦੀ ਪ੍ਰਵਾਨਗੀ ਨਾ ਮਿਲਣ ਕਾਰਨ ਸ਼ਰਧਾਲੂਆਂ ਨੂੰ ਹਵਾਈ ਮਾਰਗ ਰਾਹੀਂ ਭਾਰਤ ਪਹੁੰਚਣਾ ਪਿਆ। ਇਸ ਤੋਂ ਪਹਿਲਾਂ ਜਥੇ ਦੇ ਮੈਂਬਰਾਂ ਨੂੰ ਪਾਕਿਸਤਾਨ ਦੇ ਇੱਕ ਹਵਾਈ ਅੱਡੇ 'ਤੇ ਵੀ ਰੋਕ ਲਿਆ ਗਿਆ ਸੀ।

ਕਈ ਇਤਿਹਾਸਕ ਗੁਰਧਾਮਾਂ ਦੇ ਕਰ ਚੁੱਕੇ ਹਨ ਦਰਸ਼ਨ : ਜਾਣਕਾਰੀ ਮੁਤਾਬਕ ਇਹ ਸ਼ਰਧਾਲੂ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਵੀ ਮੱਥਾ ਟੇਕ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਫਤਹਿਗੜ੍ਹ ਸਾਹਿਬ ਅਤੇ ਹੋਰਨਾਂ ਗੁਰਦੁਆਰਿਆਂ ਦੇ ਦਰਸ਼ਨ ਕੀਤੇ। ਅੱਜ ਉਹ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਨਤਮਸਤਕ ਹੋਣ ਤੋਂ ਬਾਅਦ ਦੇਰ ਸ਼ਾਮ ਅੰਮ੍ਰਿਤਸਰ ਪਹੁੰਚੇ।

ਸ਼ਰਧਾਲੂ ਤਿੰਨ ਦਿਨ ਅੰਮ੍ਰਿਤਸਰ ਵਿੱਚ ਰਹਿਣਗੇ। ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਦੇ ਠਹਿਰਨ ਦਾ ਪ੍ਰਬੰਧ ਗੁਰਦੁਆਰਾ ਸਾਹਿਬ ਦੀਆਂ ਸਰਾਵਾਂ ਵਿੱਚ ਕੀਤਾ ਗਿਆ ਹੈ। ਅੰਮ੍ਰਿਤਸਰ ਵਿੱਚ ਠਹਿਰਨ ਤੋਂ ਬਾਅਦ ਜਥਾ ਦਿੱਲੀ ਪਰਤੇਗਾ ਅਤੇ ਉੱਥੋਂ ਹਵਾਈ ਮਾਰਗ ਰਾਹੀਂ ਪਾਕਿਸਤਾਨ ਲਈ ਰਵਾਨਾ ਹੋਵੇਗਾ।

COMPLETE SOLAR & BATTERY STARTING AT $23,000

For a standard 5kW Solar & 14kWh Battery system

Price is for installation on code-compliant homes.
Electrical panel or roof upgrades are extra.

TSP
ROOFING & SOLAR

Permits and Utility Approvals Included

Main Panel Upgrade Bundle from $3,000

CALL OR TEXT HARRY FOR A QUOTE | (925) 537-2732

TSP SOLAR SALES AND SERVICES (DBA TSP ROOFING AND SOLAR) | CSLB Contractor License #1096233 (C-10 Electrical, C-39 Roofing, B-General Building) Represented by: Harkaran Singh (HIS Registration #167489 SP) | Pricing & offer details vary by location & applicant.

ਪੁੱਤ ਜਹਾਨੋਂ ਗਿਆ, ਲਾਸ਼ ਵੀ ਖੋਹੀ: ਕਥਿਤ ਓਵਰਡੋਜ਼ ਕਾਰਨ ਮ੍ਰਿਤਕ ਨੌਜਵਾਨ ਦੇ ਪਰਿਵਾਰ ਵੱਲੋਂ ਪ੍ਰਸ਼ਾਸਨ 'ਤੇ ਧੱਕੇਸ਼ਾਹੀ ਕਰਨ ਦਾ ਦੋਸ਼

ਹਕੂਮਤ ਦੇ ਜ਼ਬਰੀ ਲਾਸ਼ਾਂ ਚੁੱਕਣ ਦੀ ਰੁਝਾਨ ਤੋਂ ਪੰਜਾਬ ਦੇ ਲੋਕੀਂ ਹੈਰਾਨ, ਪ੍ਰੇਸ਼ਾਨ

ਮਾਨਸਾ : ਜਿਸ ਪੁੱਤ ਦੇ ਸਹਾਰੇ ਮਾਂ ਬਾਪ ਨੇ ਆਪਣਾ ਬੁਢਾਪਾ ਕੱਢਣਾ ਸੀ ਓਹੀ 32 ਸਾਲਾ ਜਵਾਨ ਪੁੱਤ ਦਲਜੀਤ ਸਿੰਘ ਦੀ ਅਰਥੀ ਚੁੱਕਣ ਦਾ ਪਹਾੜ ਜਿੱਡਾ ਦੁੱਖ ਪਰਿਵਾਰ ਨੂੰ ਦੇ ਗਿਆ। ਕਥਿਤ ਚਿੱਟੇ ਦੀ ਓਵਰਡੋਜ਼ ਨਾਲ ਦਲਜੀਤ ਦੀ ਮੌਤ ਤੋਂ ਬਾਅਦ ਦੋ ਮਾਸੂਮ ਬੱਚਿਆਂ ਦੇ ਸਿਰੋਂ ਪਿਤਾ ਦਾ ਸਾਇਆ ਅਤੇ ਪਤਨੀ ਦਾ ਹਮਸਫ਼ਰ ਹਮੇਸ਼ਾ ਲਈ ਖੁੱਸ ਗਿਆ। ਪਰ ਇਸ ਬਦਨਸੀਬ ਪਰਿਵਾਰ ਦੀ ਪੀੜ ਇੱਥੇ ਹੀ ਖ਼ਤਮ ਨਹੀਂ ਹੋਈ; ਇਨਸਾਫ਼ ਦੀ ਮੰਗ ਕਰਦੇ ਦੁਖਿਆਰੇ ਮਾਪਿਆਂ ਦੀ ਸੁਣਵਾਈ ਕਰਨ ਦੀ ਬਜਾਏ ਪੁਲੀਸ ਪ੍ਰਸ਼ਾਸਨ ਨੇ ਰਮਦਿੱਤਾ ਚੌਂਕ ਵਿਖੇ ਕਥਿਤ ਤਸ਼ੱਦਦ ਢਾਹੁੰਦਿਆਂ ਜਵਾਨ ਪੁੱਤ ਦੀ ਮ੍ਰਿਤਕ ਦੇਹ ਵੀ ਜ਼ਬਰੀ ਖੋਹ ਲਈ।

ਪੁੱਤ ਦੇ ਵਿਛੋੜੇ ਦੇ ਜ਼ਖ਼ਮ ਹਾਲੇ ਅੱਲੇ ਹੀ ਸਨ ਕਿ ਉਸ ਦੀ ਦੇਹ ਤੋਂ ਵੀ ਹੋਏ ਇਸ ਜਬਰੀ ਵਿਛੋੜੇ ਨੇ ਪਰਿਵਾਰ ਨੂੰ ਤੋੜ ਕੇ ਰੱਖ ਦਿੱਤਾ ਹੈ।

ਪਿੰਡ ਵਾਸੀਆਂ ਮੁਤਾਬਕ ਮ੍ਰਿਤਕ ਦੇਹ ਨੂੰ ਝੋਟਾ ਇਨਸਾਫ਼ ਮੋਰਚੇ ਵਿੱਚ ਲਿਆਉਂਦੇ ਸਮੇਂ ਭਾਰੀ ਪੁਲੀਸ ਫੋਰਸ ਨੇ ਉਨ੍ਹਾਂ ਨੂੰ ਰੋਕ ਲਿਆ ਅਤੇ ਪਰਿਵਾਰਕ ਮੈਂਬਰਾਂ ਸਮੇਤ ਕਰੀਬ ਇਕ ਦਰਜਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ। ਇਸ ਤੋਂ ਪਹਿਲਾਂ ਪਰਿਵਾਰ ਅਤੇ ਪਿੰਡ ਵਾਸੀਆਂ ਨੇ ਮਾਨਸਾ-ਸਿਰਸਾ ਮੁੱਖ ਮਾਰਗ 'ਤੇ ਮ੍ਰਿਤਕ ਦੇਹ ਰੱਖ ਕੇ ਰੋਸ ਪ੍ਰਗਟਾਇਆ ਸੀ।

ਭੀਮ ਸਿੰਘ ਫੌਜੀ, ਲੱਖਾ ਸਿਧਾਣਾ, ਭਾਨਾ ਸਿੱਧੂ, ਮਹਿਤਾਬਜੀਤ ਸਿੰਘ ਸੋਢੀ ਅਤੇ ਹੋਰ ਆਗੂ ਵੀ ਉੱਥੇ ਪੁੱਜੇ। ਨੌਜਵਾਨ ਦੀ ਮੌਤ ਦਾ ਦੁੱਖ ਲੈ ਕੇ ਇਕੱਠੇ ਹੋਏ ਲੋਕਾਂ ਦੀ ਮੰਗ ਨਸ਼ਿਆਂ ਖ਼ਿਲਾਫ਼ ਕਾਰਵਾਈ ਅਤੇ ਇਨਸਾਫ਼ ਸੀ। ਪਰਿਵਾਰ ਦੇ ਦੋਸ਼ਾਂ ਨੇ ਹੁਣ ਇਹ ਸਵਾਲ ਵੀ ਖੜ੍ਹਾ ਕਰ ਦਿੱਤਾ ਹੈ ਕਿ ਕੀ ਜਵਾਨ ਪੁੱਤ ਗੁਆ ਚੁੱਕੇ ਘਰ ਨੂੰ ਆਪਣੀ ਪੀੜ ਸੁਣਾਉਣ ਲਈ ਵੀ ਬਲ ਦਾ ਸਾਹਮਣਾ ਕਰਨਾ ਪਵੇਗਾ?

ਇਹ ਘਟਨਾ ਕਨੌਈ ਦੇ ਸਨਮਦੀਪ ਸਿੰਘ ਦੇ ਪਰਿਵਾਰ ਨਾਲ ਵਾਪਰੀ ਤ੍ਰਾਸਦੀ ਚੇਤੇ ਕਰਵਾਉਂਦੀ ਹੈ। ਪ੍ਰਾਪਤ ਰਿਪੋਰਟ ਅਨੁਸਾਰ ਪਰਿਵਾਰ ਨੂੰ ਹਿਰਾਸਤ ਵਿੱਚ ਲੈਣ ਮਗਰੋਂ ਉਸ ਦੀ ਗ਼ੈਰਹਾਜ਼ਰੀ ਵਿੱਚ ਨੌਜਵਾਨ ਦਾ ਸਸਕਾਰ ਕਰ ਦਿੱਤਾ ਗਿਆ ਸੀ ਅਤੇ ਵਾਰਸ ਅੰਤਿਮ ਦਰਸ਼ਨਾਂ ਤੇ ਰਸਮਾਂ ਤੋਂ ਵਾਂਝੇ ਰਹਿ ਗਏ ਸਨ। ਪੁਲੀਸ ਨੇ ਦੇਹ ਖ਼ਰਾਬ ਹੋਣ ਬਾਰੇ ਡਾਕਟਰੀ ਨੋਟਿਸਾਂ ਨੂੰ ਕਾਰਵਾਈ ਦਾ ਕਾਰਨ ਦੱਸਿਆ ਸੀ। ਤੂਰਬੰਜਾਰਾ ਦੇ ਗੁਲਜ਼ਾਰ ਸਿੰਘ ਦੇ ਮਾਮਲੇ ਵਿੱਚ ਵੀ ਜਥੇਬੰਦੀਆਂ ਨੇ ਜਬਰੀ ਸਸਕਾਰ ਦੇ ਦੋਸ਼ ਲਾਏ ਸਨ। ਪ੍ਰਸ਼ਾਸਨ ਵੱਲੋਂ ਜ਼ਬਰੀ ਲਾਸ਼ਾਂ ਚੁੱਕਣ ਦੇ ਰੁਝਾਨ ਤੋਂ ਪੰਜਾਬ ਦੇ ਲੋਕੀਂ ਹੈਰਾਨ ਅਤੇ ਪਰੇਸ਼ਾਨ ਹਨ।

ਚੋਣਾਂ ਤੋਂ ਪਹਿਲਾਂ ਕਤਲਾਂ, ਨਸ਼ਾ ਤਸਕਰੀ ਅਤੇ ਗੈਂਗਸਟਰਾਂ ਨਾਲ ਜੂਝ ਰਿਹੈ ਸੂਬਾ

ਚੰਡੀਗੜ੍ਹ : ਸੰਭਾਵੀ 2027 ਪੰਜਾਬ ਵਿਧਾਨ ਸਭਾ ਚੋਣਾਂ ਤੋਂ ਮਹਿਜ਼ ਕੁੱਝ ਮਹੀਨੇ ਪਹਿਲਾਂ, ਅਕਤੂਬਰ ਦਾ ਮਹੀਨਾ ਆਪ (AAP) ਸਰਕਾਰ ਅਤੇ ਪੰਜਾਬ ਪੁਲੀਸ ਲਈ ਅਮਨ-ਕਾਨੂੰਨ ਦੀ ਵਿਵਸਥਾ ਬਣਾਏ ਰੱਖਣ ਵਾਸਤੇ ਸਭ ਤੋਂ ਚੁਣੌਤੀਪੂਰਨ ਮਹੀਨਿਆਂ ਵਿੱਚੋਂ ਇੱਕ ਸਾਬਤ ਹੋਇਆ ਹੈ। ਸਨਸਨੀਖੇਜ਼ ਕਤਲਾਂ, ਨਸ਼ਿਆਂ ਨਾਲ ਜੁੜੀਆਂ ਸ਼ੱਕੀ ਮੌਤਾਂ, ਗੈਂਗ ਨਾਲ ਸਬੰਧਤ ਘਟਨਾਵਾਂ ਅਤੇ ਰਾਜ ਪੱਧਰੀ ਰੋਸ ਪ੍ਰਦਰਸ਼ਨਾਂ ਨੇ ਰਾਜ ਨੂੰ ਹਿਲਾ ਕੇ ਰੱਖ ਦਿੱਤਾ। ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦੇ ਕਤਲ ਤੋਂ ਲੈ ਕੇ ਪਟਿਆਲਾ-ਸੰਗਰੂਰ ਹਾਈਵੇਅ 'ਤੇ ਨਵਾਬ ਖ਼ਾਨ ਦੇ ਅਗਵਾ ਅਤੇ ਕਤਲ ਤੱਕ, ਅੰਮ੍ਰਿਤਸਰ ਵਿੱਚ ਸਕੂਟਰ ਪਾਰਕਿੰਗ ਦੇ ਵਿਵਾਦ ਨੂੰ ਲੈ ਕੇ ਅਮਿਤ ਸਭਰਵਾਲ ਦੀ ਗੋਲੀ ਮਾਰ ਕੇ ਹੱਤਿਆ ਤੋਂ ਲੈ ਕੇ ਲੁਧਿਆਣਾ ਅਤੇ ਬਠਿੰਡਾ ਵਿੱਚ ਸਾਬਕਾ ਸਰਪੰਚਾਂ ਦੇ ਕਤਲ ਤੱਕ, ਅਕਤੂਬਰ ਵਿੱਚ ਪੂਰੇ ਪੰਜਾਬ ਵਿੱਚ ਸਨਸਨੀਖੇਜ਼ ਅਪਰਾਧਾਂ ਦੀ ਲੜੀ ਦੇਖਣ ਨੂੰ ਮਿਲੀ। ਪੰਜਾਬ ਪੁਲੀਸ ਨੇ ਪ੍ਰਮੁੱਖ ਕਤਲ ਕੇਸਾਂ ਵਿੱਚ ਤੁਰੰਤ ਕਈ ਗ੍ਰਿਫ਼ਤਾਰੀਆਂ ਅਤੇ ਸੰਗਠਿਤ ਅਪਰਾਧ ਵਿਰੁੱਧ ਲਗਾਤਾਰ ਕਾਰਵਾਈ ਦਾ ਹਵਾਲਾ ਦਿੰਦਿਆਂ ਆਪਣਾ ਬਚਾਅ ਕੀਤਾ ਹੈ। ਇੱਕ ਸੀਨੀਅਰ ਅਧਿਕਾਰੀ ਨੇ ਵਿਰੋਧੀ ਧਿਰਾਂ 'ਤੇ ਚੋਣਾਂ ਤੋਂ ਪਹਿਲਾਂ ਪ੍ਰਦਰਸ਼ਨਾਂ ਨੂੰ ਤੂਲ ਦੇਣ ਦਾ ਦੋਸ਼ ਲਾਉਂਦਿਆਂ ਕਿਹਾ ਕਿ ਜ਼ਿਆਦਾਤਰ ਕਤਲ ਨਿੱਜੀ ਰੰਜਿਸ਼ ਕਾਰਨ ਹੋਏ ਹਨ, ਨਾ ਕਿ ਸੰਗਠਿਤ ਅਪਰਾਧ ਕਾਰਨ।

ਪੁਲੀਸ ਅਧਿਕਾਰੀਆਂ ਨੇ ਦੱਸਿਆ ਕਿ ਝੋਟਾ ਕਤਲ ਕੇਸ ਵਿੱਚ ਮੁੱਖ ਮੁਲਜ਼ਮ ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲੀਸ ਨੇ ਕਥਿਤ ਹਥਿਆਰ ਤਸਕਰਾਂ, ਭੱਤਾ ਵਸੂਲੀ ਦੇ ਸ਼ੱਕੀਆਂ ਅਤੇ ਸਰਹੱਦ ਪਾਰ ਸਮਗਲਿੰਗ ਨੈੱਟਵਰਕਾਂ ਵਿਰੁੱਧ ਕਾਰਵਾਈ ਨੂੰ ਵੀ ਉਜਾਗਰ ਕੀਤਾ ਹੈ। ਤਫ਼ਤੀਸ਼ਕਾਰਾਂ ਦਾ ਦਾਅਵਾ ਹੈ ਕਿ ਮਹੀਨੇ ਦੌਰਾਨ ਰਿਪੋਰਟ ਕੀਤੇ ਗਏ ਵੱਡੇ ਮਾਮਲੇ ਤਾਂ ਸੁਲਝਾ ਲਏ ਗਏ ਹਨ ਜਾਂ ਉਨ੍ਹਾਂ ਵਿੱਚ ਅਹਿਮ ਪ੍ਰਗਤੀ ਹੋਈ ਹੈ।

ਮਹੀਨੇ ਦੀ ਸ਼ੁਰੂਆਤ 3 ਅਕਤੂਬਰ ਨੂੰ ਹਿੰਸਕ ਮੋੜ ਨਾਲ ਹੋਈ। ਸਾਬਕਾ ਸਰਪੰਚ ਨਵਤੇਜ ਸਿੰਘ ਨੀਟੂ ਦੀ ਲੁਧਿਆਣਾ ਨੇੜੇ ਖੇਤਾਂ ਤੋਂ ਪਰਤਦਿਆਂ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਤਫ਼ਤੀਸ਼ਕਾਰਾਂ ਨੇ ਇਸ ਕਤਲ ਨੂੰ ਜ਼ਮੀਨ ਦੇ ਚੱਲ ਰਹੇ ਪੁਰਾਣੇ ਵਿਵਾਦ ਨਾਲ ਜੋੜਿਆ। ਉਸੇ ਦਿਨ ਬਠਿੰਡਾ ਜ਼ਿਲ੍ਹੇ ਵਿੱਚ ਸਾਬਕਾ ਸਰਪੰਚ ਜਗਤਾਰ ਸਿੰਘ ਉਰਫ਼ ਤਾਰਾ ਦਾ ਕੁਹਾੜੀ ਮਾਰ ਕੇ ਕਤਲ ਕਰ ਦਿੱਤਾ ਗਿਆ। 3 ਅਕਤੂਬਰ ਨੂੰ ਹੀ ਅਹਿਮਦਗੜ੍ਹ ਦੀ ਰਹਿਣ ਵਾਲੀ ਕਬਾੜ ਇਕੱਠਾ ਕਰਨ ਵਾਲੀ ਔਰਤ ਸੁਨੀਤਾ ਦਾ ਅਣਪਛਾਤੇ ਹਮਲਾਵਰਾਂ ਵੱਲੋਂ ਕਤਲ ਕਰ ਦਿੱਤਾ ਗਿਆ, ਜਿਸ ਵਿੱਚ ਤਫ਼ਤੀਸ਼ਕਾਰਾਂ ਨੇ ਹਮਲੇ ਪਿੱਛੇ ਪੁਰਾਣੀ ਰੰਜਿਸ਼ ਦਾ ਖ਼ਦਸ਼ਾ ਜਤਾਇਆ।

ਸਭ ਤੋਂ ਵੱਡੀ ਚੁਣੌਤੀ 13 ਅਕਤੂਬਰ ਨੂੰ ਮਾਨਸਾ ਵਿੱਚ ਨਸ਼ਾ ਵਿਰੋਧੀ ਕਾਰਕੁਨ ਪਰਵਿੰਦਰ ਸਿੰਘ ਝੋਟਾ ਦਾ ਕਤਲ ਬਣੀ ਹੋਈ ਹੈ। ਨਸ਼ੀਲੀਆਂ ਦਵਾਈਆਂ ਦੀ ਵਿਕਰੀ ਅਤੇ ਵਰਤੋਂ ਵਿਰੁੱਧ ਮੁਹਿੰਮ ਚਲਾਉਣ ਲਈ ਜਾਣੇ ਜਾਂਦੇ ਝੋਟਾ ਦਾ ਦਿਨ-ਦਿਹਾੜੇ ਗੋਲੀ ਮਾਰ ਕੇ ਕਤਲ ਕਰ ਦਿੱਤਾ ਗਿਆ, ਜਿਸ ਨਾਲ ਰੋਸ ਪ੍ਰਦਰਸ਼ਨ, ਜਾਮ ਅਤੇ 'ਪੰਜਾਬ ਬੰਦ' ਦੀ ਸਥਿਤੀ ਬਣ ਗਈ।

ਨਸ਼ਿਆਂ ਨਾਲ ਜੁੜੀਆਂ ਮੌਤਾਂ ਦੇ ਦੋਸ਼ਾਂ ਨੇ ਜਨਤਕ ਰੋਹ ਨੂੰ ਹੋਰ ਭੜਕਾਇਆ। ਝੋਟਾ ਦੇ ਕਤਲ ਵਿਰੁੱਧ ਪ੍ਰਦਰਸ਼ਨਾਂ ਦੌਰਾਨ ਲੁਧਿਆਣਾ ਵਿੱਚ ਪ੍ਰਦਰਸ਼ਨਕਾਰੀਆਂ ਨੇ ਇੱਕ ਮੈਡੀਕਲ ਸਟੋਰ ਦੀ ਭੰਨਤੋੜ ਕੀਤੀ ਅਤੇ ਦੋਸ਼ ਲਾਇਆ ਕਿ ਉੱਥੇ ਵੇਚੀਆਂ ਜਾਂਦੀਆਂ ਨਸ਼ੀਲੀਆਂ ਦਵਾਈਆਂ ਨੇ ਨੌਜਵਾਨ ਸਾਹਿਲ ਦੀ ਮੌਤ ਵਿੱਚ ਯੋਗਦਾਨ ਪਾਇਆ।

ਅੰਮ੍ਰਿਤਸਰ ਵਿੱਚ ਮਹੀਨੇ ਦੌਰਾਨ ਕਈ ਸਨਸਨੀਖੇਜ਼ ਅਪਰਾਧ ਦੇਖਣ ਨੂੰ ਮਿਲੇ। 18 ਅਕਤੂਬਰ ਨੂੰ ਰਾਮ ਨਗਰ ਕਾਲੋਨੀ ਸਥਿਤ ਰਿਹਾਇਸ਼ ਤੋਂ ਗੀਤੂ ਅਤੇ ਉਸ ਦੇ ਪੁੱਤਰ ਗੌਰਵ ਕੁਮਾਰ ਦੀਆਂ ਲਾਸ਼ਾਂ ਬਰਾਮਦ ਹੋਈਆਂ। ਪੁਲੀਸ ਨੇ ਬਾਅਦ ਵਿੱਚ ਦੋਹਰੇ ਕਤਲ ਕਾਂਡ ਵਿੱਚ ਗੌਰਵ ਦੀ ਪਤਨੀ ਮਨੀਸ਼ਾ ਨੂੰ ਗ੍ਰਿਫ਼ਤਾਰ ਕਰ ਲਿਆ। ਕੁਝ ਦਿਨਾਂ ਬਾਅਦ ਨੌਜਵਾਨ ਅਮਿਤ ਸਭਰਵਾਲ ਦੀ ਸਕੂਟਰ ਪਾਰਕਿੰਗ ਦੇ ਵਿਵਾਦ ਨੂੰ ਲੈ ਕੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। 26 ਅਕਤੂਬਰ ਨੂੰ ਅੰਮ੍ਰਿਤਸਰ ਦਿਹਾਤੀ ਵਿੱਚ ਆਪ (AAP) ਆਗੂ ਦੇ ਭਰਾ ਤੀਰਥ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਦੋਂ ਕਿ ਉਸੇ ਹਮਲੇ ਵਿੱਚ ਰਣਜੀਤ ਸਿੰਘ ਗੋਲੀ ਲੱਗਣ ਨਾਲ ਜ਼ਖ਼ਮੀ ਹੋ ਗਿਆ।

ਪਟਿਆਲਾ-ਸੰਗਰੂਰ ਖੇਤਰ ਵਿੱਚ ਵੀ ਇੱਕ ਖ਼ੌਫ਼ਨਾਕ ਅਪਰਾਧ ਦੇਖਣ ਨੂੰ ਮਿਲਿਆ ਜਦੋਂ ਨਵਾਬ ਖ਼ਾਨ ਦੇ ਮੋਟਰਸਾਈਕਲ ਨੂੰ ਇੱਕ ਐੱਸਯੂਵੀ (SUV) ਨੇ ਟੱਕਰ ਮਾਰ ਦਿੱਤੀ ਅਤੇ ਉਸ ਨੂੰ ਅਗਵਾ ਕਰ ਲਿਆ ਗਿਆ, ਬਾਅਦ ਵਿੱਚ ਸੰਗਰੂਰ ਜ਼ਿਲ੍ਹੇ ਵਿੱਚ ਉਸ ਦਾ ਚਾਕੂ ਮਾਰ ਕੇ ਕਤਲ ਕਰ ਦਿੱਤਾ ਗਿਆ। ਪੁਲੀਸ ਨੇ ਤਿੰਨ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਅਤੇ ਦੱਸਿਆ ਕਿ ਇਹ ਕਤਲ ਨਿੱਜੀ ਵਿਵਾਦ ਕਾਰਨ ਹੋਇਆ ਹੈ।

ਲੁਧਿਆਣਾ ਵਿੱਚ ਰਾਜਿੰਦਰ ਉਰਫ਼ ਰਮੇਸ਼ ਕੁਮਾਰ ਲਾਡੀਆ ਕਲਾਂ ਸਥਿਤ ਆਪਣੀ ਰਿਹਾਇਸ਼ ਦੇ ਅੰਦਰ ਮ੍ਰਿਤਕ ਪਾਇਆ ਗਿਆ, ਜਿਸ ਦਾ ਕੁੱਟ-ਕੁੱਟ ਕੇ ਕਤਲ ਕੀਤਾ ਗਿਆ ਸੀ, ਜਿਸ ਨਾਲ ਕਤਲਾਂ ਦੀ ਵਧਦੀ ਗਿਣਤੀ 'ਤੇ ਚਿੰਤਾ ਹੋਰ ਵਧ ਗਈ। ਇਸ ਦਾ ਕਾਰਨ ਨਿੱਜੀ ਵਿਵਾਦ ਸੀ।

ਮਹਿਤਾ, ਅੰਮ੍ਰਿਤਸਰ ਵਿੱਚ ਇੱਕ ਜਿੰਮ ਮਾਲਕ ਨੂੰ ਵਿਦੇਸ਼ ਵਿੱਚ ਬੈਠੇ ਗੈਂਗਸਟਰ ਤੋਂ ਕਥਿਤ ਤੌਰ 'ਤੇ ਭੱਤਾ ਮੰਗਣ ਦੀ ਧਮਕੀ ਮਿਲਣ ਤੋਂ ਤੁਰੰਤ ਬਾਅਦ ਹਥਿਆਰਬੰਦ ਵਿਅਕਤੀਆਂ ਨੇ ਅੰਧਾਧੁੰਦ ਫਾਇਰਿੰਗ ਕਰ ਦਿੱਤੀ। ਵੱਖਰੇ ਤੌਰ 'ਤੇ, ਪੁਲੀਸ ਨੇ ਅੰਮ੍ਰਿਤਸਰ ਵਿੱਚ ਇੱਕ ਫ਼ੌਜੀ ਜਵਾਨ ਸ਼ਾਮਲ ਹੋਣ ਵਾਲੇ ਕਥਿਤ ਸਰਹੱਦ ਪਾਰ ਹਥਿਆਰਾਂ ਦੀ ਸਮਗਲਿੰਗ ਦੇ ਨੈੱਟਵਰਕ ਦਾ ਪਰਦਾਫਾਸ਼ ਕੀਤਾ ਅਤੇ 16 ਪਿਸਤੌਲਾਂ ਬਰਾਮਦ ਕੀਤੀਆਂ, ਜਿਸ ਨੇ ਗੈਂਗਸਟਰ ਗਤੀਵਿਧੀਆਂ ਅਤੇ ਪੰਜਾਬ ਵਿੱਚ ਗ਼ੈਰ-ਕਾਨੂੰਨੀ ਹਥਿਆਰਾਂ ਦੀ ਆਮਦ 'ਤੇ ਲਗਾਤਾਰ ਚਿੰਤਾਵਾਂ ਨੂੰ ਉਜਾਗਰ ਕੀਤਾ।

ਵਿਰੋਧੀ ਧਿਰ ਵੱਲੋਂ ਸਰਕਾਰ 'ਤੇ ਨਿਸ਼ਾਨੇ

ਪੰਜਾਬ ਭਾਜਪਾ ਪ੍ਰਧਾਨ ਕੇਵਲ ਸਿੰਘ ਢਿੱਲੋਂ ਨੇ ਪਰਵਿੰਦਰ ਸਿੰਘ ਝੋਟਾ ਦੇ ਕਤਲ ਨੂੰ ਲੈ ਕੇ ਕਾਲੀ ਦਸਤਾਰ ਬੰਨ੍ਹ ਕੇ ਰੋਸ ਪ੍ਰਦਰਸ਼ਨ ਕੀਤਾ। ਉਨ੍ਹਾਂ ਨੇ ਮਾਰ ਦਿੱਤੇ ਗਏ ਕਾਰਕੁਨ ਲਈ ਇਨਸਾਫ਼ ਦੀ ਮੰਗ ਕੀਤੀ, ਸੀਬੀਆਈ (CBI) ਜਾਂਚ ਦੀ ਮੰਗ ਕੀਤੀ ਅਤੇ ਆਪ (AAP) ਸਰਕਾਰ 'ਤੇ ਨਸ਼ਿਆਂ ਦੀ ਅਲਾਮਤ ਨਾਲ ਨਜਿੱਠਣ 'ਚ ਨਾਕਾਮ ਰਹਿਣ ਦੇ ਦੋਸ਼ ਲਾਏ।

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਨੇ ਕਿਹਾ ਕਿ ਪੰਜਾਬ 'ਚ ਅਮਨ-ਕਾਨੂੰਨ ਦੀ ਸਥਿਤੀ ਇਸ ਹੱਦ ਤੱਕ ਵਿਗੜ ਚੁੱਕੀ ਹੈ ਕਿ ਨਸ਼ਿਆਂ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੇ ਵੀ ਸੁਰੱਖਿਅਤ ਨਹੀਂ ਹਨ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਭਗਵੰਤ ਮਾਨ ਸਰਕਾਰ 'ਤੇ ਨਸ਼ਾ ਤਸਕਰੀ, ਗੈਂਗਸਟਰ ਗਤੀਵਿਧੀਆਂ ਅਤੇ ਹਿੰਸਕ ਅਪਰਾਧਾਂ ਨੂੰ ਠੱਲ੍ਹ ਪਾਉਣ 'ਚ ਨਾਕਾਮ ਰਹਿਣ ਦੇ ਦੋਸ਼ ਲਾਏ।

ਪੁਲਿਸ ਹਿਰਾਸਤ 'ਚੋਂ ਰਿਹਾਅ ਹੋ ਕੇ ਧਰਨੇ 'ਚ ਪੁੱਜੀ ਅਰਵਿੰਦਰ ਕੌਰ ਦਾ ਸਨਮਾਨ

ਮਾਨਸਾ : ਪਰਮਿੰਦਰ ਸਿੰਘ ਝੋਟਾ ਮਾਮਲੇ ਨੂੰ ਲੈ ਕੇ ਮਾਨਸਾ ਵਿਖੇ ਚੱਲ ਰਹੇ ਧਰਨੇ ਦੌਰਾਨ ਅੱਜ ਉਸ ਸਮੇਂ ਖ਼ਾਸ ਮਾਹੌਲ ਦੇਖਣ ਨੂੰ ਮਿਲਿਆ, ਜਦੋਂ ਪੁਲੀਸ ਹਿਰਾਸਤ ਵਿੱਚੋਂ ਰਿਹਾਅ ਹੋਣ ਤੋਂ ਬਾਅਦ ਅਰਵਿੰਦਰ ਕੌਰ ਮੁੜ ਧਰਨਾ ਸਥਾਨ 'ਤੇ ਪਹੁੰਚੀ। ਇਸ ਮੌਕੇ ਝੋਟਾ ਪਰਿਵਾਰ ਅਤੇ ਐਂਟੀ ਡਰੱਗ ਐਕਸ਼ਨ ਫੋਰਸ ਵੱਲੋਂ ਅਰਵਿੰਦਰ ਕੌਰ ਦਾ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਸਿਰੋਪਾਓ ਪਾ ਕੇ ਅਤੇ ਨਕਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਅਰਵਿੰਦਰ ਕੌਰ ਪੀ.ਐੱਸ.ਯੂ. (PSU) ਦੀ ਆਗੂ ਹੈ ਅਤੇ 13 ਤਾਰੀਖ਼ ਤੋਂ ਲਗਾਤਾਰ ਧਰਨੇ 'ਤੇ ਡਟੀ ਹੋਈ ਹੈ। ਬੀਤੇ ਦਿਨ ਦਲਜੀਤ ਸਿੰਘ ਮਾਮਲੇ ਨੂੰ ਲੈ ਕੇ ਪੁਲੀਸ ਵੱਲੋਂ ਉਸ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ। ਰਿਹਾਅ ਹੋਣ ਤੋਂ ਬਾਅਦ ਜਦੋਂ ਉਹ ਮੁੜ ਧਰਨਾ ਸਥਾਨ 'ਤੇ ਪਹੁੰਚੀ ਤਾਂ ਝੋਟਾ ਪਰਿਵਾਰ ਅਤੇ ਐਂਟੀ ਡਰੱਗ ਐਕਸ਼ਨ ਫੋਰਸ ਵੱਲੋਂ ਉਸ ਦਾ ਸਨਮਾਨ ਕੀਤਾ ਗਿਆ।

ਇਸ ਦੌਰਾਨ ਪਰਵਿੰਦਰ ਸਿੰਘ ਝੋਟਾ ਦੇ ਪਿਤਾ ਬਾਪੂ ਭੀਮ ਸਿੰਘ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਪੁਲੀਸ ਵੱਲੋਂ ਗ੍ਰਿਫ਼ਤਾਰ ਕੀਤੇ ਗਏ ਉਨ੍ਹਾਂ ਦੇ ਸਾਰੇ ਸਾਥੀਆਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ, ਉਦੋਂ ਤੱਕ ਪਰਿਵਾਰ ਅਤੇ ਸੰਘਰਸ਼ ਕਰ ਰਹੇ ਲੋਕ ਪ੍ਰਸ਼ਾਸਨ ਜਾਂ ਸਰਕਾਰ ਨਾਲ ਕੋਈ ਮੀਟਿੰਗ ਨਹੀਂ ਕਰਨਗੇ।

ਹੁਣ ਦੇਖਣਾ ਹੋਵੇਗਾ ਕਿ ਗ੍ਰਿਫ਼ਤਾਰ ਸਾਥੀਆਂ ਦੀ ਰਿਹਾਈ ਦੀ ਮੰਗ ਨੂੰ ਲੈ ਕੇ ਚੱਲ ਰਹੇ ਇਸ ਸੰਘਰਸ਼ ਦੌਰਾਨ ਪ੍ਰਸ਼ਾਸਨ ਕੀ ਕਦਮ ਚੁੱਕਦਾ ਹੈ ਅਤੇ ਸਰਕਾਰ ਨਾਲ ਗੱਲਬਾਤ ਦਾ ਰਾਹ ਕਦੋਂ ਖੁੱਲ੍ਹਦਾ ਹੈ।

ਪੰਜਾਬ ਵਿਧਾਨ ਸਭਾ ਸੈਸ਼ਨ ਦੇ ਆਖ਼ਰੀ ਦਿਨ ਸੱਤ ਮਤੇ ਸਰਬਸੰਮਤੀ ਨਾਲ ਪਾਸ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ 'ਚ ਬਹਿਸ ਮਗਰੋਂ ਦਰਿਆਈ ਪਾਣੀਆਂ ਤੇ ਹੱਕਾਂ ਦਾ ਦਾਅਵਾ ਕਰਦੇ ਹੋਏ ਸਰਬਸੰਮਤੀ ਨਾਲ ਪੰਜ ਮਤੇ ਪਾਸ ਕੀਤੇ ਗਏ। ਇਸ ਤੋਂ ਇਲਾਵਾ ਸਦਨ ਵਿੱਚ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਕਰਤਾਰਪੁਰ ਲਾਂਘੇ ਨੂੰ ਖੋਲ੍ਹਣ ਅਤੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਲੋਕ ਭਲਾਈ ਸਕੀਮਾਂ ਨੂੰ ਜਾਰੀ ਰੱਖਣ ਲਈ ਵੀ ਮਤਾ ਪਾਸ ਕੀਤਾ ਗਿਆ।

ਦਰਿਆਈ ਪਾਣੀਆਂ ਨਾਲ ਸਬੰਧਿਤ ਮਤੇ ਜਲ ਸਰੋਤ ਮੰਤਰੀ ਬਰਿੰਦਰ ਕੁਮਾਰ ਗੋਇਲ ਵੱਲੋਂ ਸਦਨ ਵਿੱਚ ਪੇਸ਼ ਕੀਤੇ ਗਏ। ਇਨ੍ਹਾਂ ਮਤਿਆਂ ਦਾ ਪਾਸ ਹੋਣਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਵੱਲੋਂ ਕਿਸਾਨ ਭਾਈਚਾਰੇ ਤੱਕ ਕੀਤੀ ਗਈ ਇੱਕ ਵੱਡੀ ਸਿਆਸੀ ਪਹੁੰਚ ਮੰਨਿਆ ਜਾ ਰਿਹਾ ਹੈ।

ਜ਼ਿਕਰਯੋਗ ਹੈ ਕਿ ਸਾਲ 2022 ਦੀਆਂ ਚੋਣਾਂ ਵਿੱਚ 'ਆਪ' ਨੂੰ ਮਾਲਵਾ ਖੇਤਰ ਦੀਆਂ 69 ਸੀਟਾਂ 'ਤੇ ਕਿਸਾਨ ਯੂਨੀਅਨਾਂ ਦੇ ਸਹਿਯੋਗ ਦਾ ਵੱਡਾ ਫ਼ਾਇਦਾ ਮਿਲਿਆ ਸੀ। ਇਸ ਤੋਂ ਇਲਾਵਾ, ਅੱਜ ਪਾਸ ਕੀਤੇ ਗਏ ਕੁਝ ਮਤਿਆਂ 'ਤੇ ਪੰਜਾਬ ਸਰਕਾਰ ਦੀ ਇਸੇ ਸਾਲ ਸੰਯੁਕਤ ਕਿਸਾਨ ਮੋਰਚਾ ਅਤੇ ਬੀ.ਕੇ.ਯੂ. ਏਕਤਾ ਉਗਰਾਹਾਂ ਦੇ ਆਗੂਆਂ ਨਾਲ ਹੋਈ ਗੱਲਬਾਤ ਦੌਰਾਨ ਸਹਿਮਤੀ ਬਣੀ ਸੀ। ਇਨ੍ਹਾਂ ਮਤਿਆਂ 'ਤੇ ਕਰੀਬ ਤਿੰਨ ਘੰਟੇ ਲੰਬੀ ਬਹਿਸ ਹੋਈ।

ਪਾਸ ਕੀਤੇ ਗਏ 5 ਪ੍ਰਮੁੱਖ ਮਤੇ:

ਮੰਤਰੀ ਬਰਿੰਦਰ ਗੋਇਲ ਵੱਲੋਂ ਪੇਸ਼ ਪਹਿਲੇ ਮਤੇ ਵਿੱਚ 1966 ਦੀ ਪੁਨਰਗਠਨ ਤੋਂ ਪਹਿਲਾਂ ਦੇ ਅਣਵੰਡੇ ਪੰਜਾਬ ਦਾ ਹਵਾਲਾ ਦਿੰਦਿਆਂ ਯਮੁਨਾ ਦੇ ਪਾਣੀ 'ਤੇ ਪੰਜਾਬ ਦੇ ਇਤਿਹਾਸਕ ਅਤੇ ਕਾਨੂੰਨੀ ਹੱਕ ਦਾ ਦਾਅਵਾ ਕੀਤਾ ਗਿਆ। ਮਤੇ ਵਿੱਚ ਦੱਸਿਆ ਗਿਆ ਕਿ ਰਾਵੀ ਅਤੇ ਬਿਆਸ ਵਾਂਗ ਯਮੁਨਾ ਦੇ ਪਾਣੀ ਵੰਡ ਵਿੱਚ ਪੰਜਾਬ ਨੂੰ ਸ਼ਾਮਲ ਨਹੀਂ ਕੀਤਾ ਗਿਆ ਸੀ। ਪੰਜਾਬ ਦਾ 72 ਫ਼ੀਸਦੀ ਖੇਤਰ ਭੂਮੀਗਤ ਪਾਣੀ ਦੇ ਗੰਭੀਰ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਸ ਲਈ ਸੂਬੇ ਨੇ 25 ਅਪਰੈਲ 2025 ਨੂੰ ਕੇਂਦਰੀ ਜਲ ਸ਼ਕਤੀ ਮੰਤਰਾਲੇ ਕੋਲ ਜਲ ਵਿਵਾਦ ਟ੍ਰਿਬਿਊਨਲ ਦੇ ਗਠਨ ਲਈ ਰਸਮੀ ਸ਼ਿਕਾਇਤ ਵੀ ਦਰਜ ਕਰਵਾਈ ਹੈ।

ਦੂਜੇ ਮਤੇ ਵਿੱਚ ਪੰਜਾਬ ਪੁਨਰਗਠਨ ਐਕਟ 1966 ਦੀ ਧਾਰਾ 79(1) ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਤਹਿਤ ਰੋਪੜ, ਹਰੀਕੇ ਅਤੇ ਫ਼ਿਰੋਜ਼ਪੁਰ ਸਿੰਜਾਈ ਹੈੱਡ ਵਰਕਸ ਦਾ ਨਿਯੰਤਰਨ ਭਾਖੜਾ ਬਿਆਸ ਪ੍ਰਬੰਧਨ ਬੋਰਡ ਨੂੰ ਦਿੱਤਾ ਗਿਆ ਸੀ। ਸਰਕਾਰ ਨੇ ਇਸ ਪ੍ਰਾਵਧਾਨ ਨੂੰ ਗ਼ੈਰ-ਸੰਵਿਧਾਨਕ ਦੱਸਦਿਆਂ ਕਿਹਾ ਕਿ ਪਾਣੀ ਦਾ ਨਿਯਮ ਸੂਬਾ ਸੂਚੀ ਦਾ ਮੁੱਦਾ ਹੈ। ਮੰਤਰੀ ਨੇ ਹਰਿਆਣਾ, ਰਾਜਸਥਾਨ, ਦਿੱਲੀ, ਕਰਨਾਟਕ ਅਤੇ ਉੜੀਸਾ ਵਰਗੇ ਰਾਜਾਂ ਦੀਆਂ ਉਦਾਹਰਨਾਂ ਦਿੱਤੀਆਂ ਜਿੱਥੇ ਹੈੱਡ ਵਰਕਸ ਦਾ ਨਿਯੰਤਰਨ ਸੂਬਾ ਸਰਕਾਰਾਂ ਕੋਲ ਹੈ।

ਤੀਜੇ ਮਤੇ ਵਿੱਚ 5 ਮਈ 2025 ਨੂੰ ਵਿਧਾਨ ਸਭਾ ਵੱਲੋਂ ਪਾਸ ਕੀਤੇ ਗਏ ਉਸ ਮਤੇ ਦੀ ਪ੍ਰੋੜ੍ਹਤਾ ਕੀਤੀ ਗਈ ਜਿਸ ਵਿੱਚ 'ਡੈਮ ਸੇਫ਼ਟੀ ਐਕਟ 2021' ਨੂੰ ਰੱਦ ਕੀਤਾ ਗਿਆ ਸੀ। ਜਲ ਸਰੋਤ ਮੰਤਰੀ ਨੇ ਇਸ ਐਕਟ ਨੂੰ ਦੇਸ਼ ਦੇ ਸੰਘੀ ਢਾਂਚੇ ਤੇ ਹਮਲਾ ਦੱਸਦਿਆਂ ਕੇਂਦਰ ਤੋਂ ਇਸ ਨੂੰ ਵਾਪਸ ਲੈਣ ਦੀ ਮੰਗ ਕੀਤੀ।

ਚੌਥੇ ਮਤੇ ਵਿੱਚ ਰਾਜਸਥਾਨ ਨੂੰ ਸਤਲੁਜ, ਰਾਵੀ ਅਤੇ ਬਿਆਸ ਤੋਂ ਦਿੱਤੇ ਜਾ ਰਹੇ ਪਾਣੀ ਬਦਲੇ ਰਾਇਲਟੀ ਦੀ ਮੰਗ ਕੀਤੀ ਗਈ। ਮੰਤਰੀ ਗੋਇਲ ਨੇ ਤਰਕ ਦਿੱਤਾ ਕਿ ਰਾਜਸਥਾਨ ਰਿਪੇਰੀਅਨ (ਰਿਪੇਰੀਅਨ ਨਿਯਮਾਂ ਅਨੁਸਾਰ ਛੋਹਣ ਵਾਲਾ) ਰਾਜ ਨਹੀਂ ਹੈ ਅਤੇ ਉਹ ਪੰਜਾਬ ਦੇ ਪਾਣੀ ਦੀ ਵਰਤੋਂ ਸਿੰਜਾਈ, ਪੀਣ ਅਤੇ ਵਪਾਰਕ ਕੰਮਾਂ ਲਈ ਕਰਕੇ ਕਮਾਈ ਕਰ ਰਿਹਾ ਹੈ। ਇਸ ਲਈ ਰਾਜਸਥਾਨ ਅਤੇ ਕੇਂਦਰੀ ਜਲ ਸ਼ਕਤੀ ਮੰਤਰਾਲੇ ਨੂੰ ਇਸ ਦਾ ਵਿੱਤੀ ਬੋਝ ਚੁੱਕਣਾ ਚਾਹੀਦਾ ਹੈ ਅਤੇ ਬਕਾਇਆ ਭੁਗਤਾਨ ਕਰਨਾ ਚਾਹੀਦਾ ਹੈ। (ਇਸ ਤੋਂ ਪਹਿਲਾਂ 16 ਨਵੰਬਰ 2016 ਨੂੰ ਅਕਾਲੀ-ਭਾਜਪਾ ਸਰਕਾਰ ਦੌਰਾਨ ਵੀ ਅਜਿਹਾ ਮਤਾ ਪਾਸ ਕੀਤਾ ਗਿਆ ਸੀ।)

ਪੰਜਵਾਂ ਮਤਾ ਰਾਵੀ ਦਰਿਆ ਦੇ ਪਾਣੀ ਨਾਲ ਸਬੰਧਿਤ ਹੈ। ਮਤੇ ਵਿੱਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਗਈ ਹੈ ਕਿ 'ਉੱਝ ਬਹੁ-ਮੰਤਵੀ ਪ੍ਰੋਜੈਕਟ' ਨੂੰ ਪਹਿਲ ਦੇ ਆਧਾਰ 'ਤੇ ਲਾਗੂ ਕੀਤਾ ਜਾਵੇ ਅਤੇ ਉੱਝ ਦੇ ਪਾਣੀ ਨੂੰ ਰਣਜੀਤ ਸਾਗਰ ਡੈਮ ਵੱਲ ਮੋੜਿਆ ਜਾਵੇ। ਇਸ ਨਾਲ ਇਹ ਪਾਣੀ ਪਾਕਿਸਤਾਨ ਜਾਣ ਦੀ ਬਜਾਏ ਪੂਰੀ ਤਰ੍ਹਾਂ ਪੰਜਾਬ ਦੇ ਅੰਦਰ ਹੀ ਸਟੋਰ ਕਰਕੇ ਵਰਤੋਂ ਵਿੱਚ ਲਿਆਂਦਾ ਜਾ ਸਕੇਗਾ। ਸਦਨ ਨੇ ਇਨ੍ਹਾਂ ਪੰਜਾਂ ਮਤਿਆਂ ਨੂੰ ਸਰਬਸੰਮਤੀ ਨਾਲ ਪਾਸ ਕਰਦਿਆਂ ਰਾਜ ਦੇ ਪਾਣੀਆਂ ਦੇ ਹੱਕਾਂ ਦੀ ਰਾਖੀ ਲਈ ਢੁਕਵੇਂ ਮੰਚਾਂ 'ਤੇ ਕਾਰਵਾਈ ਕਰਨ ਦਾ ਫ਼ੈਸਲਾ ਲਿਆ ਹੈ। ਅੱਜ ਮਤੇ ਪਾਸ ਕਰਨ ਮਗਰੋਂ ਸਦਨ ਦੀ ਕਾਰਵਾਈ ਅਣਮਿਥੇ ਸਮੇਂ ਲਈ ਮੁਲਤਵੀ ਕਰ ਦਿੱਤੀ।

ਵਿਧਾਨ ਸਭਾ ਦੇ ਬਾਹਰ 'ਆਪ' ਤੇ ਕਾਂਗਰਸੀ ਵਿਧਾਇਕ ਹੋਏ ਆਹਮੋ-ਸਾਹਮਣੇ

ਦੋਵਾਂ ਪਾਰਟੀਆਂ ਦੇ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਇੱਕ-ਦੂਜੇ 'ਤੇ ਸਿਆਸੀ ਹੱਲੇ ਬੋਲੇ

ਚੰਡੀਗੜ੍ਹ : ਪੰਜਾਬ ਵਿਧਾਨ ਸਭਾ ਦੇ ਬਜਟ ਇਜਲਾਸ ਦੇ ਤੀਜੇ ਦਿਨ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਦੌਰਾਨ ਵਿਧਾਨ ਸਭਾ ਦੇ ਵੀ ਆਈ ਪੀ ਲਾਂਜ ਵਿੱਚ 'ਆਪ' ਅਤੇ ਕਾਂਗਰਸ ਦੇ ਵਿਧਾਇਕ ਇੱਕ-ਦੂਜੇ ਦੇ ਆਹਮੋ-ਸਾਹਮਣੇ ਖੜ੍ਹੇ ਦਿਖਾਈ ਦਿੱਤੇ। ਇਸ ਦੌਰਾਨ ਦੋਵਾਂ ਪਾਰਟੀਆਂ ਦੇ ਵਿਧਾਇਕਾਂ ਨੇ ਇੱਕ-ਦੂਜੇ 'ਤੇ ਦੋਸ਼ ਲਾਏ। 'ਆਪ' ਵਿਧਾਇਕਾਂ ਨੇ ਕਾਂਗਰਸ ਵੱਲੋਂ ਸੱਤਾ ਦੌਰਾਨ ਕੁਝ ਨਾ ਕਰਨ ਦੇ ਦੋਸ਼ ਲਗਾਏ ਜਦੋਂਕਿ ਕਾਂਗਰਸ ਨੇ ਸੱਤਾਧਾਰੀ ਧਿਰ 'ਤੇ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੀ ਆਵਾਜ਼ ਦਬਾਉਣ ਦੇ ਦੋਸ਼ ਲਗਾਏ।

ਜਾਣਕਾਰੀ ਅਨੁਸਾਰ ਵਿਧਾਨ ਸਭਾ ਵਿੱਚ ਰਾਜਪਾਲ ਦੇ ਭਾਸ਼ਣ 'ਤੇ ਬਹਿਸ ਸ਼ੁਰੂ ਹੁੰਦਿਆਂ ਹੀ ਕਾਂਗਰਸੀ ਵਿਧਾਇਕ ਵਾਕਆਊਟ ਕਰ ਗਏ। ਵਿਧਾਨ ਸਭਾ ਦੇ ਬਾਹਰ ਕਾਂਗਰਸੀ ਵਿਧਾਇਕ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ ਤਾਂ ਸੱਤਾਧਾਰੀ ਧਿਰ ਦੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਵੀ ਪੱਤਰਕਾਰਾਂ ਨਾਲ ਉੱਚੀ-ਉੱਚੀ ਆਵਾਜ਼ ਵਿੱਚ ਗੱਲ ਕਰਨ ਲੱਗ ਪਏ। ਇਸ ਦੌਰਾਨ ਦੋਵਾਂ ਪਾਰਟੀਆਂ ਦੇ ਵਿਧਾਇਕਾਂ ਵਿੱਚ ਟਕਰਾਅ ਦੀ ਸਥਿਤੀ ਬਣ ਗਈ। 'ਆਪ' ਦੇ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਪਾਰਟੀ ਦੀਆਂ ਪ੍ਰਾਪਤੀਆਂ ਗਿਣਵਾਉਂਦਿਆਂ ਕਾਂਗਰਸ ਦਾ ਵਿਰੋਧ ਕਰ ਰਹੇ ਸਨ। ਦੂਜੇ ਪਾਸੇ, ਕਾਂਗਰਸੀ ਵਿਧਾਇਕ ਬਰਿੰਦਰ ਮੀਤ ਪਾਹੜਾ, ਹਰਦੇਵ ਸਿੰਘ ਲਾਡੀ ਤੇ ਸੁਖਵਿੰਦਰ ਕੋਟਲੀ ਨੇ ਵੀ ਕੁਲਦੀਪ ਧਾਲੀਵਾਲ ਨਾਲ ਬਹਿਸ ਕਰਦਿਆਂ ਸੂਬੇ ਵਿੱਚ ਵਿਗੜ ਰਹੀ ਕਾਨੂੰਨ ਵਿਵਸਥਾ 'ਤੇ ਸਵਾਲ ਚੁੱਕੇ।

ਵਿਧਾਇਕ ਲਾਡੀ ਅਤੇ ਕੋਟਲੀ ਨੇ ਸੂਬੇ ਵਿੱਚ ਨਸ਼ਿਆਂ ਕਾਰਨ ਹੋਈਆਂ ਮੌਤਾਂ ਦੇ ਮਾਮਲੇ 'ਤੇ ਕੁਲਦੀਪ ਧਾਲੀਵਾਲ ਦਾ ਵਿਰੋਧ ਕੀਤਾ। ਉੱਧਰ, ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਦੋਸ਼ ਲਗਾਇਆ ਕਿ 'ਆਪ' ਜਾਣਬੁੱਝ ਕੇ ਕਾਂਗਰਸ ਪਾਰਟੀ ਦੇ ਵਿਧਾਇਕਾਂ ਦੀ ਆਵਾਜ਼ ਦਬਾ ਰਹੀ ਹੈ। ਉਨ੍ਹਾਂ ਕਿਹਾ ਕਿ 'ਆਪ' ਵਿਰੋਧੀ ਧਿਰ ਨੂੰ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ ਬੋਲਣ ਨਹੀਂ ਦੇ ਰਹੀ ਹੈ। ਕਾਂਗਰਸ ਦੇ ਸੀਨੀਅਰ ਆਗੂ ਤ੍ਰਿਪਤ ਰਾਜਿੰਦਰ ਬਾਜਵਾ, ਰਾਣਾ ਗੁਰਜੀਤ ਅਤੇ ਅਰੁਣਾ ਚੌਧਰੀ ਨੇ ਕਿਹਾ ਕਿ ਰਾਜਪਾਲ ਦੇ ਭਾਸ਼ਣ ਵਿੱਚ ਖ਼ੁਸ਼ੀ ਮਨਾਉਣ ਲਈ ਕੁਝ ਵੀ ਨਹੀਂ ਸੀ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਨੇ ਸਰਕਾਰੀ ਮੁਲਾਜ਼ਮਾਂ ਨੂੰ ਕੁਝ ਨਹੀਂ ਦਿੱਤਾ ਅਤੇ ਨਾ ਹੀ ਸੂਬੇ ਵਿੱਚ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕੀਤਾ। ਇਸ ਤੋਂ ਇਲਾਵਾ ਮੁਲਾਜ਼ਮਾਂ ਨੂੰ ਡੀ ਏ ਵੀ ਨਹੀਂ ਦਿੱਤਾ ਗਿਆ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨਣ ਦੀ ਥਾਂ ਉਨ੍ਹਾਂ 'ਤੇ ਲਾਠੀਚਾਰਜ ਕਰ ਕੇ ਆਵਾਜ਼ ਦਬਾ ਰਹੀ ਹੈ।

ਕਾਂਗਰਸੀ ਵਿਧਾਇਕਾਂ ਨੇ ਵਿਧਾਨ ਸਭਾ ਦੇ ਬਾਹਰ ਝਾੜੂ ਸਾੜ ਕੇ ਕੀਤਾ ਪ੍ਰਦਰਸ਼ਨ

ਚੰਡੀਗੜ੍ਹ : ਕਾਂਗਰਸੀ ਵਿਧਾਇਕਾਂ ਨੇ ਪੰਜਾਬ ਵਿਧਾਨ ਸਭਾ ਦੇ ਬਾਹਰ ਝਾੜੂ ਫੂਕ ਕੇ ਮੁਜ਼ਾਹਰਾ ਕੀਤਾ। ਇਸ ਦੌਰਾਨ ਕਾਂਗਰਸੀ ਵਿਧਾਇਕਾਂ ਨੇ ਕਿਹਾ ਕਿ ਸੂਬੇ ਵਿੱਚ ਵਿਗੜ ਰਹੀ ਅਮਨ-ਕਾਨੂੰਨ ਦੀ ਸਥਿਤੀ ਅਤੇ ਵਧ ਰਹੇ ਨਸ਼ਿਆਂ ਲਈ 'ਆਪ' ਸਰਕਾਰ ਜ਼ਿੰਮੇਵਾਰ ਹੈ। ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਪਰਵਿੰਦਰ ਸਿੰਘ ਈਟੇ ਦਾ ਪਰਿਵਾਰ ਇਨਸਾਫ਼ ਲਈ ਸੰਘਰਸ਼ ਕਰ ਰਿਹਾ ਹੈ ਪਰ ਸੂਬਾ ਸਰਕਾਰ ਪੀੜਤ ਪਰਿਵਾਰ ਨੂੰ ਇਨਸਾਫ਼ ਵੀ ਨਹੀਂ ਦੇ ਰਹੀ। ਸਰਕਾਰ ਨੂੰ ਸੂਬੇ ਦੀ ਵਿਗੜ ਰਹੀ ਕਾਨੂੰਨ-ਸਥਿਤੀ ਬਾਰੇ ਜਵਾਬ ਦੇਣਾ ਚਾਹੀਦਾ ਹੈ ਅਤੇ ਪੀੜਤ ਪਰਿਵਾਰ ਲਈ ਇਨਸਾਫ਼ ਯਕੀਨੀ ਬਣਾਉਣਾ ਚਾਹੀਦਾ ਹੈ। ਜੇ 'ਆਪ' ਸਰਕਾਰ ਸੁਰਖੀਆਂ ਬਟੋਰਨ ਦੀ ਬਜਾਏ ਨਤੀਜੇ ਦੇਣ ਵਿੱਚ ਵਿਸ਼ਵਾਸ ਰੱਖਦੀ ਤਾਂ ਜਿਨ੍ਹਾਂ ਮੁੱਦਿਆਂ 'ਤੇ ਉਹ ਵਾਰ-ਵਾਰ ਮਤੇ ਲਿਆਉਂਦੀ ਰਹੀ ਹੈ, ਉਨ੍ਹਾਂ 'ਤੇ ਬਿੱਲ ਪੇਸ਼ ਕਰਦੀ ਹੈ। ਮਤੇ ਰਾਹੀਂ ਸਿਆਸੀ ਸੰਦੇਸ਼ ਤਾਂ ਦਿੱਤਾ ਜਾ ਸਕਦਾ ਹੈ ਪਰ ਠੋਸ ਅਮਲ ਨਾਲ ਕਾਨੂੰਨ ਬਣਾਉਣਾ ਹੀ ਸਥਾਈ ਤਬਦੀਲੀ ਹੈ। ਪੰਜ ਸਾਲਾਂ ਤੋਂ ਇਹ ਸਰਕਾਰ ਦਿਖਾਵੇ, ਐਲਾਨਾਂ ਅਤੇ ਪ੍ਰਚਾਰ ਵਿੱਚ ਲੱਗੀ ਹੋਈ ਹੈ। ਬਾਜਵਾ ਨੇ ਮੁਲਾਜ਼ਮਾਂ, ਨੌਜਵਾਨਾਂ ਅਤੇ ਪਰਿਵਾਰਾਂ ਨੂੰ ਪ੍ਰਭਾਵਿਤ ਕਰਨ ਵਾਲੇ ਕਈ ਅਹਿਮ ਮੁੱਦਿਆਂ ਦਾ ਹੱਲ ਨਾ ਹੋਣ 'ਤੇ ਵੀ ਸਰਕਾਰ ਤੋਂ ਜਵਾਬ ਮੰਗਿਆ। ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਨਹੀਂ ਹੋਇਆ। ਅਗਨੀਵੀਰ ਯੋਜਨਾ ਤੋਂ ਪ੍ਰਭਾਵਿਤ ਨੌਜਵਾਨਾਂ ਲਈ ਸਰਕਾਰ ਨੇ ਕੁਝ ਨਹੀਂ ਕੀਤਾ। ਮੁਲਾਜ਼ਮ ਡੀ ਏ ਲਈ ਸੰਘਰਸ਼ ਕਰ ਰਹੇ ਹਨ। 'ਆਪ' ਸਰਕਾਰ ਨੇ ਵਿਧਾਨ ਸਭਾ ਦੇ ਅੰਦਰ ਅਤੇ ਬਾਹਰ, ਦੋਵਾਂ ਥਾਵਾਂ 'ਤੇ ਵਿਰੋਧੀ ਧਿਰ ਦੀ ਭੂਮਿਕਾ ਨੂੰ ਯੋਜਨਾਬੱਧ ਢੰਗ ਨਾਲ ਕਮਜ਼ੋਰ ਕੀਤਾ ਹੈ। ਕਾਂਗਰਸ ਮੁਲਾਜ਼ਮਾਂ, ਨੌਜਵਾਨਾਂ, ਕਿਸਾਨਾਂ ਅਤੇ ਆਮ ਲੋਕਾਂ ਨਾਲ ਜੁੜੇ ਮੁੱਦਿਆਂ ਨੂੰ ਲਗਾਤਾਰ ਚੁੱਕਦੀ ਰਹੇਗੀ।

'ਆਪ' ਸਰਕਾਰ ਦਾ ਵਿਧਾਨ ਸਭਾ ਦਾ ਆਖ਼ਰੀ ਸੈਸ਼ਨ: ਤਕਰਾਰ ਤੇ ਤਕਰੀਰ ਨਾਲ ਹੋਈ ਵਿਦਾਇਗੀ

ਸਦਨ ਦੇ ਅੰਦਰ ਖ਼ਾਮੋਸ਼ੀ ਅਤੇ ਬਾਹਰ ਉੱਠਿਆ ਤੂਫ਼ਾਨ; ਵਿਰੋਧੀ ਧਿਰ ਦੇ ਵਿਧਾਇਕਾਂ ਵੱਲੋਂ ਹੰਗਾਮਾ

ਚੰਡੀਗੜ੍ਹ : 'ਆਪ' ਸਰਕਾਰ ਦਾ ਵਿਧਾਨ ਸਭਾ ਦਾ ਆਖ਼ਰੀ ਸੈਸ਼ਨ 'ਤਕਰੀਰ ਤੇ ਤਕਰਾਰ' ਨਾਲ ਖ਼ਤਮ ਹੋ ਗਿਆ। ਜਦੋਂ 'ਆਪ' ਸਰਕਾਰ ਦਾ ਪਹਿਲਾ ਸੈਸ਼ਨ ਸੀ, ਉਦੋਂ ਸਦਨ ਨੇ ਨਵੇਂ ਚਿਹਰੇ ਦੇਖੇ ਸਨ ਤੇ ਇਨ੍ਹਾਂ ਚਿਹਰਿਆਂ ਤੋਂ ਪੰਜਾਬ ਨੇ ਆਸਾਂ ਤੱਕੀਆਂ ਸਨ। ਪੰਜਾਬ ਵਿਧਾਨ ਸਭਾ ਦੇ ਆਖ਼ਰੀ ਸੈਸ਼ਨ 'ਚ ਵਿਛੜਨ ਦੀ ਅਜੀਬ ਖ਼ਾਮੋਸ਼ੀ ਸੀ ਜਦਕਿ ਕੰਪਲੈਕਸ ਦੇ ਬਾਹਰ ਵਿਰੋਧੀ ਧਿਰ ਦੀ ਤਲਖ਼ੀ ਦਾ ਤੂਫ਼ਾਨ ਸੀ। ਬੇਸ਼ੱਕ ਪੰਜਾਬ ਵਿਧਾਨ ਸਭਾ ਦਾ ਸੈਸ਼ਨ ਅੱਜ ਮੁੱਕ ਗਿਆ ਪਰ ਮੁੱਦਿਆਂ ਦੀ ਕਹਾਣੀ ਹਾਲੇ ਨਹੀਂ ਮੁੱਕੀ।

ਜਦੋਂ 'ਆਪ' ਸਰਕਾਰ ਦਾ ਪਹਿਲਾ ਵਿਧਾਨ ਸਭਾ ਸੈਸ਼ਨ ਸੀ, ਉਦੋਂ ਬਸੰਤੀ ਰੰਗ ਦੀਆਂ ਪੱਗਾਂ ਹੀ ਪੱਗਾਂ ਨਜ਼ਰ ਪੈਂਦੀਆਂ ਸਨ। ਅੱਜ ਜਦੋਂ ਆਖ਼ਰੀ ਸੈਸ਼ਨ ਸੀ ਤਾਂ ਬਸੰਤੀ ਰੰਗ ਗ਼ਾਇਬ ਸੀ। ਸਿਰਫ਼ ਨੌਂ ਵਿਧਾਇਕਾਂ ਤੇ ਵਜ਼ੀਰਾਂ ਦੇ ਬਸੰਤੀ ਰੰਗ ਦੀ ਪੱਗ ਸਜੀ ਹੋਈ ਸੀ। ਮੁੱਖ ਮੰਤਰੀ ਭਗਵੰਤ ਮਾਨ ਨੇ ਪੀਲੇ ਰੰਗ ਦੀ ਪੱਗ ਪਹਿਲੇ ਦਿਨ ਵੀ ਬੰਨ੍ਹੀ ਹੋਈ ਸੀ ਅਤੇ ਅੱਜ ਵੀ ਉਹ ਬਸੰਤੀ ਪੱਗ 'ਚ ਸਨ। ਪਹਿਲੇ ਸੈਸ਼ਨ 'ਚ ਪਹੁੰਚੇ 'ਆਪ' ਵਿਧਾਇਕਾਂ ਦਾ ਲਿਬਾਸ ਸਾਦਾ ਸੀ ਅੱਜ ਆਖ਼ਰੀ ਦਿਨ ਵਿਧਾਇਕਾਂ ਦੀ ਰਹਿਣੀ ਬਹਿਣੀ 'ਤੇ ਸੱਤਾ ਦੇ ਰੰਗ ਦੀ ਚਮਕ ਸੀ।

ਪਹਿਲੇ ਸੈਸ਼ਨ ਨੂੰ ਸਮੁੱਚੇ ਪੰਜਾਬ ਨੇ ਨੀਝ ਲਾ ਕੇ ਦੇਖਿਆ ਸੀ ਅਤੇ ਹਰ ਕੋਈ ਆਪੋ-ਆਪਣੇ ਵਿਧਾਇਕ ਦੀ ਕਾਰਗੁਜ਼ਾਰੀ ਨੂੰ ਨੇੜਿਓਂ ਵੇਖ ਰਿਹਾ ਸੀ। ਅੱਜ ਆਖ਼ਰੀ ਦਿਨ ਪੰਜਾਬ ਕੋਲ ਇਨ੍ਹਾਂ ਵਿਧਾਇਕਾਂ ਮੁਤੱਲਕ ਤਰ੍ਹਾਂ ਤਰ੍ਹਾਂ ਦੇ ਅਹਿਸਾਸ ਹਨ। ਆਖ਼ਰੀ ਸੈਸ਼ਨ ਮੌਕੇ ਸਦਨ ਦੇ ਬਾਹਰ ਵਿਰੋਧੀ ਧਿਰ ਅਤੇ ਹਾਕਮ ਧਿਰ ਦੇ ਵਿਧਾਇਕਾਂ ਦਰਮਿਆਨ ਤੁਹਮਤਬਾਜ਼ੀ ਤੇ ਤਲਖ਼ੀ ਦੇ ਮਾਹੌਲ ਤੋਂ ਸਾਫ਼ ਸੀ ਕਿ ਮੈਦਾਨ-ਏ-ਜੰਗ ਕਦੇ ਖ਼ਤਮ ਨਹੀਂ ਹੁੰਦਾ।

ਵਿਰੋਧੀ ਧਿਰ ਅੱਜ ਸੈਸ਼ਨ 'ਚੋਂ ਮੁਅੱਤਲ ਕੀਤੇ ਸੁਖਪਾਲ ਖਹਿਰਾ ਸਮੇਤ ਸਦਨ ਦੇ ਅੰਦਰ ਜਾਣਾ ਚਾਹੁੰਦੀ ਸੀ। ਇਸ ਗੱਲ ਤੋਂ ਖ਼ਫ਼ਾ ਵਿਰੋਧੀ ਵਿਧਾਇਕਾਂ ਨੇ ਅੱਜ ਸਦਨ ਦੇ ਬਾਹਰ ਬਾਕੀ ਹੰਗਾਮਾ ਕੀਤਾ। ਹਾਕਮ ਧਿਰ ਨੇ ਅੱਜ ਆਖ਼ਰੀ ਸੈਸ਼ਨ ਮੰਨ ਕੇ ਆਪਣੇ ਭਾਸ਼ਣਾਂ ਨੂੰ ਮੋੜਾ ਦਿੱਤਾ। ਮੁੱਖ ਮੰਤਰੀ ਭਗਵੰਤ ਮਾਨ ਨੇ ਸੈਸ਼ਨ ਦੇ ਆਖ਼ਰੀ ਦਿਨ ਵਿਰੋਧੀਆਂ 'ਤੇ ਤਿੱਖੇ ਹਮ

ਵਿਰਸੇ ਦਾ ਵਣਜਾਰਾ ਅਤੇ ਰੂਹਾਂ ਦੀ ਆਵਾਜ਼

ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਦਾ ਇਤਿਹਾਸਕ ਆਗਾਜ਼

'ਜਿਸ ਕੌਮ ਦੇ ਲੋਕ-ਗੀਤ ਮਰ ਜਾਂਦੇ ਹਨ, ਉਸ ਕੌਮ ਦਾ ਭੂਤਕਾਲ ਗੁੰਮ ਹੋ ਜਾਂਦਾ ਹੈ ਅਤੇ ਭਵਿੱਖ ਗੂੰਗਾ ਹੋ ਜਾਂਦਾ ਹੈ।' ਅੱਜ ਦੇ ਇਸ ਮਸ਼ੀਨੀ ਅਤੇ ਦੌੜ-ਭੱਜ ਵਾਲੇ ਯੁੱਗ ਵਿੱਚ, ਜਿੱਥੇ ਸਾਡੀ ਨਵੀਂ ਪੀੜ੍ਹੀ ਆਪਣੀਆਂ ਸੱਭਿਆਚਾਰਕ ਜੜ੍ਹਾਂ ਤੋਂ ਦੂਰ ਹੋ ਰਹੀ ਹੈ, ਉੱਥੇ ਅਸੀਂ ਬੇਹੱਦ ਮਾਣ ਅਤੇ ਫ਼ਖ਼ਰ ਨਾਲ ਆਪਣੇ ਪਾਠਕਾਂ ਲਈ ਇੱਕ ਨਵੀਂ ਹਫ਼ਤਾਵਾਰੀ ਸਾਹਿਤਕ ਲੜੀ 'ਲੋਕਗੀਤਾਂ ਵਿਚ ਭਿੱਜੀ ਰੂਹ' ਸ਼ੁਰੂ ਕਰਨ ਜਾ ਰਹੇ ਹਾਂ। ਇਹ ਸਿਰਫ਼ ਸ਼ਬਦ ਨਹੀਂ, ਬਲਕਿ ਪੰਜਾਬ ਦੀ ਪਾਕੀਜ਼ਾ ਮਿੱਟੀ ਦੀ ਧੜਕਣ ਅਤੇ ਸਾਡੇ ਵਜੂਦ ਦਾ ਜਿਉਂਦਾ-ਜਾਗਦਾ ਇਤਿਹਾਸ ਹੈ। ਇਸ ਲੜੀ ਦੇ ਲੇਖਿਕਾ ਹਨ—ਕੈਲੀਫੋਰਨੀਆ (ਅਮਰੀਕਾ) ਤੋਂ ਉੱਘੀ ਸਾਹਿਤਕਾਰ, ਪ੍ਰਖ਼ਰ ਚਿੰਤਕ ਅਤੇ ਮਾਂ-ਬੋਲੀ ਦੀ ਸੇਵਕ ਨੀਲਮ ਸੈਣੀ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਪੰਜਾਬੀ ਦੀ ਐਮ.ਐਮ. ਵਿੱਚੋਂ ਟਾਪਰ ਰਹੀ ਨੀਲਮ ਸੈਣੀ ਦੀ ਕਲਮ ਵਿੱਚੋਂ ਨਿਕਲੇ ਇਹ ਬਹੁਮੁੱਲੇ ਸ਼ਬਦ ਤੁਹਾਡੀ ਰੂਹ ਨੂੰ ਪੰਜਾਬ ਦੇ ਪਿੰਡਾਂ, ਸੁਹਾਗਾਂ, ਘੋੜੀਆਂ ਅਤੇ ਲੋਰੀਆਂ ਦੇ ਉਸ ਅਮਰ ਸਰੋਵਰ ਵਿੱਚ ਇਸ਼ਨਾਨ ਕਰਵਾਉਣਗੇ, ਜਿਸਦੀ ਖ਼ੁਸ਼ਬੂ ਦੇਸ਼ਾਂ-ਵਿਦੇਸ਼ਾਂ ਵਿੱਚ ਵੱਸਦੇ ਹਰ ਪੰਜਾਬੀ ਦੇ ਦਿਲ ਤੱਕ ਪਹੁੰਚਦੀ ਹੈ। ਉਨ੍ਹਾਂ ਦੀਆਂ ਲਿਖੀਆਂ ਸੱਭਿਆਚਾਰਕ ਪੁਸਤਕਾਂ (ਜਿਵੇਂ: 'ਸਾਡੀਆਂ ਰਸਮਾਂ ਸਾਡੇ ਗੀਤ' ਅਤੇ 'ਵਿਰਸੇ ਦਾ ਵਣਜਾਰਾ') ਅੱਜ ਵਿਸ਼ਵ ਭਰ ਵਿੱਚ ਪੰਜਾਬੀ ਵਿਰਸੇ ਦਾ ਪ੍ਰਮਾਣਿਕ ਧੁਰਾ ਬਣ ਚੁੱਕੀਆਂ ਹਨ। ਆਓ, ਆਪਣੀਆਂ ਜੜ੍ਹਾਂ ਵੱਲ ਮੁੜੀਏ ਅਤੇ ਇਸ ਖ਼ੂਬਸੂਰਤ ਸੱਭਿਆਚਾਰਕ ਯਾਤਰਾ ਵਿੱਚ ਸਾਡੇ ਹਮਸਫ਼ਰ ਬਣੋ। — ਸਤਨਾਮ ਸਿੰਘ ਖਾਲਸਾ

ਵਿਸ਼ੇਸ਼ ਸੱਭਿਆਚਾਰਕ ਸੰਪਾਦਕੀ: ਵਿਰਸੇ ਦੀ ਆਵਾਜ਼

ਲੋਕਗੀਤਾਂ ਵਿੱਚ ਭਿੱਜੀ ਰੂਹ: ਪੰਜਾਬੀ ਸੱਭਿਆਚਾਰ ਦੇ ਅੰਬਰ ਦਾ ਸਦੀਵੀ ਚੰਦਰਮਾ-ਨੀਲਮ ਸੈਣੀ

'ਲੋਕ-ਗੀਤਾਂ ਦੀ ਬਾਂਹ ਉੱਤੇ ਕਿਸੇ ਵੀ ਗੀਤਕਾਰ ਦਾ ਨਾਓਂ ਨਹੀਂ ਖੁਣਿਆ ਹੁੰਦਾ, ਪਰ ਉਨ੍ਹਾਂ ਦੇ ਰੋਮ-ਰੋਮ ਉੱਤੇ ਜੋ ਲਫ਼ਜ਼ ਲਿਖਿਆ ਹੁੰਦਾ ਹੈ, ਉਹ ਹੈ—ਲੋਕ, ਲੋਕ, ਲੋਕ...।' — ਅੰਮ੍ਰਿਤਾ ਪ੍ਰੀਤਮ

(ਲੜੀ-22)

ਨਿਰਸੰਦੇਹ ਅੱਜ ਕਲ੍ਹ ਇਸ ਮਕਸਦ ਲਈ ਬਿਊਟੀ ਪਾਰਲਰ ਆਪਣੀ ਅਹਿਮ ਭੂਮਿਕਾ ਨਿਭਾ ਰਹੇ ਹਨ। ਵਿਆਹ ਵਾਲੀ ਕੁੜੀ ਦਾ ਪਾਰਲਰ ਵਿਚ ਬਕਾਇਦਾ ਚਿਹਰਾ ਬਲੀਚ ਕਰਨ ਉਪਰੰਤ ਫ਼ੇਸ਼ੀਅਲ ਅਤੇ ਵੈਕਸਿੰਗ ਕੀਤੀ ਜਾਂਦੀ ਹੈ। ਇਸ ਸਭ ਦੇ ਬਾਵਜੂਦ ਵਟਣੇ ਦੀ ਰਸਮ ਦਾ ਆਪਣਾ ਮਹੱਤਵ ਹੈ।

ਇੱਥੇ ਇਹ ਜ਼ਿਕਰਯੋਗ ਹੈ ਕਿ ਵਿਆਂਦੜ ਕੁੜੀ/ਮੁੰਡੇ ਨੂੰ ਮਾਈਆਂ ਲੱਗਣ ਤੋਂ ਬਾਅਦ ਨਹਾ-ਧੋ ਕੇ ਹੋਰ ਕੱਪੜੇ ਨਹੀਂ ਸੀ ਪਾਉਣ ਦਿੱਤੇ ਜਾਂਦੇ। ਇਸ ਨੂੰ 'ਮਾਈਏਂ ਪਾਉਣਾ' ਕਿਹਾ ਜਾਂਦਾ ਸੀ। ਇਹ ਸਮਝਿਆ ਜਾਂਦਾ ਸੀ ਕਿ ਦੋ ਦਿਨਾਂ ਤੋਂ ਬਾਅਦ ਇਸ ਤਰ੍ਹਾਂ ਕਰਨ ਨਾਲ ਵਿਆਹ ਵਾਲੇ ਦਿਨ ਵਾਹਵਾ ਰੂਪ ਚੜ੍ਹਦਾ ਹੈ। ਮਾਈਆਂ ਲਗਾਉਣ ਤੋਂ ਪਹਿਲਾਂ ਆਟੇ ਨਾਲ ਚੌਂਕ ਪੂਰ ਕੇ ਉਸ ਉੱਪਰ ਅੱਟਾ ਬੰਨ੍ਹੀ ਚੌਂਕੀ (ਫੱਟੀ) ਰੱਖ ਜਾਂਦੀ ਸੀ। ਇਸ ਚੌਂਕੀ ਉੱਪਰ ਵਿਆਂਦੜ ਕੁੜੀ ਨੂੰ ਸ਼ਗਨਾਂ ਵਾਲੀ ਚੁੰਨੀ ਦੇ ਕੇ ਬਿਠਾ ਦਿੱਤਾ ਜਾਂਦਾ ਸੀ। ਕੁੜੀ ਦੇ ਹੱਥ ਤੇ 'ਕੰਙਣਾ' ਬੰਨ੍ਹਿਆਂ ਜਾਂਦਾ ਸੀ। ਕੁੜੀ ਤੇ ਮੁੰਡੇ ਦੇ ਪੈਰਾਂ ਦੀਆਂ ਤਲੀਆਂ ਹੇਠ ਰੁਪਈਏ ਰੱਖੇ ਜਾਂਦੇ ਸਨ। ਇਹ ਰੁਪਈਏ ਬਾਅਦ ਵਿਚ ਨੈਣ ਨੂੰ ਦੇ ਦਿੱਤੇ ਜਾਂਦੇ ਸਨ। ਚਾਰ ਜਣੀਆਂ ਉਸ ਦੇ ਸਿਰ ਉੱਤੋਂ ਸ਼ਗਨਾਂ ਵਾਲੀ ਚੁੰਨੀ ਜਾਂ ਫ਼ੁਲਕਾਰੀ ਵਿਚ 7 ਟਿੱਕੀਆਂ ਰੱਖ ਕੇ (ਚੰਦੋਆ) ਤਾਣਦੀਆਂ ਸਨ। ਮਾਂ ਪੀੜ੍ਹੀ ਤੇ ਬੈਠ ਕੇ ਵਿਆਂਦੜ ਦੇ ਵਟਣਾ ਮਲਣਾ ਸ਼ੁਰੂ ਕਰਦੀ ਸੀ ਅਤੇ ਬਾਕੀ ਸਭ ਦੁਆਲੇ ਘੇਰਾ ਬੰਨ੍ਹ ਕੇ ਗਾਉਣਾ ਸ਼ੁਰੂ ਕਰ ਦਿੰਦੀਆਂ ਸਨ। ਇਹ ਰਸਮ ਅਜੇ ਤੱਕ ਉਪਰੋਕਤ ਰੂਪ ਵਿਚ ਹੀ ਪ੍ਰਚੱਲਿਤ ਹੈ।

ਕੁੜੀ ਵਾਲੇ ਘਰ ਵਟਣੇ ਦੇ ਗੀਤ:

ਮੇਰੇ ਪੱਟ ਦਾ ਬੱਧਾ,
ਸੱਜੇ ਹੱਥ ਦਾ ਬੱਧਾ।
ਮਾਂ ਸੁਹਾਗਣ ਨੇ ਬੰਨ੍ਹਿਆਂ,
ਭਾਬੋ ਸੁਹਾਗਣ ਨੇ ਬੰਨ੍ਹਿਆਂ।
ਕੋਈ ਸਤਿਗੁਰਾਂ ਦੀ ਰੱਖ,
ਕੰਙਣਾਂ ਬੰਨ੍ਹਿਆਂ ਹੋ।
ਵਾਹ ਵਾਹ ਕਣੋਰਾ ਵਟਣੇ ਦਾ,
ਜਿੰਦੜੀ ਕਣੋਰਾ ਵਟਣੇ ਦਾ।
ਗੌ-ਗੌ ਕਣੋਰਾ ਵਟਣੇ ਦਾ,
ਜਿੰਦੜੀ ਕਣੋਰਾ ਵਟਣੇ ਦਾ।

ਵਾਹ ਵਾਹ ਕਿ ਗੌ ਰਹੀਆਂ ਦੋ ਜਣੀਆਂ, ਜਿੰਦੜੀ ਕਿ ਗੌ ਰਹੀਆਂ ਦੋ ਜਣੀਆਂ।
ਵਾਹ ਵਾਹ ਮਲ਼ੇਂਦੀਆਂ ਦੋ ਜਣੀਆਂ, ਜਿੰਦੜੀ ਕਿ ਮਲ਼ੇਂਦੀਆਂ ਦੋ ਜਣੀਆਂ।
ਵਾਹ ਵਾਹ ਕਿ ਆਮ੍ਹੋ-ਸਾਮ੍ਹਣੀਆਂ, ਜਿੰਦੜੀ ਕਿ ਆਮ੍ਹੋ-ਸਾਮ੍ਹਣੀਆਂ।
ਵਾਹ ਵਾਹ ਕਿ ਜੇਠ ਜਠਾਨੜੀਆਂ, ਜਿੰਦੜੀ ਕਿ ਜੇਠ ਜਠਾਨੜੀਆਂ,
ਵਾਹ ਵਾਹ ਕਿ ਦੇਰ ਦਰਾਨੜੀਆਂ, ਜਿੰਦੜੀ ਕਿ ਦੇਰ ਦਰਾਨੜੀਆਂ।
ਵਾਹ ਵਾਹ ਕਿ ਸਕੀਆਂ ਭੈਨੜੀਆਂ, ਜਿੰਦੜੀ ਕਿ ਸਕੀਆਂ ਭੈਨੜੀਆਂ।
ਵਾਹ ਵਾਹ ਕਿ ਮੁੱਠ ਕੁ ਵੰਡਾਂ ਦੀ, ਜਿੰਦੜੀ ਕਿ ਮੁੱਠ ਕੁ ਵੰਡਾਂ ਦੀ।
ਵਾਹ ਵਾਹ ਕਿ ਪ੍ਰੀਤੋ ਭੰਡਾਂ ਦੀ, ਜਿੰਦੜੀ ਕਿ ਪ੍ਰੀਤੋ ਭੰਡਾਂ ਦੀ।
ਵਾਹ ਵਾਹ ਕਿ ਮੁੱਠ ਕੁ ਦਾਣਿਆਂ ਦੀ, ਜਿੰਦੜੀ ਕਿ ਬਚਨੋ ਸਿਆਣਿਆਂ ਦੀ।
ਵਾਹ ਵਾਹ ਕਿ ਮੁੱਠ ਕੁ ਚੌਲਾਂ ਦੀ, ਜਿੰਦੜੀ ਕਿ ਮੁੱਠ ਕੁ ਚੌਲਾਂ ਦੀ।

ਵਾਹ ਵਾਹ ਕਿ ਚਿੰਤੀ ਰੌਲਾਂ ਦੀ, ਜਿੰਦੜੀ ਕਿ ਚਿੰਤੀ ਰੌਲਾਂ ਦੀ।
ਵਾਹ! ਵਾਹ! ਕਿ ਚਾਦਰ ਚਿੜੀਆਂ ਦੀ, ਜਿੰਦੜੀ ਕਿ ਚਾਦਰ ਚਿੜੀਆਂ ਦੀ।
ਵਾਹ! ਵਾਹ! ਕਿ ਰੌਣਕ ਕੁੜੀਆਂ ਦੀ, ਜਿੰਦੜੀ ਕਿ ਰੌਣਕ ਕੁੜੀਆਂ ਦੀ।
ਰਾਮਾ! ਕਾਹੇ ਦਾ ਤੇਲ ਕਾਹੇ ਦਾ ਵਟਣਾ, ਮੇਰੀ ਲਾਡੋ ਦੇ ਅੰਗ ਲਗਾਈਏ।
ਸਰੋਂ ਦਾ ਤੇਲ ਫ਼ੁੱਲਾਂ ਦਾ ਵਟਣਾ, ਇਸ ਲਾਡੋ ਦੇ ਅੰਗ ਲਗਾਈਏ।
ਰਾ ਪੁਰ ਤੇਲਣ, ਰਾ ਪੁਰ ਤੇਲਣ, ਉਸ ਕੋਲੋਂ ਤੇਲ ਮੰਗਾਈਏ।
ਰਾ ਪੁਰ ਮਾਲਣ, ਰਾ ਪੁਰ ਮਾਲਣ, ਉਸ ਕੋਲੋਂ ਫ਼ੁੱਲ ਮੰਗਾਈਏ।
ਅੱਜ ਪਹਿਲੜੇ ਮਾਂ ਗੌਹੜੇ, ਸੋਧਾਂ ਨੂੰ ਵਟਣਾ ਲਾਈਏ।
ਤੇਰੀ ਮਾਤਾ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਤੇਰੀ ਭੈਣ ਸੁਹਾਗਣ, ਸਰਵ ਸੁਹਾਗਣ ਜਿਨ ਤੈਨੂੰ ਵਟਣਾ ਲਾਇਆ।
ਨੋਕ-ਝੋਕ ਵੀ ਹੁੰਦੀ ਹੈ;
ਤੇਰੀ ਭਾਬੀ ਸਪੁੱਤੜੀ, ਸੌ ਨਾਲ ਸੁੱਤੜੀ ਜਿਨ ਤੈਨੂੰ ਹੱਥ ਨਾ ਲਾਇਆ।
ਤੇਰੀ ਚਾਚੀ ਸਪੁੱਤੜੀ, ਸੌ ਨਾਲ ਸੁੱਤੜੀ ਜਿਨ ਤੈਨੂੰ ਹੱਥ ਨਾ ਲਾਇਆ।
ਪਹਿਲੇ ਸਮਿਆਂ ਵਿੱਚ ਉਸ ਤੋਂ ਬਾਅਦ ਮਾਂ ਕੁੜੀ ਦੇ ਮੂੰਹ ਵਿਚ ਘਿਓ ਖੰਡ ਦੀਆਂ 7 ਬੁਰਕੀਆਂ (ਨਿਵਾਲੇ) ਪਾਉਂਦੀ ਸੀ। ਮਾਂ ਵਲੋਂ ਵਿਦਾ ਹੋ ਰਹੀ ਧੀ ਨੂੰ ਘਿਉ ਕਰੂਲੀਆਂ ਕਰਾਉਣ ਲਈ ਇਹ ਢੁੱਕਵਾਂ ਸਮਾਂ ਪ੍ਰਤੀਤ ਹੁੰਦਾ ਸੀ। ਅਜੋਕੇ ਸਮੇਂ ਵਿਚ ਘਿਓ-ਖੰਡ ਦੀ ਥਾਂ ਤੇ ਬੂੰਦੀ ਜਾਂ ਕੋਈ ਹੋਰ ਮਠਿਆਈ ਰੱਖੀ ਜਾਂਦੀ ਹੈ।

ਘੋ ਖਾਵੇ! ਘੋ ਖਾਵੇ!
ਕਲੀਅਰ!
ਦੁੱਧ ਪੀਵੇ,
ਪੈਨ ਗੌਰੜੀਏ!

ਇਸ ਤੋਂ ਬਾਅਦ ਸਭ ਤੋਂ ਪਹਿਲਾਂ ਮਾਂ ਵਾਰਨਾ ਕਰਦੀ ਸੀ ਅਤੇ ਫਿਰ ਮੌਕੇ ਤੇ ਹਾਜ਼ਰ ਸਭ ਚਾਚੀਆਂ, ਤਾਈਆਂ, ਮਾਮੀਆਂ, ਮਾਸੀਆਂ ਅਤੇ ਸ਼ਰੀਕਣੀਆਂ ਵੱਲੋਂ ਵਾਰਨੇ ਕਰ ਕੇ ਲਾਗਣ ਨੂੰ ਦੇ ਦਿੱਤੇ ਜਾਂਦੇ ਸਨ। ਵਿਆਂਦੜ ਕੁੜੀ ਘਿਓ-ਖੰਡ ਵਾਲੀ ਥਾਲੀ ਲੈ ਕੇ ਅੰਦਰ ਜਾ ਕੇ ਹੋਰ ਕੁਆਰੀਆਂ ਕੁੜੀਆਂ ਨੂੰ ਗਰਾਹੀਆਂ ਖਾਣ ਨੂੰ ਦਿੰਦੀ ਸੀ। ਇਹ ਵਿਸ਼ਵਾਸ ਕੀਤਾ ਜਾਂਦਾ ਸੀ ਉਹ ਗਰਾਹੀਆਂ ਖਾਣ ਨਾਲ ਬਾਕੀ ਕੁਆਰੀਆਂ ਸਹੇਲੀਆਂ ਦਾ ਵਿਆਹ ਜਲਦੀ ਹੋਵੇਗਾ। ਮਾਂ ਮਲਿਆ ਹੋਇਆ ਵਟਣਾ 'ਕੱਠਾ ਕਰਕੇ ਪਟੜੀ ਟੱਪਦੀ ਸੀ। ਮਾਂ ਵਲੋਂ ਪਟੜੀ ਟੱਪਣਾ ਅਤੇ ਵਟਣੇ ਵਾਲੀ ਥਾਂ ਨੂੰ ਸਾਫ਼ ਕਰਨਾ ਉਸਦੇ ਰਿਸ਼ਤੇ ਦਾ ਮਾਣ ਹੀ ਹੁੰਦਾ ਸੀ। ਇਹ ਰਸਮ ਦੇਸ ਵਿਦੇਸ਼ ਵਿਚ ਇਸ ਰੂਪ ਵਿਚ ਹੀ ਪ੍ਰਚੱਲਿਤ ਹੈ। ਪਰਦੇਸਾਂ ਵਿਚ ਵਾਰਨੇ ਧਰਮ ਅਸਥਾਨ ਤੇ ਚੜ੍ਹਾ ਦਿੱਤੇ ਜਾਂਦੇ ਹਨ ਜਾਂ ਬਾਅਦ ਵਿਚ ਵੇਟਰਾਂ ਨੂੰ ਟਿੱਪ ਦੇ ਰੂਪ ਵਿਚ ਦੇ ਦਿੱਤੇ ਜਾਂਦੇ ਹਨ।

ਪਟੜੀ ਟੱਪ ਪਿਆਰੀਏ ਨੀ,
ਸੱਤਾਂ ਪੁੱਤਾਂ ਦੀਏ ਮਾਏਂ।
ਪਟੜੀ ਟੱਪ ਪਿਆਰੀਏ ਨੀ,
ਝੱਡੂ ਬਾਬੇ ਦੀ ਪੋਤੀ।
ਪਟੜੀ ਟੱਪ ਨਾ ਸਕਦੀ ਨੀ,
ਝੱਡੂ ਬਾਬੇ ਦੀ ਪੋਤੀ।

ਇਸ ਤੋਂ ਬਾਅਦ ਸਭ ਨੂੰ ਟਿੱਕੀਆਂ ਅਤੇ ਘੁੰਡਣੀਆਂ ਆਦਿ ਵੰਡੀਆਂ ਜਾਦੀਆਂ ਸਨ। ਅਜੋਕੇ ਸਮੇਂ ਵਿਚ ਲੱਡੂ ਵੰਡੇ ਜਾਂਦੇ ਹਨ। ਇਸ ਦੇ ਨਾਲ ਹੀ ਵਧਾਈਆਂ ਦੇ ਗੀਤ ਸ਼ੁਰੂ ਹੋ ਜਾਂਦੇ ਹਨ:

(ਚਲਦਾ)

ਐਫ. ਬੀ. ਆਈ. ਦੇ ਸਾਬਕਾ ਮੁਖੀ ਖ਼ਿਲਾਫ਼ ਤੀਜਾ ਮਾਮਲਾ ਦਰਜ ਗੁਪਤ ਜਾਣਕਾਰੀ ਸਾਂਝੀ ਕਰਨ ਦੇ ਹਨ ਦੋਸ਼

ਨਿਊਯਾਰਕ : ਅਮਰੀਕੀ ਨਿਆਂ ਵਿਭਾਗ ਨੇ ਐੱਫ.ਬੀ.ਆਈ. ਦੇ ਸਾਬਕਾ ਮੁਖੀ ਜੇਮਜ਼ ਕੋਮੀ ਖ਼ ?ਲਾਫ਼ ਕੌਮੀ ਰੱਖਿਆ ਨਾਲ ਜੁੜੀ ਗੁਪਤ ਜਾਣਕਾਰੀ ਸਾਂਝੀ ਕਰਨ ਅਤੇ ਇਸ ਦੀ ਸਾਜ਼ਿਸ਼ ਦੇ ਦੋਸ਼ ਲਗਾਏ ਹਨ। ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਕੋਮੀ ਖ਼ਿਲਾਫ਼ ਇਹ ਤੀਜਾ ਅਪਰਾਧਿਕ ਮਾਮਲਾ ਦਰਜ਼ ਕੀਤਾ ਗਿਆ ਹੈ। ਮਾਮਲਾ 2016 ਵਿਚ ਯਾਹੂ ਦੀ ਈਮੇਲ ਪ੍ਰਣਾਲੀ ਰਾਹੀਂ ਸਰਕਾਰੀ ਨਿਗਰਾਨੀ ਬਾਰੇ ਛਪੀ ਖ਼ਬਰ ਨਾਲ ਜੁੜਿਆ ਹੈ। ਸਰਕਾਰੀ ਪੱਖ ਦਾ ਦਾਅਵਾ ਹੈ ਕਿ ਕੋਮੀ ਨੇ ਪਹਿਲਾਂ ਛਪੀ ਜਾਣਕਾਰੀ ਦੀਆਂ ਗ਼ਲਤੀਆਂ ਠੀਕ ਕਰਵਾਉਣ ਲਈ ਆਪਣੇ ਸਹਿਯੋਗੀਆਂ ਨੂੰ ਪੱਤਰਕਾਰ ਨਾਲ ਗੱਲ ਕਰਨ ਲਈ ਕਿਹਾ ਅਤੇ ਇਸ ਦੌਰਾਨ ਗੁਪਤ ਜਾਣਕਾਰੀ ਸਾਂਝੀ ਹੋਈ। ਕੋਮੀ ਦੇ ਵਕੀਲਾਂ ਮੁਤਾਬਕ ਇਸੇ ਮਾਮਲੇ ਦੀ ਪਹਿਲਾਂ ਦੋ ਵਾਰ ਜਾਂਚ ਹੋ ਚੁੱਕੀ ਹੈ ਅਤੇ ਦੋਵੇਂ ਵਾਰ ਕਿਸੇ ਖ਼ਿਲਾਫ਼ ਦੋਸ਼ ਨਾ ਲਾਉਣ ਦਾ ਫ਼ੈਸਲਾ ਹੋਇਆ ਸੀ। ਉਨ੍ਹਾਂ ਹੁਣ ਕਾਨੂੰਨੀ ਸਮਾਂ ਹੱਦ ਲੰਘ ਚੁੱਕਣ ਦੀ ਦਲੀਲ ਦੇ ਕੇ ਮਾਮਲਾ ਰੱਦ ਕਰਨ ਦੀ ਮੰਗ ਕੀਤੀ ਹੈ। ਨਿਆਂ ਵਿਭਾਗ ਨੇ ਗਰੈਂਡ ਜਿਊਰੀ ਦੀ ਮਨਜ਼ੂਰੀ ਤੋਂ ਬਿਨਾਂ ਸਿੱਧਾ ਅਦਾਲਤ ਵਿਚ ਦੋਸ ਪੱਤਰ ਦਾਖ਼ਲ ਕੀਤਾ ਹੈ। ਵਿਭਾਗ ਦਾ ਕਹਿਣਾ ਹੈ ਕਿ ਇਸ ਨਾਲ ਮੁਕੱਦਮਾ ਚਲਾਉਣ ਦੀ ਸਮਾਂ ਹੱਦ ਰੁਕ ਗਈ ਹੈ, ਜਦਕਿ ਬਚਾਅ ਪੱਖ ਇਸ ਤਰੀਕੇ ਨੂੰ ਕਾਨੂੰਨੀ ਤੌਰ 'ਤੇ ਅਯੋਗ ਦੱਸ ਰਿਹਾ ਹੈ। ਜੱਜ ਨੇ ਹਾਲੇ ਇਸ ਵਿਵਾਦ 'ਤੇ ਫ਼ੈਸਲਾ ਨਹੀਂ ਦਿੱਤਾ।ਕੋਮੀ ਖ਼ ?ਲਾਫ਼ ਪਹਿਲਾ ਮਾਮਲਾ ਸਰਕਾਰੀ ਵਕੀਲ ਦੀ ਨਿਯੁਕਤੀ ਗ਼ੈਰ-ਕਾਨੂੰਨੀ ਪਾਏ ਜਾਣ ਕਾਰਨ ਰੱਦ ਹੋਇਆ ਸੀ। '8647' ਅੰਕਾਂ ਵਾਲੀ ਸਿੱਪੀਆਂ ਦੀ ਤਸਵੀਰ ਰਾਹੀਂ ਟਰੰਪ ਨੂੰ ਕਥਿਤ ਧਮਕੀ ਦੇਣ ਦਾ ਦੂਜਾ ਮਾਮਲਾ ਚੱਲ ਰਿਹਾ ਹੈ। ਕੋਮੀ ਨੇ ਨਵੇਂ ਦੋਸ਼ਾਂ ਨੂੰ ਨਕਾਰਦਿਆਂ ਕਾਰਵਾਈ ਨੂੰ ਨਿਆਂ ਵਿਭਾਗ ਦੀ ਦੁਰਵਰਤੋਂ ਕਰਾਰ ਦਿੱਤਾ ਹੈ।

ਬਰਿਕਸ ਸੰਸਦੀ ਫੋਰਮ ਵੱਲੋਂ ਪਹਿਲਗਾਮ ਅਤਿਵਾਦੀ ਹਮਲੇ ਦੀ ਨਿਖੇਧੀ

ਨਵੀਂ ਦਿੱਲੀ : ਬਰਿਕਸ ਸੰਸਦੀ ਫੋਰਮ ਦੇ ਦੋ ਰੋਜ਼ਾ ਸੰਮੇਲਨ ਵਿੱਚ ਮੰਗਲਵਾਰ ਨੂੰ ਸਾਂਝਾ ਐਲਾਨਨਾਮਾ ਜਾਰੀ ਕੀਤਾ ਗਿਆ, ਜਿਸ ਵਿੱਚ 2025 ਦੇ ਪਹਿਲਗਾਮ ਅਤਿਵਾਦੀ ਹਮਲੇ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ ਅਤੇ ਅਤਿਵਾਦ ਦੇ ਹਰ ਰੂਪ ਨੂੰ ਖ਼ਤਮ ਕਰਨ ਦਾ ਅਹਿਦ ਲਿਆ ਗਿਆ ਅਤੇ ਕਿਸੇ ਮੁਲਕ ਦੇ ਅੰਦਰੂਨੀ ਮਾਮਲਿਆਂ ਵਿੱਚ ਦਖ਼ਲ ਨਾ ਦੇਣ 'ਤੇ ਜ਼ੋਰ ਦਿੱਤਾ ਗਿਆ। ਲੋਕ ਸਭਾ ਸਪੀਕਰ ਓਮ ਬਿਰਲਾ ਨੇ ਇਹ ਐਲਾਨਨਾਮਾ ਜਾਰੀ ਕੀਤਾ।

ਐਲਾਨਨਾਮੇ ਵਿੱਚ 22 ਅਪਰੈਲ 2025 ਨੂੰ ਜੰਮੂ-ਕਸ਼ਮੀਰ ਦੇ ਪਹਿਲਗਾਮ ਵਿੱਚ ਹੋਏ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਗਿਆ ਕਿ ਇਸ ਵਿੱਚ 26 ਲੋਕ ਮਾਰੇ ਗਏ ਸਨ ਅਤੇ ਕਈ ਹੋਰ ਜ਼ਖ਼ਮੀ ਹੋਏ ਸਨ। ਫੋਰਮ ਨੇ ਸਰਹੱਦ ਪਾਰੋਂ ਅਤਿਵਾਦੀਆਂ ਦੀ ਆਵਾਜਾਈ, ਅਤਿਵਾਦੀ ਫੰਡਿੰਗ ਅਤੇ ਅਤਿਵਾਦੀਆਂ ਨੂੰ ਸੁਰੱਖਿਅਤ ਟਿਕਾਣੇ ਮੁਹੱਈਆ ਕਰਵਾਉਣ ਵਿਰੁੱਧ ਸਾਂਝੇ ਯਤਨ ਤੇਜ਼ ਕਰਨ 'ਤੇ ਜ਼ੋਰ ਦਿੱਤਾ। ਫੋਰਮ ਨੇ ਸੰਯੁਕਤ ਰਾਸ਼ਟਰ ਅਤੇ ਸੁਰੱਖਿਆ ਕੌਂਸਲ ਵਿੱਚ ਵਿਆਪਕ ਸੁਧਾਰਾਂ ਦੀ ਹਮਾਇਤ ਕਰਦਿਆਂ ਕਿਹਾ ਕਿ ਇਨ੍ਹਾਂ ਸੰਸਥਾਵਾਂ ਨੂੰ ਵਧੇਰੇ ਨਿਆਂਪੂਰਨ, ਲੋਕਤੰਤਰੀ ਅਤੇ ਪ੍ਰਤੀਨਿਧ ਬਣਾਇਆ ਜਾਣਾ ਚਾਹੀਦਾ ਹੈ, ਤਾਂ ਕਿ ਉਹ ਮੌਜੂਦਾ ਆਲਮੀ ਹਕੀਕਤਾਂ ਨਾਲ ਸਿੱਝਣ ਦੇ ਯੋਗ ਹੋ ਸਕਣ। ਬਰਿਕਸ ਮੁਲਕਾਂ ਦੇ ਸੰਸਦ ਮੈਂਬਰਾਂ ਨੇ ਅਧਿਕਾਰੀਆਂ ਅਤੇ ਪ੍ਰਤੀਨਿਧਾਂ ਨੂੰ ਕਿਹਾ ਕਿ ਅਤਿਵਾਦ ਨੂੰ ਕਿਸੇ ਧਰਮ, ਕੌਮ, ਸਭਿਆਚਾਰ ਜਾਂ ਫ਼ਿਰਕੇ ਨਾਲ ਨਹੀਂ ਜੋੜਨਾ ਚਾਹੀਦਾ।

ਐਲਾਨਨਾਮੇ ਵਿੱਚ ਇਕਪਾਸੜ ਆਰਥਿਕ ਪਾਬੰਦੀਆਂ ਅਤੇ ਦੂਜੇ ਦੇਸ਼ਾਂ 'ਤੇ ਲਾਗੂ ਕੀਤੀਆਂ ਜਾਣ ਵਾਲੀਆਂ ਪਾਬੰਦੀਆਂ ਦੀ ਵੀ ਨਿੰਦਾ ਕੀਤੀ ਗਈ। ਫੋਰਮ ਨੇ ਕਿਹਾ ਕਿ ਅਜਿਹੇ ਕਦਮ ਮਨੁੱਖੀ ਅਧਿਕਾਰਾਂ, ਸਿਹਤ, ਭੋਜਨ ਸੁਰੱਖਿਆ ਅਤੇ ਵਿਕਾਸ ਨੂੰ ਨੁਕਸਾਨ ਪਹੁੰਚਾ ਸਕਦੇ ਹਨ। ਪੱਛਮੀ ਏਸ਼ੀਆ ਦੀ ਸਥਿਤੀ 'ਤੇ ਚਿੰਤਾ ਜ਼ਾਹਰ ਕਰਦਿਆਂ ਮੰਚ ਨੇ ਇਜ਼ਰਾਈਲ-ਫ਼ਲਸਤੀਨ ਵਿਵਾਦ ਦੇ ਦੋ-ਕੌਮੀ ਹੱਲ ਦੀ ਹਮਾਇਤ ਕੀਤੀ ਅਤੇ ਫ਼ਲਸਤੀਨੀ ਲੋਕਾਂ ਲਈ ਆਜ਼ਾਦ ਤੇ ਪ੍ਰਭੂਸੱਤਾ ਸੰਪੰਨ ਮੁਲਕ ਦੇ ਅਧਿਕਾਰ ਨੂੰ ਮਾਨਤਾ ਦਿੱਤੀ। ਇਸ ਤੋਂ ਇਲਾਵਾ ਜਲਵਾਯੂ

ਆਧੁਨਿਕ ਰਾਜਨੀਤੀ ਵਿੱਚ ਬਹੁਤ ਘੱਟ ਸਵਾਲ ਅਜਿਹੇ ਹਨ ਜੋ ਸਵੈ-ਨਿਰਣੇ ਦੀ ਮੰਗ ਜਿੰਨਾ ਤਣਾਅ ਅਤੇ ਬਹਿਸ ਖੜ੍ਹੀ ਕਰਦੇ ਹਨ। ਇਸ ਡੂੰਘਾਈ ਭਰੇ ਲੇਖ ਵਿੱਚ, ਡਾ. ਗੁਰਿੰਦਰ ਸਿੰਘ ਗਰੇਵਾਲ ਆਮ ਰਾਜਨੀਤਿਕ ਬਿਆਨਬਾਜ਼ੀ ਤੋਂ ਪਰ੍ਹੇ ਜਾ ਕੇ ਸਿੱਖ ਰਾਜਨੀਤਿਕ ਹੋਂਦ ਦੀ ਚਰਚਾ ਨੂੰ ਉਸੇ ਥਾਂ ਸਥਾਪਿਤ ਕਰਦੇ ਹਨ ਜਿੱਥੇ ਇਹ ਅਸਲ ਵਿੱਚ ਬਣਦੀ ਹੈ: ਅੰਤਰਰਾਸ਼ਟਰੀ ਕਾਨੂੰਨ, ਪ੍ਰਤੀਨਿਧ ਸਹਿਮਤੀ, ਅਤੇ ਸੰਵਿਧਾਨਕ ਨੈਤਿਕਤਾ ਦੇ ਢਾਂਚੇ ਵਿੱਚ। ਇਤਿਹਾਸਕ ਦਾਅਵਿਆਂ ਨੂੰ ਬੰਦ ਪੰਨੇ ਸਮਝਣ ਜਾਂ ਜਮਹੂਰੀ ਅਕਾਂਖਿਆਵਾਂ ਨੂੰ ਸਿਰਫ਼ ਸੁਰੱਖਿਆ ਚਿੰਤਾਵਾਂ ਤੱਕ ਸੀਮਤ ਕਰਨ ਦੀ ਬਜਾਏ, ਲੇਖਕ ਇੱਕ ਠੋਸ ਦਲੀਲ ਪੇਸ਼ ਕਰਦੇ ਹਨ ਕਿ ਇੱਕ ਇਤਿਹਾਸਕ ਕੌਮ ਦੀ ਆਵਾਜ਼ ਨੂੰ ਸਿਰਫ਼ ਜ਼ਬਰਦਸਤੀ ਚੁੱਪ ਕਰਵਾ ਕੇ ਦਬਾਇਆ ਨਹੀਂ ਜਾ ਸਕਦਾ। ਅਸੀਂ ਇਹ ਰਚਨਾ ਬਹਿਸ ਨੂੰ ਖ਼ਤਮ ਕਰਨ ਲਈ ਨਹੀਂ, ਸਗੋਂ ਇੱਕ ਅਜਿਹਾ ਨਿਰਪੱਖ ਅਤੇ ਸਿਧਾਂਤਕ ਮੰਚ ਖੋਲ੍ਹਣ ਲਈ ਪ੍ਰਕਾਸ਼ਿਤ ਕਰ ਰਹੇ ਹਾਂ ਜਿੱਥੇ ਅੰਤਰਰਾਸ਼ਟਰੀ ਇਕਰਾਰਨਾਮਿਆਂ, ਬਰਾਬਰ ਨਾਗਰਿਕਤਾ, ਅਤੇ ਸ਼ਾਂਤਮਈ ਅਸਹਿਮਤੀ ਬਾਰੇ ਉਸ ਗੰਭੀਰਤਾ ਨਾਲ ਵਿਚਾਰ ਕੀਤਾ ਜਾ ਸਕੇ ਜਿਸ ਦੀ ਇਹ ਮੰਗ ਕਰਦੇ ਹਨ।

ਡਾ. ਗੁਰਿੰਦਰ ਸਿੰਘ ਗਰੇਵਾਲ
ਐਮ.ਡੀ.
209-321-3771

ਸਿੱਖ ਸਵੈ-ਨਿਰਣੇ ਦਾ ਅਧਿਕਾਰ: ਇਤਿਹਾਸਕ ਕੌਮੀਅਤ, ਜਮਹੂਰੀ ਸਹਿਮਤੀ ਅਤੇ ਖ਼ਾਲਿਸਤਾਨ ਦਾ ਪੱਖ

ਕੌਮਾਂਤਰੀ ਕਾਨੂੰਨ, ਰਾਜਨੀਤਿਕ ਬਰਾਬਰੀ ਅਤੇ ਪੁਰਅਮਨ ਸੰਵਿਧਾਨਕ ਤਬਦੀਲੀ 'ਤੇ ਆਧਾਰਿਤ ਇੱਕ ਸੰਤੁਲਿਤ ਦਲੀਲ

ਇਹ ਲੇਖ ਇੱਕ ਬੁਨਿਆਦੀ ਸੰਵਿਧਾਨਕ ਅਤੇ ਜਮਹੂਰੀ ਦਲੀਲ ਪੇਸ਼ ਕਰਦਾ ਹੈ ਕਿ ਸਿੱਖਾਂ ਕੋਲ ਕੌਮਾਂਤਰੀ ਕਾਨੂੰਨ ਅਧੀਨ ਸਵੈ-ਨਿਰਣੇ (Self-Determination) ਦੇ ਹੱਕਦਾਰ ਇੱਕ ਵਿਲੱਖਣ ਲੋਕ/ਕੌਮ (People) ਵਜੋਂ ਮਾਨਤਾ ਪ੍ਰਾਪਤ ਕਰਨ ਦਾ ਠੋਸ ਦਾਅਵਾ ਹੈ। ਖ਼ਾਲਿਸਤਾਨ ਲਈ ਪੁਰਅਮਨ ਵਕਾਲਤ ਸੰਵਿਧਾਨਕ ਤੌਰ 'ਤੇ ਸੁਰੱਖਿਅਤ ਸਿਆਸੀ ਪ੍ਰਗਟਾਵਾ ਹੈ, ਜਿਸ ਨੂੰ ਮਹਿਜ਼ ਅਪਰਾਧਿਕ ਦਾਇਰੇ ਵਿੱਚ ਬੰਨ੍ਹ ਕੇ ਰੱਦ ਕਰਨਾ ਇਸ ਵਿਚਲੇ ਜਮਹੂਰੀ ਤੱਤ ਨੂੰ ਅਣਸੁਲਝਿਆ ਛੱਡ ਦਿੰਦਾ ਹੈ। ਇਹ ਦਲੀਲ ਸਿੱਖਾਂ ਦੀ ਸਮੂਹਿਕ ਪਛਾਣ, ਇਤਿਹਾਸਕ ਪ੍ਰਭੂਸੱਤਾ, ਸੰਯੁਕਤ ਰਾਸ਼ਟਰ ਦੇ ਚਾਰਟਰ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਧੀਆਂ 'ਤੇ ਟਿਕੀ ਹੋਈ ਹੈ। ਲੇਖ ਸਵੈ-ਨਿਰਣੇ ਦੇ ਵਿਆਪਕ ਸਿਧਾਂਤ ਅਤੇ ਇਕਪਾਸੜ ਵੱਖਰੇਵੇਂ (Secession) ਦੇ ਵਿਵਾਦਪੂਰਨ ਹੱਕ ਵਿਚਲੇ ਫ਼ਰਕ ਨੂੰ ਸਪੱਸ਼ਟ ਕਰਦਿਆਂ ਬਹੁਗਿਣਤੀ ਰਾਸ਼ਟਰਵਾਦ, ਸਰਹੱਦੋਂ ਪਾਰ ਦਮਨ (Transnational Repression) ਅਤੇ ਪੰਜਾਬ ਦੇ ਕੁਦਰਤੀ ਸਰੋਤਾਂ ਤੇ ਵਿੱਦਿਅਕ ਖ਼ੁਦਮੁਖ਼ਤਿਆਰੀ ਦੇ ਮਸਲਿਆਂ ਦੀ ਗੰਭੀਰ ਪੜਚੋਲ ਕਰਦਾ ਹੈ।

ਕੌਮਾਂਤਰੀ ਕਾਨੂੰਨੀ ਆਧਾਰ: 'ਲੋਕ' (People) ਵਜੋਂ ਸਿੱਖਾਂ ਦਾ ਦਾਅਵਾ

ਸੰਯੁਕਤ ਰਾਸ਼ਟਰ ਚਾਰਟਰ ਦਾ ਅਨੁਛੇਦ1(2) ਸਾਰੇ ਲੋਕਾਂ ਦੇ ਬਰਾਬਰ ਅਧਿਕਾਰਾਂ ਅਤੇ ਸਵੈ-ਨਿਰਣੇ ਨੂੰ ਸੰਸਥਾ ਦੇ ਬੁਨਿਆਦੀ ਉਦੇਸ਼ਾਂ ਵਿੱਚ ਸ਼ਾਮਲ ਕਰਦਾ ਹੈ। ਨਾਗਰਿਕ ਤੇ ਰਾਜਨੀਤਿਕ ਅਧਿਕਾਰਾਂ ਬਾਰੇ ਕੌਮਾਂਤਰੀ ਇਕਰਾਰਨਾਮੇ (ICCPR) ਅਤੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਅਧਿਕਾਰਾਂ ਬਾਰੇ ਇਕਰਾਰਨਾਮੇ (ICESCR) ਦਾ ਸਾਂਝਾ ਅਨੁਛੇਦ 1 ਸਪੱਸ਼ਟ ਕਰਦਾ ਹੈ: 'ਸਾਰੇ ਲੋਕਾਂ ਨੂੰ ਸਵੈ-ਨਿਰਣੇ ਦਾ ਅਧਿਕਾਰ ਹੈ।' ਇਹ ਅਧਿਕਾਰ ਉਨ੍ਹਾਂ ਨੂੰ ਆਪਣਾ ਸਿਆਸੀ ਰੁਤਬਾ ਖ਼ੁਦ ਤੈਅ ਕਰਨ ਅਤੇ ਆਰਥਿਕ, ਸਮਾਜਿਕ ਤੇ ਸੱਭਿਆਚਾਰਕ ਵਿਕਾਸ ਨੂੰ ਅੱਗੇ ਵਧਾਉਣ ਦੀ ਖੁੱਲ੍ਹ ਦਿੰਦਾ ਹੈ।

ਯੂ.ਐੱਨ. ਦੀ ਮਨੁੱਖੀ ਅਧਿਕਾਰ ਕਮੇਟੀ ਅਨੁਸਾਰ ਵਿਅਕਤੀਗਤ ਮਨੁੱਖੀ ਅਧਿਕਾਰਾਂ ਦੀ ਰਾਖੀ ਸਮੂਹਿਕ ਸਵੈ-ਨਿਰਣੇ ਤੋਂ ਬਿਨਾਂ ਅਸੰਭਵ ਹੈ। ਸਿੱਖਾਂ ਦੇ ਦਾਅਵੇ ਨੂੰ ਇਸੇ ਕਾਨੂੰਨੀ ਚੌਖਟੇ ਵਿੱਚ ਦੇਖਣ ਦੀ ਲੋੜ ਹੈ:

ਸਿੱਖ ਪਛਾਣ ਸਿਰਫ਼ ਨਿੱਜੀ ਧਾਰਮਿਕ ਪਾਲਣਾ ਤੱਕ ਸੀਮਤ ਨਹੀਂ ਹੈ; ਇਸ ਵਿੱਚ ਵਿਲੱਖਣ ਇਤਿਹਾਸਕ ਯਾਦ, ਭਾਈਚਾਰਕ ਸ਼ਾਸਨ ਦੀਆਂ ਸੰਸਥਾਵਾਂ ਅਤੇ ਪੰਜਾਬ ਨਾਲ ਅਟੁੱਟ ਖੇਤਰੀ ਸਾਂਝ ਸ਼ਾਮਲ ਹੈ।

ਖ਼ਾਲਸਾ, ਗੁਰਦੁਆਰਾ, ਸੰਗਤ-ਪੰਗਤ ਅਤੇ ਮੀਰੀ-ਪੀਰੀ ਦਾ ਸੰਕਲਪ ਸਿੱਖ ਕੌਮ ਨੂੰ ਇੱਕ ਸੰਸਥਾਗਤ ਰਾਜਨੀਤਿਕ ਹੋਂਦ (agency) ਪ੍ਰਦਾਨ ਕਰਦਾ ਹੈ।

ਇਸ ਲਈ ਸਿੱਖਾਂ ਨੂੰ ਮਹਿਜ਼ ਇੱਕ ਧਰਮ ਦੇ ਵਿਅਕਤੀਗਤ ਪੈਰੋਕਾਰ ਕਹਿਣਾ ਕਾਨੂੰਨੀ ਤੌਰ 'ਤੇ ਨਾਕਾਫ਼ੀ ਹੈ; ਉਹ ਸਵੈ-ਨਿਰਣੇ ਦੇ ਉਦੇਸ਼ਾਂ ਲਈ ਇੱਕ ਮੁਕੰਮਲ 'ਕੌਮ/ਲੋਕ' (People) ਵਜੋਂ ਮਾਨਤਾ ਦੇ ਹੱਕਦਾਰ ਹਨ।

ਇਤਿਹਾਸਕ ਪ੍ਰਭੂਸੱਤਾ ਅਤੇ ਸਮਕਾਲੀ ਜਮਹੂਰੀ ਸਹਿਮਤੀ : ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਹੇਠਲਾ ਸਿੱਖ ਸਾਮਰਾਜ (ਸਰਕਾਰ-ਏ-ਖ਼ਾਲਸਾ) ਸਿੱਖਾਂ ਦੀ ਸਿਆਸੀ ਖ਼ੁਦਮੁਖ਼ਤਿਆਰੀ ਦਾ ਅਟੱਲ ਇਤਿਹਾਸਕ ਸਬੂਤ ਹੈ। 1849 ਵਿੱਚ ਐਂਗਲੋ-ਸਿੱਖ ਯੁੱਧਾਂ ਮਗਰੋਂ ਬ੍ਰਿਟਿਸ਼ ਕਬਜ਼ੇ ਤੋਂ ਪਹਿਲਾਂ ਸਿੱਖ ਪ੍ਰਭੂਸੱਤਾ ਇੱਕ ਸਥਾਪਿਤ ਕੌਮਾਂਤਰੀ ਹਕੀਕਤ ਸੀ।

ਇਤਿਹਾਸਕ ਜਾਇਜ਼ਤਾ: ਇਹ ਇਤਿਹਾਸ ਸਾਬਤ ਕਰਦਾ ਹੈ ਕਿ ਸਿੱਖਾਂ ਦੀਆਂ ਸਿਆਸੀ ਖ਼ਾਹਿਸ਼ਾਂ ਕੋਈ ਨਕਲੀ ਜਾਂ ਬਾਹਰੋਂ ਥੋਪੀ ਗਈ ਮੰਗ ਨਹੀਂ ਹਨ।

ਸਮਕਾਲੀ ਸੀਮਾਵਾਂ: ਹਾਲਾਂਕਿ ਇਤਿਹਾਸਕ ਪ੍ਰਭੂਸੱਤਾ ਮਾਨਤਾ ਦੇ ਦਾਅਵੇ ਨੂੰ ਮਜ਼ਬੂਤ ਕਰਦੀ ਹੈ, ਪਰ ਇਹ ਆਪਣੇ ਆਪ ਆਧੁਨਿਕ ਸਰਹੱਦਾਂ ਜਾਂ ਮੌਜੂਦਾ ਆਬਾਦੀ 'ਤੇ ਸਿੱਧਾ ਅਧਿਕਾਰ ਨਹੀਂ ਦਿੰਦੀ। ਭਵਿੱਖੀ ਸਮਝੌਤੇ ਦੀ ਜਾਇਜ਼ਤਾ ਸਿਰਫ਼ ਅਤੇ ਸਿਰਫ਼ ਆਧੁਨਿਕ ਜਮਹੂਰੀ ਸਹਿਮਤੀ (Democratic Consent) ਰਾਹੀਂ ਹੀ ਤੈਅ ਹੋਵੇਗੀ।

ਬਸਤੀਵਾਦੀ ਵਿਰਾਸਤ ਦੀ ਸਮੀਖਿਆ: ਬ੍ਰਿਟਿਸ਼ ਰਾਜ ਤੋਂ ਵਿਰਾਸਤ ਵਿੱਚ ਮਿਲੇ ਰਾਜਨੀਤਿਕ ਢਾਂਚੇ ਸਦਾ ਲਈ ਲੋਕਾਂ ਦੀਆਂ ਨੁਮਾਇੰਦਾ ਅਕਾਂਖਿਆਵਾਂ ਦਾ ਰਾਹ ਬੰਦ ਨਹੀਂ ਕਰ ਸਕਦੇ।

ਸਵੈ-ਨਿਰਣੇ ਦਾ ਹੱਕ, ਖੇਤਰੀ ਅਖੰਡਤਾ ਅਤੇ ਵੱਖ ਹੋਣ ਦਾ ਸੰਕਲਪ

ਕੌਮਾਂਤਰੀ ਕਾਨੂੰਨ ਸਵੈ-ਨਿਰਣੇ ਦੇ ਨਾਲ-ਨਾਲ ਮੁਲਕਾਂ ਦੀ ਖੇਤਰੀ ਅਖੰਡਤਾ (Territorial Integrity) ਦੀ ਵੀ ਰਾਖੀ ਕਰਦਾ ਹੈ। ਸੰਯੁਕਤ ਰਾਸ਼ਟਰ ਮਹਾਸਭਾ ਦਾ 1970 ਦਾ ਮਿੱਤਰਤਾਪੂਰਨ ਸਬੰਧਾਂ ਦਾ ਐਲਾਨਨਾਮਾ (Friendly Relations Declaration) ਸਪੱਸ਼ਟ ਸ਼ਰਤ ਤੈਅ ਕਰਦਾ ਹੈ: ਖੇਤਰੀ ਅਖੰਡਤਾ ਦੀ ਰਾਖੀ ਸਿਰਫ਼ ਉਨ੍ਹਾਂ ਰਾਜਾਂ ਨੂੰ ਮਿਲਦੀ ਹੈ ਜੋ ਬਰਾਬਰ ਅਧਿਕਾਰਾਂ ਦੀ ਪਾਲਣਾ ਕਰਦੇ ਹਨ ਅਤੇ ਜਿਨ੍ਹਾਂ ਦੀਆਂ ਸਰਕਾਰਾਂ ਬਿਨਾਂ ਕਿਸੇ ਨਸਲੀ ਜਾਂ ਧਾਰਮਿਕ ਵਿਤਕਰੇ ਦੇ ਸਮੁੱਚੀ ਆਬਾਦੀ ਦੀ ਨੁਮਾਇੰਦਗੀ ਕਰਦੀਆਂ ਹਨ।

ਕਾਨੂੰਨੀ ਤੌਰ 'ਤੇ ਇਸ ਦੇ ਦੋ ਰੂਪ ਹਨ:

ਅੰਦਰੂਨੀ ਸਵੈ-ਨਿਰਣੇ (Internal Self-Determination): ਮੌਜੂਦਾ ਸੰਵਿਧਾਨਕ ਢਾਂਚੇ ਅੰਦਰ ਅਸਲ ਸੰਘੀ ਖ਼ੁਦਮੁਖ਼ਤਿਆਰੀ, ਸੰਸਥਾਗਤ ਪ੍ਰਤੀਨਿਧਤਾ ਅਤੇ ਭਾਗੀਦਾਰੀ।

ਬਾਹਰੀ ਸਵੈ-ਨਿਰਣੇ (External Self-Determination): ਜਦੋਂ ਕਿਸੇ ਸਮੂਹ ਨੂੰ ਅੰਦਰੂਨੀ ਸਵੈ-ਨਿਰਣੇ ਅਤੇ ਮਨੁੱਖੀ ਹੱਕਾਂ ਤੋਂ ਪੂਰੀ ਤਰ੍ਹਾਂ ਵਾਂਝਾ ਕਰ ਦਿੱਤਾ ਜਾਵੇ, ਤਾਂ 'ਉਪਚਾਰਕ ਵੱਖਰੇਵੇਂ' (Remedial Secession) ਰਾਹੀਂ ਸੁਤੰਤਰ ਰਾਜ ਦਾ ਦਰਜਾ ਹਾਸਲ ਕਰਨਾ।

ਕੈਨੇਡਾ ਦੀ ਸੁਪਰੀਮ ਕੋਰਟ ਨੇ ਕਿਊਬੈਕ ਰੈਫ਼ਰੈਂਸ (Quebec Reference) ਵਿੱਚ ਇਹ ਸਿਧਾਂਤ ਦਰਜ ਕੀਤਾ ਸੀ ਕਿ ਜੇਕਰ ਲੋਕਾਂ ਦੀ ਸਪਸ਼ਟ ਜਮਹੂਰੀ ਬਹੁਮਤ ਸਾਹਮਣੇ ਆਉਂਦੀ ਹੈ, ਤਾਂ ਰਾਜ ਗੱਲਬਾਤ ਕਰਨ ਤੋਂ ਇਨਕਾਰ ਨਹੀਂ ਕਰ ਸਕਦਾ। ਭਾਵੇਂ ਭਾਰਤ ਨੇ ਸੰਯੁਕਤ ਰਾਸ਼ਟਰ ਵਿੱਚ ਦਾਖ਼ਲ ਹੋਣ ਵੇਲੇ ਸਵੈ-ਨਿਰਣੇ ਨੂੰ ਸਿਰਫ਼ ਬਾਹਰੀ ਬਸਤੀਵਾਦ ਤੱਕ ਸੀਮਤ ਕਰਨ ਦੀ ਸ਼ਰਤ ਰੱਖੀ ਸੀ, ਪਰ ਨੀਦਰਲੈਂਡਜ਼ ਸਮੇਤ ਕਈ ਜਮਹੂਰੀ ਮੁਲਕਾਂ ਨੇ ਇਸ ਸ਼ਰਤ 'ਤੇ ਇਤਰਾਜ਼ ਜਤਾਇਆ ਸੀ। ਇਸ ਲਈ ਸ਼ਾਂਤਮਈ ਗੱਲਬਾਤ ਰਾਹੀਂ ਆਜ਼ਾਦੀ ਦਾ ਮਸਲਾ ਹੱਲ ਕਰਨਾ ਇੱਕ ਜਾਇਜ਼ ਸਿਆਸੀ ਟੀਚਾ ਹੈ।

ਬਹੁਗਿਣਤੀ ਰਾਸ਼ਟਰਵਾਦ ਬਨਾਮ ਬਰਾਬਰ ਰਾਜਨੀਤਿਕ ਦਰਜਾ

ਮੌਜੂਦਾ ਦੌਰ ਵਿੱਚ ਆਰ.ਐੱਸ.ਐੱਸ. (RSS) ਅਤੇ ਭਾਜਪਾ (BJP) ਵੱਲੋਂ ਖੁੱਲ੍ਹੇਆਮ 'ਹਿੰਦੂ ਰਾਸ਼ਟਰ' ਦੀ ਵਕਾਲਤ ਕੀਤੀ ਜਾ ਰਹੀ ਹੈ। ਇੱਥੇ ਇੱਕ ਗੰਭੀਰ ਜਮਹੂਰੀ ਵਿਰੋਧਾਭਾਸ ਖੜ੍ਹਾ ਹੁੰਦਾ ਹੈ: ਜਦੋਂ ਬਹੁਗਿਣਤੀ ਦੀ ਧਾਰਮਿਕ-ਰਾਸ਼ਟਰੀ ਪਛਾਣ ਨੂੰ ਮੁੱਖ ਧਾਰਾ ਦੀ ਰਾਜਨੀਤੀ ਵਿੱਚ ਖੁੱਲ੍ਹੀ ਥਾਂ ਮਿਲਦੀ ਹੈ, ਪਰ ਘੱਟ-ਗਿਣਤੀਆਂ ਦੀਆਂ ਸਮਾਨ ਸਿਆਸੀ ਖ਼ਾਹਿਸ਼ਾਂ ਨੂੰ ਸਿੱਧਾ 'ਦੇਸ਼-ਧ੍ਰੋਹ' ਜਾਂ ਅਪਰਾਧ ਕਰਾਰ ਦੇ ਦਿੱਤਾ ਜਾਂਦਾ ਹੈ।

ਸਿੱਖਾਂ ਨੂੰ ਆਪਣੀ ਸਮੂਹਿਕ ਪਛਾਣ ਨੂੰ ਪਰਿਭਾਸ਼ਿਤ ਕਰਨ ਦਾ ਪੂਰਾ ਹੱਕ ਹੈ ਤਾਂ ਜੋ ਉਨ੍ਹਾਂ ਦੀ ਪਛਾਣ ਕਿਸੇ ਵੱਡੇ ਧਾਰਮਿਕ ਢਾਂਚੇ ਵਿੱਚ ਜਜ਼ਬ ਨਾ ਹੋ ਜਾਵੇ।

ਖ਼ਾਲਿਸਤਾਨ ਦੇ ਹਮਾਇਤੀਆਂ ਦੀ ਜ਼ਿੰਮੇਵਾਰੀ: ਇਹੀ ਜਮਹੂਰੀ ਸਿਧਾਂਤ ਖ਼ਾਲਿਸਤਾਨ ਦੇ ਹੱਕ ਵਿੱਚ ਖੜ੍ਹਨ ਵਾਲਿਆਂ 'ਤੇ ਵੀ ਬਰਾਬਰ ਲਾਗੂ ਹੁੰਦਾ ਹੈ। ਪ੍ਰਸਤਾਵਿਤ ਰਾਜ ਅੰਦਰ ਹਿੰਦੂ, ਮੁਸਲਿਮ, ਈਸਾਈ, ਦਲਿਤ, ਗ਼ੈਰ-ਧਾਰਮਿਕ ਅਤੇ ਅਸਹਿਮਤ ਸਿੱਖਾਂ ਦੇ ਅਧਿਕਾਰਾਂ, ਧਾਰਮਿਕ ਆਜ਼ਾਦੀ ਅਤੇ ਰਾਜਨੀਤਿਕ ਵਿਰੋਧ ਦੀ ਮੁਕੰਮਲ ਰਾਖੀ ਹੋਣੀ ਲਾਜ਼ਮੀ ਹੈ। ਦਬਦਬੇ ਤੋਂ ਮੁਕਤੀ ਦੀ ਮੰਗ ਕਰਨ ਵਾਲੀ ਲਹਿਰ ਤਾਂ ਹੀ ਭਰੋਸੇਯੋਗ ਬਣ ਸਕਦੀ ਹੈ ਜੇਕਰ ਉਹ ਆਪਣੇ ਪ੍ਰਸਤਾਵਿਤ ਪ੍ਰਬੰਧ ਵਿੱਚ ਹਰ ਤਰ੍ਹਾਂ ਸ਼ੁਨਾਖ਼ਤ ਕੀਤੀ (ਹਾਲਾਂਕਿ ਭਾਰਤ ਨੇ ਇਸ ਸ਼ਮੂਲੀਅਤ ਤੋਂ ਇਨਕਾਰ ਕੀਤਾ ਹੈ)।

ਗੁਰਪਤਵੰਤ ਸਿੰਘ ਪੰਨੂੰ ਕਤਲ ਸਾਜ਼ਿਸ਼ (ਅਮਰੀਕਾ): 13 ਫ਼ਰਵਰੀ 2026 ਨੂੰ ਨਿਊਯਾਰਕ ਦੀ ਸੰਘੀ ਅਦਾਲਤ ਵਿੱਚ ਨਿਖਿਲ ਗੁਪਤਾ ਨੇ ਭਾਰਤੀ ਸਰਕਾਰੀ ਕਰਮਚਾਰੀ ਦੇ ਨਿਰਦੇਸ਼ਾਂ 'ਤੇ ਸੁਪਾਰੀ ਦੇ ਕੇ ਕਤਲ ਕਰਵਾਉਣ ਦੀ ਸਾਜ਼ਿਸ਼ ਦਾ ਗੁਨਾਹ ਕਬੂਲਿਆ। 15 ਅਕਤੂਬਰ ਨੂੰ ਪੰਨੂੰ ਨੇ ਐੱਫ਼.ਬੀ.ਆਈ. ਵੱਲੋਂ ਮਿਲੀ ਤਾਜ਼ਾ ਧਮਕੀ ਚੇਤਾਵਨੀ ਦਾ ਵੀ ਹਵਾਲਾ ਦਿੱਤਾ।

ਇਹ ਘਟਨਾਵਾਂ ਸਪੱਸ਼ਟ ਕਰਦੀਆਂ ਹਨ ਕਿ ਸਿਆਸੀ ਅਸਹਿਮਤੀ ਨੂੰ ਦਬਾਉਣ ਲਈ ਸਰਹੱਦੋਂ ਪਾਰ ਹਿੰਸਾ ਜਾਂ ਕਤਲ ਦਾ ਸਹਾਰਾ ਲੈਣਾ ਕੌਮਾਂਤਰੀ ਕਾਨੂੰਨ ਦੀ ਘੋਰ ਉਲੰਘਣਾ ਹੈ। ਭਾਰਤ ਵੱਲੋਂ 'ਸਿੱਖਸ ਫ਼ਾਰ ਜਸਟਿਸ' (SFJ) 'ਤੇ ਲਗਾਈ ਗਈ ਘਰੇਲੂ ਪਾਬੰਦੀ ਆਪਣੇ ਆਪ ਵਿਦੇਸ਼ਾਂ ਵਿੱਚ ਸ਼ਾਂਤਮਈ ਵਕਾਲਤ ਦੇ ਅਧਿਕਾਰ ਨੂੰ ਗ਼ੈਰ-ਕਾਨੂੰਨੀ ਨਹੀਂ ਬਣਾਉਂਦੀ। ਪੁਰਅਮਨ ਇਕੱਠ, ਵਿਚਾਰ ਪ੍ਰਗਟਾਵੇ ਅਤੇ ਜਥੇਬੰਦੀ ਦੀ ਆਜ਼ਾਦੀ ਮਨੁੱਖੀ ਅਧਿਕਾਰਾਂ ਦਾ ਅਨਿੱਖੜਵਾਂ ਅੰਗ ਹੈ।

ਪੰਜਾਬ ਦੇ ਸਰੋਤ, ਸਿੱਖਿਆ ਅਤੇ ਜ਼ਮੀਨੀ ਸਵੈ-ਸ਼ਾਸਨ

ਸਵੈ-ਨਿਰਣੇ ਦੀ ਦਲੀਲ ਸਿਰਫ਼ ਅਮੂਰਤ ਸੰਕਲਪ ਨਹੀਂ ਹੈ; ਇਸ ਦਾ ਸਿੱਧਾ ਸੰਬੰਧ ਲੋਕਾਂ ਦੀ ਰੋਜ਼ੀ-ਰੋਟੀ, ਪਾਣੀ, ਵਾਤਾਵਰਣ ਅਤੇ ਸੱਭਿਆਚਾਰਕ ਹੋਂਦ ਨਾਲ ਹੈ:

ਦਰਿਆਈ ਪਾਣੀਆਂ ਦਾ ਵਿਵਾਦ: ਰਾਵੀ-ਬਿਆਸ ਦੇ ਪਾਣੀਆਂ ਦੀ ਗ਼ੈਰ-ਰਿਪੇਰੀਅਨ ਸੂਬਿਆਂ ਨੂੰ ਵੰਡ ਪੰਜਾਬ ਦੇ ਵਾਤਾਵਰਣਕ ਭਵਿੱਖ ਅਤੇ ਸੰਘੀ ਨਿਰਪੱਖਤਾ 'ਤੇ ਵੱਡਾ ਸਵਾਲ ਖੜ੍ਹਾ ਕਰਦੀ ਹੈ।

ਖੇਤੀਬਾੜੀ ਅਤੇ ਐੱਮ.ਐੱਸ.ਪੀ. (MSP): ਤਿੰਨ ਕੇਂਦਰੀ ਖੇਤੀ ਕਾਨੂੰਨਾਂ ਵਿਰੁੱਧ ਕਿਸਾਨ ਅੰਦੋਲਨ ਨੇ ਸਾਬਤ ਕੀਤਾ ਕਿ ਕੇਂਦਰੀਕਰਨ ਪੰਜਾਬ ਦੀ ਕਿਸਾਨੀ ਆਰਥਿਕਤਾ ਲਈ ਕਿੰਨਾ ਘਾਤਕ ਹੈ।

ਸਿੱਖਿਆ 'ਤੇ ਕੇਂਦਰੀ ਗਲਬਾ: ਪੰਜਾਬ ਯੂਨੀਵਰਸਿਟੀ ਸਮੇਤ ਵਿੱਦਿਅਕ ਅਦਾਰਿਆਂ ਵਿੱਚ ਨਵੀਂ ਸਿੱਖਿਆ ਨੀਤੀ (NEP) ਲਾਗੂ ਕਰਨ ਦੇ ਫ਼ੈਸਲੇ ਨਾਲ ਪੰਜਾਬੀ ਭਾਸ਼ਾ, ਸਿੱਖ ਅਧਿਐਨ ਅਤੇ ਯੂਨੀਵਰਸਿਟੀਆਂ ਦੀ ਅਕਾਦਮਿਕ ਖ਼ੁਦਮੁਖ਼ਤਿਆਰੀ ਨੂੰ ਖ਼ੋਰਾ ਲੱਗਣ ਦਾ ਖ਼ਦਸ਼ਾ ਹੈ।

ਇਸ ਵਿੱਦਿਅਕ ਨਿਆਂ ਲਈ ਪੰਜਾਬ ਤੋਂ ਬਾਹਰ ਵੀ ਸਾਂਝੀ ਆਵਾਜ਼ ਉੱਠੀ ਹੈ। ਪ੍ਰੋਫ਼ੈਸਰ ਜਵਾਹਰ ਨੇਸਨ ਦੀ ਅਗਵਾਈ ਹੇਠ ਨੀਟ (NEET) ਅਤੇ ਐੱਨ.ਈ.ਪੀ. ਵਿਰੁੱਧ ਕੱਢੀ ਗਈ 2,300 ਕਿਲੋਮੀਟਰ ਦੀ ਸਾਈਕਲ ਰੈਲੀ ਅਤੇ ਐਡਵੋਕੇਟ ਸਰਦਾਰ ਜੀਵਨ ਸਿੰਘ (ਬਹੁਜਨ ਦ੍ਰਾਵਿੜ ਪਾਰਟੀ) ਵੱਲੋਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਗਤ-ਪੰਗਤ ਅਤੇ ਮੀਰੀ-ਪੀਰੀ ਸੰਕਲਪਾਂ ਤੋਂ ਪ੍ਰੇਰਿਤ ਸਿੱਖਿਆ ਦੀ ਵਕਾਲਤ ਇਹ ਦਰਸਾਉਂਦੀ ਹੈ ਕਿ ਸਿੱਖ ਦਰਸ਼ਨ ਸਮਾਜਿਕ ਬਰਾਬਰੀ ਦੇ ਵਿਆਪਕ ਅੰਦੋਲਨਾਂ ਨੂੰ ਕਿਵੇਂ ਸੇਧ ਦਿੰਦਾ ਹੈ।

ਭਰੋਸੇਯੋਗ ਜਮਹੂਰੀ ਪ੍ਰਕਿਰਿਆ: ਲੋਕ-ਰਾਏ (Referendum) ਦੀ ਲੋੜ

ਵਿਦੇਸ਼ਾਂ ਵਿੱਚ ਵਸਦੇ ਸਿੱਖਾਂ (ਡਾਇਸਪੋਰਾ) ਵੱਲੋਂ ਕਰਵਾਈ ਜਾਣ ਵਾਲੀ ਵੋਟਿੰਗ ਜਨਤਕ ਚੇਤਨਾ ਅਤੇ ਵਚਨਬੱਧਤਾ ਨੂੰ ਤਾਂ ਪ੍ਰਗਟ ਕਰਦੀ ਹੈ, ਪਰ ਇਹ ਸਮੁੱਚੇ ਪੰਜਾਬ ਦੀਆਂ ਅਸਲ ਤਰਜੀਹਾਂ ਦਾ ਅੰਤਿਮ ਫ਼ੈਸਲਾ ਨਹੀਂ ਕਰ ਸਕਦੀ।

ਇਸ ਲਈ ਇੱਕ ਅਜਿਹੀ ਭਰੋਸੇਯੋਗ ਜਮਹੂਰੀ ਪ੍ਰਕਿਰਿਆ ਦੀ ਲੋੜ ਹੈ ਜੋ ਸੱਚੀ ਲੋਕ-ਸਹਿਮਤੀ ਜਾਣ ਸਕੇ:

ਸਪਸ਼ਟ ਭੂਗੋਲਿਕ ਖੇਤਰ ਅਤੇ ਪਾਰਦਰਸ਼ੀ ਵੋਟਰ ਸੂਚੀ।

ਸਮਝ ਆਉਣ ਯੋਗ ਸਿੱਧਾ ਸਵਾਲ ਅਤੇ ਸੁਤੰਤਰ ਕੌਮਾਂਤਰੀ ਨਿਗਰਾਨੀ।

ਸਾਰੇ ਪੱਖਾਂ (ਹੱਕ ਅਤੇ ਵਿਰੋਧ) ਲਈ ਖੁੱਲ੍ਹ ਕੇ ਪ੍ਰਚਾਰ ਕਰਨ ਦੀ



ਨਵੰਬਰ 1984 ਦਾ ਸਿੱਖ ਕਤਲੇਆਮ

ਸਿੱਖਾਂ ਦੇ ਮਨਾਂ ਵਿਚ ਅੱਜ ਵੀ ਅੱਲੇ ਹਨ '84 ਦੇ ਜ਼ਖਮ

ਇਤਿਹਾਸਕ ਪ੍ਰਸੰਗ 'ਚ ਨਵੰਬਰ 1984 ਦਾ ਸਿੱਖ ਵਿਰੋਧੀ ਕਤਲੇਆਮ ਵੀ ਉਸੇ ਤਰ੍ਹਾਂ ਸਿੱਖ ਮਾਨਸਿਕਤਾ 'ਚ ਘੱਲੂਘਾਰਾ ਬਣ ਕੇ ਵੱਸ ਚੁੱਕਾ ਹੈ, ਜਿਵੇਂ 1919 ਦੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਨਹੀਂ ਭੁਲਾਇਆ ਜਾ ਸਕਦਾ। 31 ਅਕਤੂਬਰ, 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੇ ਖ਼ਿਲਾਫ਼ ਸੋਚਿਆ-ਸਮਝਿਆ ਕਤਲੇਆਮ ਹੋਇਆ। ਰਾਜਧਾਨੀ ਦਿੱਲੀ ਸਮੇਤ ਭਾਰਤ ਭਰ ਦੇ 18 ਸੂਬਿਆਂ ਵਿਚਲੇ 110 ਮੁੱਖ ਸ਼ਹਿਰਾਂ ਵਿਚ ਗਿਣੀ-ਮਿੱਥੀ ਅਤੇ ਇਕੋ-ਜਿਹੀ ਯੋਜਨਾ ਤਹਿਤ ਸਿੱਖਾਂ ਦਾ ਭਿਆਨਕ ਕਤਲੇਆਮ ਹੋਇਆ। ਰਾਜੀਵ ਗਾਂਧੀ ਨੇ 19 ਨਵੰਬਰ, 1984 ਨੂੰ ਬੋਟ ਕਲੱਬ ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਦੇ ਜਨਮ ਦਿਨ 'ਤੇ ਕਿਹਾ ਸੀ, 'ਇੰਦਰਾ ਜੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਕੁਝ ਦੰਗੇ ਹੋਏ। ਸਾਨੂੰ ਪਤਾ ਹੈ ਕਿ ਲੋਕੀਂ ਕਾਫ਼ੀ ਗੁੱਸੇ ਵਿਚ ਸਨ, ਲੱਗਦਾ ਸੀ ਪੂਰਾ ਭਾਰਤ ਹਿੱਲ ਗਿਆ ਹੈ, ਪਰ ਜਦੋਂ ਇਕ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।' 31 ਅਕਤੂਬਰ, 1984 ਨੂੰ ਸਵੇਰੇ ਲਗਪਗ 9.20 ਵਜੇ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ ਰੱਖਿਅਕਾਂ ਨੇ ਗੋਲੀਆਂ ਮਾਰੀਆਂ ਅਤੇ ਕਰੀਬ 10.50 ਵਜੇ ਇੰਦਰਾ ਗਾਂਧੀ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਸ) ਵਿਖੇ ਮ੍ਰਿਤਕ ਕਰਾਰ ਦਿੱਤਾ ਗਿਆ। ਸ਼ਾਮੀਂ 4 ਵਜੇ ਰਾਜੀਵ ਗਾਂਧੀ ਪੱਛਮੀ ਬੰਗਾਲ ਤੋਂ ਆ ਕੇ 'ਏਮਸ' ਹਸਪਤਾਲ ਪਹੁੰਚਦਾ ਹੈ ਅਤੇ ਉਸ ਇਲਾਕੇ ਨੇੜੇ ਸਿੱਖਾਂ ਨਾਲ ਛੋਟੀਆਂ-ਮੋਟੀਆਂ ਹਿੰਸਕ ਘਟਨਾਵਾਂ ਹੁੰਦੀਆਂ ਹਨ। ਸ਼ਾਮੀਂ 5.30 ਵਜੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਯਾਤਰਾ ਤੋਂ ਵਾਪਸ ਆਏ ਤਾਂ 'ਏਮਸ' ਦੇ ਬਾਹਰ ਉਨ੍ਹਾਂ ਦੇ ਕਾਫ਼ਲੇ 'ਤੇ ਵੀ ਪਥਰਾਅ ਹੁੰਦਾ ਹੈ। ਸਿੱਖ ਕਤਲੇਆਮ ਦੀ ਪਹਿਲੀ ਘਟਨਾ 1 ਨਵੰਬਰ ਨੂੰ ਪੂਰਬੀ ਦਿੱਲੀ ਵਿਚ ਸਵੇਰੇ ਵਾਪਰੀ। ਬਸ ਫ਼ਿਰ ਕੀ ਸੀ, 5 ਨਵੰਬਰ ਤੱਕ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਲਗਭਗ 110 ਸ਼ਹਿਰਾਂ 'ਚ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਕਤਲੇਆਮ 'ਚ 7 ਹਜ਼ਾਰ ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਉਂਦੇ ਸਾੜਿਆ ਤੇ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਸੈਂਕੜੇ ਔਰਤਾਂ ਦੀ ਬੇਪਤੀ ਹੋਈ, ਕਰੋੜਾਂ ਦੀ ਸੰਪਤੀ ਲੁੱਟੀ ਅਤੇ ਸਾੜ ਦਿੱਤੀ ਗਈ।

ਇਕੱਲੇ ਦਿੱਲੀ ਵਿਚ ਹੀ ਸਰਕਾਰੀ ਰਿਕਾਰਡ ਅਨੁਸਾਰ 2733 ਕਤਲ ਹੋਏ। ਜ਼ਖ਼ਮੀਆਂ ਦੀ ਗਿਣਤੀ 2966 ਅਤੇ ਜਾਇਦਾਦ ਦੀ ਲੁੱਟ-ਖਸੁੱਟ ਅਤੇ ਸਾੜ-ਫੂਕ ਦੀਆਂ ਘਟਨਾਵਾਂ 10,897 ਵਾਪਰੀਆਂ। ਇਸੇ ਦੌਰਾਨ ਦਿੱਲੀ ਵਿਚ ਫ਼ਿਰਕੂ ਕਤਲੇਆਮ ਨੂੰ ਰੋਕਣ ਲਈ ਸੀਨੀਅਰ ਵਕੀਲ ਤੇ ਵਿਰੋਧੀ ਧਿਰ ਦੇ ਨੇਤਾ ਰਾਮ ਜੇਠਮਲਾਨੀ ਗ੍ਰਹਿ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨੂੰ ਮਿਲੇ। ਕਈ ਹੋਰ ਧਰਮ-ਨਿਰਪੱਖ ਆਗੂਆਂ ਨੇ ਵੀ ਸਰਕਾਰ ਨੂੰ ਹਾਲਾਤ 'ਤੇ ਕਾਬੂ ਪਾਉਣ ਲਈ ਆਖਿਆ, ਪਰ ਸਰਕਾਰੀ ਤੌਰ 'ਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਹਾਲਾਤ ਨੂੰ ਮੁਢਲੇ ਪੜਾਅ 'ਤੇ ਹੀ ਕਾਬੂ ਕਰ ਲਿਆ ਜਾਂਦਾ।

ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਅੱਜ 36 ਸਾਲ ਬੀਤ ਚੁੱਕੇ ਹਨ, ਪਰ ਇਸ ਦੇ ਪੀੜਤਾਂ ਦੇ ਜ਼ਖ਼ਮ ਹਾਲੇ ਵੀ ਤਾਜ਼ਾ ਹਨ। 36 ਸਾਲਾਂ 'ਚ ਇਨ੍ਹਾਂ ਦੇ ਜ਼ਖ਼ਮਾਂ 'ਤੇ ਨਾ ਕਿਸੇ ਨੇ ਮਰਹੱਮ ਲਗਾਈ, ਨਾ ਅਦਾਲਤਾਂ ਨੇ ਇਨਸਾਫ਼ ਦਿੱਤਾ ਤੇ ਨਾ ਹੀ ਪੁਕਾਰ ਸੁਣੀ। ਦੋਸ਼ੀ ਸੱਤਾ ਸੁੱਖ ਮਾਣਦੇ ਰਹੇ ਪਰ ਪੀੜਤਾਂ ਦੇ ਪੱਲੇ ਜੇ ਕੁਝ ਪਿਆ ਤਾਂ ਕੇਵਲ ਖੱਜਲ-ਖੁਆਰੀ ਤੇ ਨਿਰਾਸ਼ਾ। ਦੁਨੀਆ ਦੇ ਸਭ ਤੋਂ ਵੱਡੇ ਜਮਹੂਰੀ ਦੇਸ਼ ਕਹਾਉਂਦੇ ਭਾਰਤ ਦੀ ਮੁੱਖ ਧਾਰਾ ਦੀ ਲੀਡਰਸ਼ਿਪ ਵਲੋਂ ਸਿੱਖ ਕਤਲੇਆਮ ਦਾ ਇਨਸਾਫ਼ ਦਿੱਤੇ ਬਗੈਰ ਹੀ ਵਾਰ-ਵਾਰ ਸਿੱਖਾਂ ਨੂੰ ਬੀਤੇ ਨੂੰ ਭੁੱਲ ਕੇ ਦੇਸ਼ ਦੀ ਉੱਨਤੀ 'ਚ ਭਾਈਵਾਲ ਬਣਨ ਦੀਆਂ ਨਸੀਹਤਾਂ ਦਿੱਤੀਆਂ ਜਾਂਦੀਆਂ ਹਨ।

ਜਾਂਚ ਕਮਿਸ਼ਨ/ ਕਮੇਟੀਆਂ ਦਾ ਵੇਰਵਾ ਨਵੰਬਰ 1984 ਦੇ ਸਿੱਖ ਕਤਲੇਆਮ ਦੀ ਪੜਤਾਲ ਲਈ ਹੁਣ ਤੱਕ 10 ਜਾਂਚ ਕਮੇਟੀਆਂ/ਕਮਿਸ਼ਨ ਅਤੇ ਇਕ ਵਿਸ਼ੇਸ਼ ਜਾਂਚ ਟੀਮ ਬਿਠਾਏ ਗਏ, ਪਰ ਇਨ੍ਹਾਂ ਨੇ ਕਈ ਮੁੱਖ ਦੋਸ਼ੀ ਜਾਂ ਤਾਂ ਬਰੀ ਕਰ ਦਿੱਤੇ ਜਾਂ ਉਨ੍ਹਾਂ ਨੂੰ ਕਦੇ ਵੀ ਦੋਸ਼ੀ ਨਹੀਂ ਮੰਨਿਆ। ਸਭ ਤੋਂ ਅਖ਼ੀਰਲਾ ਕਮਿਸ਼ਨ 'ਨਾਨਾਵਤੀ ਕਮਿਸ਼ਨ' ਸੀ, ਜਿਸ ਦੇ ਮੁਖੀ ਜਸਟਿਸ ਜੀ.ਟੀ. ਨਾਨਾਵਤੀ ਸਨ। ਇਸ ਕਮਿਸ਼ਨ ਦੀ 185 ਸਫ਼ਿਆਂ ਦੀ ਰਿਪੋਰਟ 9 ਫ਼ਰਵਰੀ, 2005 ਨੂੰ ਤਤਕਾਲੀ ਗ੍ਰਹਿ ਮੰਤਰੀ ਸ਼ਿਵਰਾਜ ਪਾਟਿਲ ਨੂੰ ਦਿੱਤੀ ਗਈ ਅਤੇ ਇਹ ਰਿਪੋਰਟ 8 ਅਗਸਤ 2005 ਨੂੰ ਸੰਸਦ ਵਿਚ ਪੇਸ਼ ਕੀਤੀ ਗਈ। ਸਾਲ 2015 'ਚ ਕੇਂਦਰ ਦੀ ਮੋਦੀ ਸਰਕਾਰ ਵਲੋਂ ਸਿੱਖ ਕਤਲੇਆਮ ਦੇ ਅਣਸੁਲਝੇ ਅਤੇ ਬੰਦ ਪਏ ਪੁਲਿਸ ਮਾਮਲਿਆਂ ਨੂੰ ਮੁੜ ਖੋਲ੍ਹਣ ਲਈ 'ਵਿਸ਼ੇਸ਼ ਜਾਂਚ ਟੀਮ' ਦਾ ਗਠਨ ਕੀਤਾ ਗਿਆ ਸੀ, ਪਰ ਪੌਣੇ ਚਾਰ ਸਾਲ ਬਾਅਦ ਵੀ ਇਸ ਜਾਂਚ ਟੀਮ ਦੀ ਰਿਪੋਰਟ ਨਹੀਂ ਆ ਸਕੀ।

ਤਲਵਿੰਦਰ ਸਿੰਘ ਬੁੱਟਰ

ਮਰਵਾਹ ਕਮਿਸ਼ਨ : ਉਸ ਵੇਲੇ ਦੇ ਐਡੀਸ਼ਨਲ ਕਮਿਸ਼ਨਰ ਪੁਲਿਸ ਵੇਦ ਮਰਵਾਹਾ ਦੀ ਅਗਵਾਈ 'ਚ ਨਵੰਬਰ 1984 'ਚ ਬਣਾਏ ਇਸ ਪਹਿਲੇ ਕਮਿਸ਼ਨ ਨੂੰ ਸਿੱਖ ਵਿਰੋਧੀ ਕਤਲੇਆਮ ਦੌਰਾਨ ਪੁਲਿਸ ਦੀ ਭੂਮਿਕਾ ਤੇ ਡਿਊਟੀਆਂ ਦੀ ਪੜਤਾਲ ਕਰਨ ਲਈ ਕਿਹਾ ਗਿਆ ਸੀ। ਬਹੁਤ ਸਾਰੇ ਦਿੱਲੀ ਪੁਲਿਸ ਦੇ ਅਫ਼ਸਰ ਦਿੱਲੀ ਹਾਈ ਕੋਰਟ ਦੀ ਸ਼ਰਨ ਵਿਚ ਚਲੇ ਗਏ ਅਤੇ ਵੇਦ ਮਰਵਾਹਾ ਨੇ ਆਪਣੀ ਪੜਤਾਲ 1985 ਦੇ ਮੱਧ ਵਿਚ ਪੂਰੀ ਕੀਤੀ। ਉਨ੍ਹਾਂ ਨੂੰ ਗ੍ਰਹਿ ਮੰਤਰੀ ਵਲੋਂ ਅਗਾਂਹ ਨਾ ਵਧਣ ਦੇ ਨਿਰਦੇਸ਼ ਦਿੱਤੇ ਗਏ।

ਮਿਸ਼ਰਾ ਕਮਿਸ਼ਨ : ਮਈ 1985 ਵਿਚ ਸੁਪਰੀਮ ਕੋਰਟ ਦੇ ਤਤਕਾਲੀ ਜੱਜ ਜਸਟਿਸ ਰੰਗ ਨਾਥ ਮਿਸ਼ਰਾ 'ਤੇ ਆਧਾਰਿਤ ਸਥਾਪਤ ਕੀਤੇ ਗਏ ਇਸ ਕਮਿਸ਼ਨ ਨੇ ਆਪਣੀ ਰਿਪੋਰਟ ਅਗਸਤ 1986 ਵਿਚ ਪੇਸ਼ ਕੀਤੀ। ਛੇ ਮਹੀਨੇ ਬਾਅਦ ਫ਼ਰਵਰੀ 1987 ਵਿਚ ਇਹ ਰਿਪੋਰਟ ਜਨਤਕ ਕੀਤੀ ਗਈ। ਇਸ ਕਮਿਸ਼ਨ ਦੀ ਜਾਂਚ ਨੂੰ ਸਿੱਖ ਕਤਲੇਆਮ ਦੀ ਜਾਂਚ ਕਰ ਰਹੀਆਂ ਦੋ ਸਮਾਜ ਸੇਵੀ ਸੰਸਥਾਵਾਂ 'ਪੀਪਲ ਯੂਨੀਅਨ ਫਾਰ ਡੈਮੋਕਰੇਟਿਵ ਰਾਈਟ' ਅਤੇ 'ਪੀਪਲ ਯੂਨੀਅਨ ਫਾਰ ਸਿਵਲ ਲਿਬਰਟੀ' ਨੇ ਦੋਸ਼ੀਆਂ ਨੂੰ ਬਚਾਉਣ ਦਾ ਦੋਸ਼ ਲਾਉਂਦੇ ਹੋਏ ਠੁਕਰਾ ਦਿੱਤਾ ਸੀ।

ਕਪੂਰ-ਮਿੱਤਲ ਕਮੇਟੀ : ਜਸਟਿਸ ਦਲੀਪ ਕਪੂਰ ਅਤੇ ਉੱਤਰ ਪ੍ਰਦੇਸ਼ ਦੇ ਸੇਵਾਮੁਕਤ ਸਕੱਤਰ ਸ੍ਰੀਮਤੀ ਕੁਸਮ ਮਿੱਤਲ ਦੀ ਅਗਵਾਈ ਹੇਠ ਇਸ ਕਮੇਟੀ ਦਾ ਗਠਨ ਫ਼ਰਵਰੀ 1987 ਵਿਚ ਮਿਸ਼ਰਾ ਕਮਿਸ਼ਨ ਦੀ ਸਿਫ਼ਾਰਿਸ਼ 'ਤੇ ਪੁਲਿਸ ਦੀ ਭੂਮਿਕਾ ਦੀ ਜਾਂਚ ਲਈ ਕੀਤਾ ਗਿਆ ਸੀ। ਇਸ ਕਮੇਟੀ ਨੇ 1990 ਵਿਚ ਆਪਣੀ ਜਾਂਚ ਪੂਰੀ ਕੀਤੀ ਅਤੇ 72 ਪੁਲਿਸ ਅਫ਼ਸਰਾਂ ਦੀ ਪਛਾਣ ਕੀਤੀ, ਜਿਨ੍ਹਾਂ ਨੇ ਜਾਂ ਤਾਂ ਕਤਲੇਆਮ ਵੇਲੇ ਆਪਣੀ ਬਣਦੀ ਡਿਊਟੀ ਨਿਭਾਉਣ ਵਿਚ ਭਾਰੀ ਕੁਤਾਹੀ ਕੀਤੀ ਜਾਂ ਫ਼ਿਰ ਦੰਗਾਕਾਰੀਆਂ ਦੀ ਸ਼ਰੇਆਮ ਮਦਦ ਕੀਤੀ। ਕਮੇਟੀ ਨੇ 72 ਅਫ਼ਸਰਾਂ ਵਿਚੋਂ 30 ਪੁਲਿਸ ਅਫ਼ਸਰਾਂ ਨੂੰ ਤਾਂ ਨੌਕਰੀ ਤੋਂ ਤੁਰੰਤ ਬਰਖ਼ਾਸਤ ਕਰਨ ਦੀਆਂ ਸਿਫ਼ਾਰਿਸ਼ਾਂ ਵੀ ਕੀਤੀਆਂ ਸਨ ਪਰ ਅੱਜ ਤੱਕ ਇਨ੍ਹਾਂ ਵਿਚੋਂ ਕਿਸੇ ਪੁਲਿਸ ਅਧਿਕਾਰੀ ਨੂੰ ਕਿਸੇ ਤਰ੍ਹਾਂ ਦੀ ਕੋਈ ਸਜ਼ਾ ਨਹੀਂ ਹੋਈ। ਉਲਟਾ ਪੁਲਿਸ ਅਧਿਕਾਰੀਆਂ ਨੂੰ ਕਈ-ਕਈ ਤਰੱਕੀਆਂ ਵੀ ਦਿੱਤੀਆਂ ਗਈਆਂ।

ਜੈਨ ਬੈਨਰਜੀ ਕਮੇਟੀ : ਦਿੱਲੀ ਹਾਈ ਕੋਰਟ ਦੇ ਸਾਬਕਾ ਜੱਜ ਐਮ.ਐਲ. ਜੈਨ ਅਤੇ ਸੇਵਾਮੁਕਤ ਆਈ.ਜੀ. ਏ.ਕੇ. ਬੈਨਰਜੀ ਦੀ ਅਗਵਾਈ ਵਾਲੀ ਜੈਨ ਬੈਨਰਜੀ ਕਮੇਟੀ ਨੇ ਅਗਸਤ 1987 'ਚ ਕਾਂਗਰਸੀ ਆਗੂ ਸੱਜਣ ਕੁਮਾਰ ਖ਼ਿਲਾਫ਼ ਮਾਮਲਾ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ ਸੀ। ਨਵੰਬਰ 1987 ਵਿਚ ਸਾਰੀਆਂ ਪ੍ਰੈੱਸ ਰਿਪੋਰਟਾਂ ਵਿਚ ਲਿਖਿਆ ਗਿਆ ਕਿ ਕਮੇਟੀ ਦੀਆਂ ਸਿਫ਼ਾਰਸ਼ਾਂ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਦਸੰਬਰ 1987 ਵਿਚ ਕਾਂਗਰਸੀ ਆਗੂ ਅਤੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੇ ਇਕ ਸਾਥੀ ਬ੍ਰਹਮਾਨੰਦ

ਗੁਪਤਾ ਨੇ ਦਿੱਲੀ ਹਾਈ ਕੋਰਟ ਵਿਚ ਕੇਸ ਕਰਕੇ ਇਸ ਕਮੇਟੀ ਖ਼ਿਲਾਫ਼ ਸਟੇਅ ਆਰਡਰ ਪ੍ਰਾਪਤ ਕਰ ਲਿਆ। ਆਖ਼ਰਕਾਰ ਅਗਸਤ 1989 ਵਿਚ ਇਸ ਕਮੇਟੀ ਨੂੰ ਖਾਰਜ ਕਰ ਦਿੱਤਾ ਗਿਆ।

ਪੋਟਾ ਰੋਸ਼ਾ ਕਮੇਟੀ : ਪੋਟਾ ਰੋਸ਼ਾ ਕਮੇਟੀ ਦਾ ਗਠਨ ਮਾਰਚ 1990 ਵਿਚ ਵੀ.ਪੀ. ਸਿੰਘ ਦੀ ਸਰਕਾਰ ਸਮੇਂ ਜੈਨ-ਬੈਨਰਜੀ ਕਮੇਟੀ ਦੇ ਕੰਮ ਨੂੰ ਅੱਗੇ ਵਧਾਉਣ ਲਈ ਕੀਤਾ ਗਿਆ। ਅਗਸਤ 1990 ਵਿਚ ਪੋਟਾ ਰੋਸ਼ਾ ਦੀ ਸਿਫ਼ਾਰਿਸ਼ 'ਤੇ ਪੀੜਤਾਂ ਦੇ ਹਲਫ਼ੀਆ ਬਿਆਨ ਲੈ ਕੇ ਕੇਸ ਦਰਜ ਕਰਨ ਲਈ ਆਖਿਆ ਗਿਆ। ਇਨ੍ਹਾਂ ਵਿਚੋਂ ਇਕ ਸੱਜਣ ਕੁਮਾਰ ਦੇ ਖ਼ਿਲਾਫ਼ ਸੀ। ਇਕ ਸੀ.ਬੀ.ਆਈ. ਦੀ ਟੀਮ ਸੱਜਣ ਕੁਮਾਰ ਦੇ ਘਰ ਗਈ, ਉਸ ਦੇ ਸਮਰਥਕਾਂ ਨੇ ਟੀਮ ਨੂੰ ਬੰਦੀ ਬਣਾ ਕੇ ਧਮਕੀ ਦਿੱਤੀ ਕਿ ਜੇਕਰ ਉਨ੍ਹਾਂ ਦੇ ਆਗੂ ਖ਼ਿਲਾਫ਼ ਕੋਈ ਕਦਮ ਚੁੱਕਿਆ ਤਾਂ ਟੀਮ ਦਾ ਨੁਕਸਾਨ ਕੀਤਾ ਜਾਵੇਗਾ। ਨਤੀਜੇ ਵਜੋਂ ਸਤੰਬਰ 1990 ਵਿਚ ਆਪਣਾ ਕਾਰਜਕਾਲ ਪੂਰਾ ਹੋਣ 'ਤੇ ਵੀ ਪੋਟਾ ਰੋਸ਼ਾ ਨੇ ਆਪਣੀ ਜਾਂਚ ਰਿਪੋਰਟ ਪੇਸ਼ ਨਹੀਂ ਕੀਤੀ।

ਜੈਨ-ਅਗਰਵਾਲ ਕਮੇਟੀ : ਦਸੰਬਰ 1990 ਵਿਚ ਗਠਿਤ ਕੀਤੀ ਇਸ ਕਮੇਟੀ ਦੇ ਮੈਂਬਰ ਦਿੱਲੀ ਹਾਈ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੇ.ਡੀ. ਜੈਨ ਅਤੇ ਉੱਤਰ ਪ੍ਰਦੇਸ਼ ਦੇ ਸੇਵਾ-ਮੁਕਤ ਡੀ.ਜੀ.ਪੀ. ਡੀ.ਕੇ. ਅਗਰਵਾਲ ਸਨ। ਇਸ ਕਮੇਟੀ ਨੇ ਕਾਂਗਰਸੀ ਆਗੂ ਐੱਚ.ਕੇ. ਐਲ. ਭਗਤ, ਸੱਜਣ ਕੁਮਾਰ, ਧਰਮ ਦਾਸ ਸ਼ਾਸਤਰੀ ਅਤੇ ਜਗਦੀਸ਼ ਟਾਈਟਲਰ ਖ਼ਿਲਾਫ਼ ਕੇਸ ਦਰਜ ਕਰਨ ਦੀ ਸਿਫ਼ਾਰਿਸ਼ ਕੀਤੀ। ਇਸ ਕਮੇਟੀ ਦੀਆਂ ਸਿਫ਼ਾਰਿਸ਼ਾਂ 'ਤੇ ਇਕ ਵੀ ਕੇਸ ਦਰਜ ਨਹੀਂ ਹੋਇਆ ਅਤੇ ਇਸ ਕਮੇਟੀ ਦੀ ਮਿਆਦ ਅਗਸਤ 1993 ਵਿਚ ਸਮਾਪਤ ਹੋ ਗਈ।

ਆਹੂਜਾ ਕਮੇਟੀ : ਆਹੂਜਾ ਕਮੇਟੀ ਦਾ ਮਕਸਦ ਦਿੱਲੀ ਵਿਚ ਮਾਰੇ ਗਏ ਸਿੱਖਾਂ ਦੀ ਗਿਣਤੀ ਪਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਜਾਂਚ ਰਿਪੋਰਟ ਅਗਸਤ 1987 ਵਿਚ ਪੇਸ਼ ਕੀਤੀ ਅਤੇ ਇਕੱਲੀ ਦਿੱਲੀ ਵਿਚ 2733 ਸਿੱਖਾਂ ਦੇ ਮਾਰੇ ਜਾਣ ਦੀ ਸਰਕਾਰੀ ਰਿਕਾਰਡ ਅਨੁਸਾਰ ਪੁਸ਼ਟੀ ਕੀਤੀ।

ਢਿੱਲੋਂ ਕਮੇਟੀ : ਢਿੱਲੋਂ ਕਮੇਟੀ ਦਾ ਗਠਨ ਗੁਰਦਿਆਲ ਸਿੰਘ ਢਿੱਲੋਂ ਦੀ ਅਗਵਾਈ ਹੇਠ 1985 ਵਿਚ ਕੀਤਾ ਗਿਆ ਅਤੇ ਇਸ ਦਾ ਮੁੱਖ ਉਦੇਸ਼ ਪੀੜਤਾਂ ਦਾ ਮੁੜ ਵਸੇਬਾ ਅਤੇ ਸਹਾਇਤਾ ਕਰਨਾ ਸੀ। ਇਸ ਕਮੇਟੀ ਨੇ ਆਪਣੀ ਰਿਪੋਰਟ 1985 ਦੇ ਅਖ਼ੀਰ ਵਿਚ ਪੇਸ਼ ਕੀਤੀ। ਇਸ ਕਮੇਟੀ ਦੀ ਸਭ ਤੋਂ ਮਹੱਤਵਪੂਰਨ ਸਿਫ਼ਾਰਸ਼ ਸੀ ਕਿ ਸਿੱਖ ਕਤਲੇਆਮ ਦੌਰਾਨ ਸਿੱਖਾਂ ਦੇ ਜਿਹੜੇ ਇੰਸ਼ੋਰੈਂਸ ਹੋਏ ਵਪਾਰਕ ਅਦਾਰਿਆਂ ਦੀ ਸਾੜ-ਫੂਕ ਅਤੇ ਨੁਕਸਾਨ ਦਾ ਮੁਆਵਜ਼ਾ ਦੇਣ ਤੋਂ ਇੰਸ਼ੋਰੈਂਸ ਕੰਪਨੀਆਂ ਵਾਲੇ ਇਨਕਾਰ ਕਰ ਰਹੇ ਸਨ, ਉਨ੍ਹਾਂ ਅਦਾਰਿਆਂ ਦੇ ਨੁਕਸਾਨ ਦਾ ਮੁਆਵਜ਼ਾ ਇੰਸ਼ੋਰੈਂਸ ਕੰਪਨੀਆਂ ਵਲੋਂ ਸਰਕਾਰ ਦੇ ਹੁਕਮਾਂ ਅਨੁਸਾਰ ਜਲਦ ਤੋਂ ਜਲਦ ਦਿੱਤਾ ਜਾਵੇ। ਸਰਕਾਰ ਨੇ ਇਸ ਕਮੇਟੀ ਦੀਆਂ ਸਿਫ਼ਾਰਸ਼ਾਂ ਨਹੀਂ ਮੰਨੀਆਂ ਅਤੇ ਜਿਸ ਦੇ ਨਤੀਜੇ ਵਜੋਂ ਸਾਰੇ ਦੇਸ਼ ਵਿਚ ਇੰਸ਼ੋਰੈਂਸ ਕੰਪਨੀਆਂ ਨੇ ਇੰਸ਼ੋਰੈਂਸ ਕਲੇਮ ਦੇਣ ਤੋਂ ਨਾਂਹ ਕਰ ਦਿੱਤੀ।

ਨਰੂਲਾ ਕਮੇਟੀ : ਨਰੂਲਾ ਕਮੇਟੀ ਦਾ ਗਠਨ ਦਸੰਬਰ 1993 ਵਿਚ ਦਿੱਲੀ ਦੇ ਮੁੱਖ ਮੰਤਰੀ ਮਦਨ ਲਾਲ ਖੁਰਾਨਾ ਦੀ ਸਰਕਾਰ ਸਮੇਂ ਹੋਇਆ। ਕਮੇਟੀ ਨੇ ਆਪਣੀ ਜਾਂਚ ਰਿਪੋਰਟ ਜਨਵਰੀ 1994 ਵਿਚ ਪੇਸ਼ ਕੀਤੀ, ਜਿਸ ਦੀ ਮੁੱਖ ਸਿਫ਼ਾਰਸ਼ ਕੇਂਦਰ ਸਰਕਾਰ ਨੂੰ ਇਸ ਮਸਲੇ ਵਿਚ ਗਰਾਂਟ ਮਨਜ਼ੂਰ ਕਰਨ ਲਈ ਕਹਿਣਾ ਸੀ। ਇਸ ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਐੱਚ.ਕੇ. ਐਲ. ਭਗਤ, ਸੱਜਣ ਕੁਮਾਰ ਅਤੇ ਜਗਦੀਸ਼ ਟਾਈਟਲਰ ਦੇ ਖ਼ਿਲਾਫ਼ ਕੇਸ ਦਰਜ ਕੀਤੇ ਜਾਣ।

ਨਾਨਾਵਤੀ ਕਮਿਸ਼ਨ : ਨਾਨਾਵਤੀ ਕਮਿਸ਼ਨ ਦੀ ਸਥਾਪਨਾ ਕੇਂਦਰ 'ਚ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਵਾਲੇ 'ਕੌਮੀ ਜਮਹੂਰੀ ਗੱਠਜੋੜ' ਦੀ ਸਰਕਾਰ ਬਣਨ ਤੋਂ ਬਾਅਦ 8 ਮਈ, 2000 ਨੂੰ ਰਾਜ ਸਭਾ ਦੇ ਇਕ ਸਰਬਸੰਮਤੀ ਵਾਲੇ ਫ਼ੈਸਲੇ ਵਿਚ ਕੀਤੀ ਗਈ। ਇਸ ਕਮਿਸ਼ਨ ਦੇ ਮੁਖੀ ਸੁਪਰੀਮ ਕੋਰਟ ਦੇ ਸੇਵਾ ਮੁਕਤ ਜੱਜ ਜਸਟਿਸ ਜੀ.ਟੀ. ਨਾਨਾਵਤੀ ਸਨ। ਕਮਿਸ਼ਨ ਨੇ ਆਪਣੀ ਜਾਂਚ ਰਿਪੋਰਟ ਫ਼ਰਵਰੀ 2005 ਵਿਚ ਪੇਸ਼ ਕੀਤੀ। ਕਮਿਸ਼ਨ ਨੇ ਕਿਹਾ ਕਿ ਉਸ ਕੋਲ ਜਗਦੀਸ਼ ਟਾਈਟਲਰ, ਸੱਜਣ ਕੁਮਾਰ, ਕਮਲ ਨਾਥ, ਧਰਮਦਾਸ ਸ਼ਾਸਤਰੀ ਅਤੇ ਐੱਚ.ਕੇ.ਐਲ. ਭਗਤ ਖ਼ਿਲਾਫ਼ ਪੁਖਤਾ ਸਬੂਤ ਹਨ ਕਿ ਉਨ੍ਹਾਂ ਨੇ ਭੀੜ ਨੂੰ ਹਿੰਸਾ ਲਈ ਉਕਸਾਇਆ ਸੀ। ਕਮਿਸ਼ਨ ਨੇ ਇਸ ਦੇ ਨਾਲ ਹੀ ਸਿੱਖ ਕਤਲੇਆਮ ਵੇਲੇ ਦੇ ਦਿੱਲੀ ਪੁਲਿਸ ਕਮਿਸ਼ਨਰ ਐਸ.ਸੀ. ਟੰਡਨ ਨੂੰ ਸਿੱਧੇ ਤੌਰ 'ਤੇ ਇਸ ਕਤਲੇਆਮ ਲਈ ਜ਼ਿੰਮੇਵਾਰ ਠਹਿਰਾਇਆ। ਜਦੋਂ ਇਹ ਰਿਪੋਰਟ ਪੇਸ਼ ਹੋਈ ਤਾਂ ਉਸ ਵੇਲੇ ਕੇਂਦਰ 'ਚ ਕਾਂਗਰਸ ਦੀ ਸਰਕਾਰ ਬਣ ਚੁੱਕੀ ਸੀ ਅਤੇ ਦੇਸ਼ ਦੇ ਤਤਕਾਲੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ, ਜੋ ਕਿ ਇਕ ਸਿੱਖ ਹਨ, ਨੂੰ ਵੀ ਇਸ ਕਤਲੇਆਮ ਲਈ ਸੰਸਦ ਵਿਚ ਸਿੱਖਾਂ ਕੋਲੋਂ ਮੁਆਫ਼ੀ ਮੰਗਣੀ ਪਈ। ਮੋਦੀ ਸਰਕਾਰ ਦੀ ਵਿਸ਼ੇਸ਼ ਜਾਂਚ ਟੀਮ : ਭਾਜਪਾ ਨੇ 2014 ਦੀਆਂ ਲੋਕ ਸਭਾ ਚੋਣਾਂ ਵਿਚ ਇਹ ਵਾਅਦਾ ਕੀਤਾ ਸੀ ਕਿ ਉਸ ਦੀ ਸਰਕਾਰ ਬਣਨ ਤੋਂ ਬਾਅਦ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਜਾਵੇਗਾ। ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਬਣਨ ਤੋਂ ਬਾਅਦ 12 ਫ਼ਰਵਰੀ, 2015 ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ ਤਿੰਨ ਮੈਂਬਰੀ ਵਿਸ਼ੇਸ਼ ਜਾਂਚ ਟੀਮ ਦਾ ਗਠਨ ਕੀਤਾ ਸੀ, ਜਿਸ ਵਿਚ ਸਾਬਕਾ ਆਈ.ਪੀ.ਐਸ. ਅਧਿਕਾਰੀ ਪ੍ਰਮੋਦ ਅਸਥਾਨਾ, ਦਿੱਲੀ ਪੁਲਿਸ ਦੇ ਏ.ਡੀ.ਸੀ. ਕੁਮਾਰ ਗਿਆਨੇਸ਼ ਤੇ ਸਾਬਕਾ ਜ਼ਿਲ੍ਹਾ ਤੇ ਸੈਸ਼ਨ ਜੱਜ ਰਾਕੇਸ਼ ਕਪੂਰ ਸ਼ਾਮਿਲ ਹਨ। ਇਸ ਟੀਮ ਨੂੰ ਛੇ ਮਹੀਨੇ ਦੇ ਅੰਦਰ ਆਪਣੀ

ਰਿਪੋਰਟ ਸਰਕਾਰ ਨੂੰ ਸੌਂਪਣ ਲਈ ਆਖਿਆ ਗਿਆ ਸੀ, ਪਰ ਅਜੇ ਤੱਕ ਜਾਂਚ ਮੁਕੰਮਲ ਨਹੀਂ ਹੋ ਸਕੀ। ਇਕ ਦਰਜਨ ਦੇ ਕਰੀਬ ਜਾਂਚ ਕਮਿਸ਼ਨ/ਕਮੇਟੀਆਂ/ ਵਿਸ਼ੇਸ਼ ਜਾਂਚ ਟੀਮਾਂ, 3600 ਤੋਂ ਵਧੇਰੇ ਗਵਾਹ, 32 ਸਾਲ ਦਾ ਵਕਫ਼ਾ ਅਤੇ ਅਦਾਲਤਾਂ 'ਚ ਇਨਸਾਫ਼ ਲਈ

ਪੀੜਤਾਂ ਦੀਆਂ ਪੁਕਾਰਾਂ ਵੀ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਨਹੀਂ ਕਰ ਸਕੀਆਂ। ਨਿਆਂਪਾਲਿਕਾ ਨੇ ਵੀ ਸਿੱਖਾਂ ਨਾਲ ਇਨਸਾਫ਼ ਕਰਨ ਦੀ ਥਾਂ ਸਿਰਫ਼ ਖੱਜਲ-ਖੁਆਰੀ ਅਤੇ ਬੇਗਾਨੇਪਣ ਦਾ ਦਰਦ ਹੀ ਦਿੱਤਾ ਹੈ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਸਿਰਫ਼ 11 ਮਾਮਲਿਆਂ ਵਿਚ 30 ਵਿਅਕਤੀਆਂ ਨੂੰ ਹੀ ਸਾਧਾਰਨ ਉਮਰ ਕੈਦ ਦੀ ਸਜ਼ਾ ਹੋਈ, ਜਿਨ੍ਹਾਂ ਵਿਚ ਕਤਲੇਆਮ ਦੇ ਕਿਸੇ ਵੀ ਮੁੱਖ ਸਾਜਿਸ਼ਕਾਰ ਅਤੇ ਅਗਵਾਈ ਕਰਨ ਵਾਲੇ ਵੱਡੇ ਆਗੂ ਨੂੰ ਸਜ਼ਾ ਨਹੀਂ ਮਿਲੀ। ਸਰਕਾਰੀ ਅੰਕੜਿਆਂ ਮੁਤਾਬਿਕ ਹਮਲੇ ਕਰਨ, ਸੱਟਾਂ ਮਾਰਨ ਦੇ ਅਤੇ ਹੋਰ 450 ਮਾਮਲਿਆਂ ਵਿਚੋਂ ਵੀ ਮਾਮੂਲੀ ਜਿਹੀ ਸਜ਼ਾ ਸਿਰਫ਼ 200 ਵਿਅਕਤੀਆਂ ਨੂੰ ਹੀ ਹੋਈ। ਇਸ ਦੀ ਨਿਸਬਤ ਦੇਖਿਆ ਜਾਵੇ ਤਾਂ ਸਾਲ 2002 'ਚ ਗੁਜਰਾਤ ਕਤਲੇਆਮ ਦੌਰਾਨ 1100 ਦੇ ਲਗਭਗ ਮੁਸਲਮਾਨਾਂ ਦੇ ਕਤਲੇਆਮ ਦੇ ਦੋਸ਼ 'ਚ ਹੁਣ ਤੱਕ 130 ਦੋਸ਼ੀਆਂ ਨੂੰ ਉਮਰ ਕੈਦ, 10 ਦੋਸ਼ੀਆਂ ਨੂੰ ਫਾਂਸੀ ਅਤੇ ਇਕ ਤਤਕਾਲੀ ਮੰਤਰੀ ਮਾਇਆ ਕੋਡਨਾਨੀ ਨੂੰ 28 ਸਾਲ ਦੀ ਸਜ਼ਾ ਸੁਣਾਈ ਗਈ। ਸਿੱਖ ਕਤਲੇਆਮ ਵਿਚ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ 'ਚ ਅਜਿਹੀ ਸ਼ਿੱਦਤ ਕਿਉਂ ਨਹੀਂ ਦਿਖਾਈ ਗਈ? ਇਹ ਸਵਾਲ ਸਾਡੇ ਦੇਸ਼ ਦੀ ਜਮਹੂਰੀਅਤ, ਧਰਮ-ਨਿਰਪੱਖਤਾ ਅਤੇ ਮਨੁੱਖੀ ਅਧਿਕਾਰਾਂ ਪ੍ਰਤੀ ਸੋਚ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਉਂਦੇ ਹਨ।

ਕਾਂਗਰਸ ਵਲੋਂ ਅਕਸਰ 1984 ਦੇ ਸਿੱਖ ਕਤਲੇਆਮ ਲਈ ਪ੍ਰਗਟ ਕੀਤੇ ਜਾਂਦੇ ਅਫ਼ਸੋਸ 'ਚੋਂ 'ਦੰਭ' ਦੀ ਬੋਅ ਵੀ ਆਉਂਦੀ ਹੈ। ਸਿੱਖ ਕਤਲੇਆਮ ਦੀਆਂ ਜਾਂਚ-ਰਿਪੋਰਟਾਂ ਹੀ ਇਹ ਗੱਲ ਸਾਬਤ ਕਰਦੀਆਂ ਹਨ ਕਿ ਇਹ ਕਤਲੇਆਮ ਇਕ ਯੋਜਨਾਬੱਧ, ਸਰਕਾਰੀ ਅਤੇ ਪ੍ਰਸ਼ਾਸਨਿਕ ਸਰਪ੍ਰਸਤੀ ਹੇਠ ਹੋਇਆ ਸੀ। ਇਸ ਕਤਲੇਆਮ ਲਈ ਸਰਕਾਰ ਸਿੱਧੇ ਤੌਰ 'ਤੇ ਦੋਸ਼ੀ ਹੈ। ਸਰਕਾਰ ਵਲੋਂ ਸਿੱਖ ਕਤਲੇਆਮ ਦੀ ਪਹਿਲੀ ਵਾਰ ਮੁਆਫ਼ੀ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੇ ਹੀ ਮੰਗੀ ਸੀ, ਜਿਹੜੇ ਖ਼ੁਦ ਪੀੜਤ ਭਾਈਚਾਰੇ ਨਾਲ ਸਬੰਧਿਤ ਹਨ। ਕਾਂਗਰਸ ਹਮੇਸ਼ਾ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ 'ਕਤਲੇਆਮ' ਵਜੋਂ ਕਬੂਲ ਕਰਨ ਤੋਂ ਵੀ ਭੱਜਦੀ ਰਹੀ ਹੈ। ਕਾਂਗਰਸ ਆਗੂ ਅਕਸਰ ਸਿੱਖ ਕਤਲੇਆਮ ਲਈ 'ਟਰੈਜ਼ਿਟੀ' ਸ਼ਬਦ ਦੀ ਵਰਤੋਂ ਕਰਦੇ ਹਨ, ਜਿਹੜਾ ਸਿਧਾਂਤਕ ਤੌਰ 'ਤੇ ਸਾਬਤ ਕਰਦਾ ਹੈ ਕਿ ਕਾਂਗਰਸ ਹਾਲੇ ਤੱਕ ਸਿੱਖਾਂ ਦੀ ਯੋਜਨਾਬੱਧ ਨਸਲਕੁਸ਼ੀ ਨੂੰ 'ਟਰੈਜ਼ਿਟੀ', 'ਦੁਖਾਂਤ' ਜਾਂ 'ਹਾਦਸਾ' ਆਖ ਕੇ 'ਕਤਲੇਆਮ' ਮੰਨਣ ਤੋਂ ਭੱਜ ਰਹੀ ਹੈ। ਕਾਂਗਰਸ ਵਲੋਂ ਜਦੋਂ ਵੀ ਸਿੱਖ ਭਾਈਚਾਰੇ ਨੂੰ 1984 ਦੇ ਕਤਲੇਆਮ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਸ ਦਾ ਅੰਦਾਜ਼ ਕਤਲੇਆਮ ਨੂੰ ਨਿਆਂਸੰਗਤ ਠਹਿਰਾਉਣ ਵਾਲਾ ਹੁੰਦਾ ਹੈ। ਕਾਂਗਰਸ ਦੇ 125 ਸਾਲਾ ਇਤਿਹਾਸ ਦੀ ਪੁਸਤਕ 'ਸੈਂਟੇਨੇਰੀ ਹਿਸਟਰੀ ਆਫ਼ ਦ ਇੰਡੀਅਨ ਨੈਸ਼ਨਲ ਕਾਂਗਰਸ' ਵਿਚ ਵੀ ਸਿੱਖਾਂ ਨੂੰ 1984 ਦੇ ਘੱਲੂਘਾਰੇ ਨੂੰ ਭੁੱਲਣ ਲਈ ਆਖਿਆ ਗਿਆ ਹੈ। ਪੁਸਤਕ ਦੇ ਅਧਿਆਏ 'ਹਿੰਦੂ ਕਮਿਊਨਲ ਚੈਲੇਂਜ 1964, 1984' ਵਿਚ ਇਹ ਤਾਂ ਮੰਨਿਆ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ 'ਚ ਸਿੱਖਾਂ ਦੇ ਵੱਡੇ ਪੱਧਰ 'ਤੇ ਹਮਲੇ ਹੋਏ ਅਤੇ ਜ਼ਿਆਦਾਤਰ ਮਾਮਲਿਆਂ 'ਚ ਇਨ੍ਹਾਂ ਹਮਲਿਆਂ ਦੀ ਅਗਵਾਈ ਕਾਂਗਰਸ ਦੇ ਆਗੂਆਂ ਨੇ ਕੀਤੀ। ਪੁਸਤਕ 'ਚ ਕਿਹਾ ਗਿਆ ਹੈ ਕਿ, 'ਹੁਣ ਇਤਿਹਾਸ ਸਮੇਂ ਦਾ ਪੂਰਾ ਚੱਕਾ ਕੱਟ ਚੁੱਕਿਆ ਹੈ। ਕਦੇ ਨਵੰਬਰ 1984 'ਚ ਸਿੱਖ ਆਪਣੀ ਪਛਾਣ ਲੁਕਾਉਣ ਲਈ ਮਜਬੂਰ ਸਨ, ਪਰ ਮਈ, 2004 'ਚ ਸਿੱਖ ਪ੍ਰਧਾਨ ਮੰਤਰੀ ਡਾ: ਮਨਮੋਹਨ ਸਿੰਘ ਨੂੰ ਸਭ ਤੋਂ ਵੱਡੇ ਲੋਕਤੰਤਰ ਦੀ ਕਾਰਜਪਾਲਿਕਾ ਦੇ ਸਰਬਉੱਚ ਅਹੁਦੇ ਲਈ ਚੁਣਿਆ ਗਿਆ ਹੈ, ਤਾਂ ਅਜਿਹੇ 'ਚ ਸਿੱਖਾਂ ਨੂੰ ਅਤੀਤ ਨਾਲ ਬੱਝੇ ਨਾ ਰਹਿ ਕੇ ਭਵਿੱਖ ਵੱਲ ਦੇਖਣਾ ਚਾਹੀਦਾ ਹੈ।' ਪੁਸਤਕ ਦੀ ਇਹ ਇਬਾਰਤ ਬਿਨਾਂ ਇਨਸਾਫ਼ ਦਿੱਤਿਆਂ ਹੀ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਬੜੇ ਸਾਜਿਸ਼ੀ ਤਰੀਕੇ ਨਾਲ ਕਹਿ ਰਹੀ ਹੈ ਕਿ ਉਸ ਸਾਕੇ ਨੂੰ ਭੁੱਲ ਜਾਓ। ਵਿਰੋਧੀ ਧਿਰ 'ਚ ਹੁੰਦਿਆਂ ਭਾਜਪਾ ਵਲੋਂ ਕਾਂਗਰਸ ਨੂੰ ਸਿੱਖ ਵਿਰੋਧੀ ਕਤਲੇਆਮ ਲਈ ਸਿਆਸੀ ਫਰੰਟ 'ਤੇ ਘੇਰਿਆ ਜਾਂਦਾ ਰਿਹਾ ਹੈ ਪਰ ਹੁਣ ਭਾਰਤ ਦੀ ਕੇਂਦਰ 'ਚ ਭਾਜਪਾ ਦੇ ਬਹੁਮਤ ਵਾਲੀ ਸਰਕਾਰ ਹੈ ਤਾਂ ਭਾਜਪਾ ਨੂੰ ਇਨਸਾਫ਼ ਲਈ ਦੋਸ਼ੀਆਂ ਨੂੰ ਕਟਹਿਰੇ 'ਚ ਖੜ੍ਹਾ ਕਰਕੇ ਮਿਸਾਲੀ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ। ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਦੇ ਮਾਮਲੇ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਰਣਨੀਤੀ 'ਤੇ ਵੀ ਸਵਾਲ ਉੱਠਦੇ ਹਨ ਕਿ ਜਦੋਂ ਉਹ ਸੱਤਾ 'ਚ ਹੁੰਦਾ ਹੈ ਤਾਂ ਉਦੋਂ ਉਹ ਚੁੱਪ ਕਰ ਜਾਂਦਾ ਹੈ ਪਰ ਸੱਤਾ ਤੋਂ ਬਾਹਰ ਹੋ ਕੇ ਉਹ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਧਰਨੇ-ਸੰਘਰਸ਼ ਵਿੱਢ ਲੈਂਦਾ ਹੈ। ਨਵੰਬਰ 1984 ਤੋਂ ਬਾਅਦ ਪੰਜਾਬ 'ਚ ਤਿੰਨ ਵਾਰ ਸੱਤਾ 'ਚ ਹੁੰਦਿਆਂ ਅਤੇ ਕੇਂਦਰ 'ਚ ਆਪਣੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੀ ਦੋ ਵਾਰ ਸਰਕਾਰ ਰਹਿਣ ਦੇ ਬਾਵਜੂਦ ਸ਼੍ਰੋਮਣੀ ਅਕਾਲੀ ਦਲ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਪੂਰਨ ਇਨਸਾਫ਼ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਨਹੀਂ ਦੁਆ ਸਕਿਆ। ਅਜੇ ਵੀ ਸਮਾਂ ਹੈ ਕਿ ਕੇਂਦਰ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਫਾਸਟ ਟਰੈਕ ਅਦਾਲਤਾਂ ਰਾਹੀਂ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਏ ਅਤੇ ਪੀੜਤਾਂ ਦੇ ਪੂਰਨ ਮੁੜ-ਵਸੇਬੇ ਲਈ ਵੱਡੀ ਪਹਿਲਕਦਮੀ ਕਰਨ ਲਈ ਅੱਗੇ ਆਵੇ। ਅਜਿਹਾ ਕਰਵਾਉਣ ਲਈ ਸ਼੍ਰੋਮਣੀ ਅਕਾਲੀ ਦਲ ਨੂੰ ਕੇਂਦਰ ਵਿਚ ਆਪਣੀ ਭਾਈਵਾਲ ਪਾਰਟੀ 'ਤੇ ਦਬਾਅ ਪਾਉਣਾ ਚਾਹੀਦਾ ਹੈ। ਸਿੱਖ ਕੌਮ ਨੂੰ 1984 ਦੇ ਦਰਦ ਵਿਚੋਂ ਬਾਹਰ ਕੱਢਣ ਅਤੇ ਭਾਰਤ ਦੀ ਬਹੁਪੱਖੀ ਤਰੱਕੀ 'ਚ ਬਰਾਬਰ ਦਾ ਭਾਈਵਾਲ ਬਣਾਉਣ ਲਈ ਸਿੱਖਾਂ ਅਤੇ ਪੰਜਾਬ ਦੇ ਉਨ੍ਹਾਂ ਚਿਰੋਕਣੇ ਮਸਲਿਆਂ ਨੂੰ ਵੀ ਫ਼ੌਰੀ ਤੌਰ 'ਤੇ ਹੱਲ ਕਰਨਾ ਚਾਹੀਦਾ ਹੈ, ਜਿਹੜੇ 1984 ਦੇ ਘੱਲੂਘਾਰੇ ਦੀ ਪਿੱਠਭੂਮੀ ਨਾਲ ਜੁੜੇ ਹੋਏ ਹਨ।

ਗੁਰਦੁਆਰਾ ਸੇਵਾਦਾਰਾਂ ਅਤੇ ਸਿੱਖ ਭਾਈਚਾਰੇ ਲਈ ਖ਼ਾਲਸਾ ਕਾਲਜ ਆਫ਼ ਅਮਰੀਕਾ ਵੱਲੋਂ ਮੁਫ਼ਤ ਅੰਗਰੇਜ਼ੀ ਸਿੱਖਿਆ ਦੀ ਇਤਿਹਾਸਕ ਪਹਿਲਕਦਮੀ

ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਅਤੇ ਪੀੜ੍ਹੀਆਂ ਦਰਮਿਆਨ ਤਾਲਮੇਲ ਵਧਾਉਣ ਲਈ ਜਨਵਰੀ 2027 ਤੋਂ ਸ਼ੁਰੂ ਹੋਣਗੀਆਂ ਵਿਸ਼ੇਸ਼ ਕਲਾਸਾਂ

ਅਮਰੀਕਾ ਵਿੱਚ ਵੱਸਦੇ ਸਿੱਖ ਭਾਈਚਾਰੇ ਅਤੇ ਗੁਰਦੁਆਰਾ ਪ੍ਰਬੰਧ ਨੂੰ ਮੌਜੂਦਾ ਸਮੇਂ ਦੀਆਂ ਲੋੜਾਂ ਅਨੁਸਾਰ ਹੋਰ ਸਮਰੱਥ ਬਣਾਉਣ ਵੱਲ ਇੱਕ ਵੱਡੀ ਅਤੇ ਦੂਰਅੰਦੇਸ਼ੀ ਪਹਿਲਕਦਮੀ ਕੀਤੀ ਗਈ ਹੈ। ਖ਼ਾਲਸਾ ਕਾਲਜ ਆਫ਼ ਅਮਰੀਕਾ ਦੇ ਪ੍ਰਧਾਨ ਡਾ. ਗੁਰਿੰਦਰ ਸਿੰਘ ਗਰੇਵਾਲ ਵੱਲੋਂ ਜਾਰੀ ਜਾਣਕਾਰੀ ਅਨੁਸਾਰ, ਜਨਵਰੀ 2027 ਤੋਂ ਗੁਰਦੁਆਰਾ ਸਾਹਿਬਾਨ ਦੇ ਸੇਵਾਦਾਰਾਂ ਲਈ 'ਅੰਗਰੇਜ਼ੀ ਐਜ਼ ਏ ਸੈਕਿੰਡ ਲੈਂਗੂਏਜ' (ESL) ਦਾ ਬਿਲਕੁਲ ਮੁਫ਼ਤ ਬਾਲਗ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ ਜਾ ਰਿਹਾ ਹੈ।

ਇਸ ਇਤਿਹਾਸਕ ਪ੍ਰੋਗਰਾਮ ਦਾ ਮੁੱਖ ਉਦੇਸ਼ ਸੇਵਾਦਾਰਾਂ ਦੇ ਆਤਮ-ਵਿਸ਼ਵਾਸ ਵਿੱਚ ਵਾਧਾ ਕਰਨਾ ਹੈ, ਤਾਂ ਜੋ ਉਹ ਨਵੀਂ ਪੀੜ੍ਹੀ ਨਾਲ ਬਿਹਤਰ ਢੰਗ ਨਾਲ ਗੱਲਬਾਤ ਕਰ ਸਕਣ, ਗ਼ੈਰ-ਸਿੱਖਾਂ ਨੂੰ ਗੁਰਮਤਿ ਤੇ ਸਿੱਖ ਸਿਧਾਂਤਾਂ ਬਾਰੇ ਜਾਣੂ ਕਰਵਾ ਸਕਣ ਅਤੇ ਅੰਗਰੇਜ਼ੀ ਸਾਹਿਤ ਨੂੰ ਆਸਾਨੀ ਨਾਲ ਪੜ੍ਹ ਤੇ ਸਮਝ ਸਕਣ।

ਪ੍ਰੋਗਰਾਮ ਦੀਆਂ ਮੁੱਖ ਵਿਸ਼ੇਸ਼ਤਾਵਾਂ ਅਤੇ ਪ੍ਰਬੰਧਕੀ ਵੇਰਵੇ:

ਸੇਵਾਦਾਰਾਂ ਲਈ ਲਚਕਦਾਰ ਸਮਾਂ: ਗੁਰਦੁਆਰਾ ਸਾਹਿਬ ਦੀਆਂ ਸੇਵਾਵਾਂ ਨੂੰ ਧਿਆਨ ਵਿੱਚ ਰੱਖਦਿਆਂ ਇਹ ਕਲਾਸਾਂ ਹਫ਼ਤੇ ਦੇ ਵਿਚਕਾਰਲੇ ਦਿਨਾਂ ਵਿੱਚ ਲਗਾਈਆਂ ਜਾਣਗੀਆਂ। ਹਰੇਕ ਕਲਾਸ ਲਗਭਗ ਦੋ ਘੰਟਿਆਂ ਦੀ ਹੋਵੇਗੀ ਅਤੇ ਸਮੈਸਟਰ ਪੂਰਾ ਕਰਨ 'ਤੇ ਸਿਖਿਆਰਥੀਆਂ ਨੂੰ ਦੋ ਕ੍ਰੈਡਿਟ ਪ੍ਰਦਾਨ ਕੀਤੇ ਜਾਣਗੇ।

ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਤੋਂ ਸਹਿਯੋਗ ਦੀ ਮੰਗ: ਕਾਲਜ ਪ੍ਰਸ਼ਾਸਨ ਨੇ ਗੁਰਦੁਆਰਾ ਪ੍ਰਬੰਧਕਾਂ ਨੂੰ ਅਪੀਲ ਕੀਤੀ ਹੈ ਕਿ ਉਹ ਇੱਕ ਢੁਕਵਾਂ ਕਮਰਾ, ਇੰਟਰਨੈੱਟ ਕੁਨੈਕਸ਼ਨ ਨਾਲ ਜੁੜਿਆ ਲੈਪਟਾਪ ਤੇ ਟੀਵੀ/ਪ੍ਰੋਜੈਕਟਰ ਅਤੇ ਗੂਗਲ ਮੀਟ (Google Meet) ਰਾਹੀਂ ਆਨਲਾਈਨ ਕਲਾਸ ਨਾਲ ਜੋੜਨ ਲਈ ਇੱਕ ਵਲੰਟੀਅਰ ਮੁਹੱਈਆ ਕਰਵਾਉਣ।

ਟਰੱਕ ਡਰਾਈਵਰਾਂ ਅਤੇ ਆਮ ਭਾਈਚਾਰੇ ਲਈ ਵਿਸ਼ੇਸ਼ ਮੌਕਾ: ਗੁਰਦੁਆਰਾ ਸੇਵਾਦਾਰਾਂ ਤੋਂ ਇਲਾਵਾ, ਭਾਈਚਾਰੇ ਦੇ ਹੋਰਨਾਂ ਮੈਂਬਰਾਂ—ਖ਼ਾਸ ਕਰਕੇ ਟਰੱਕ ਡਰਾਈਵਰਾਂ ਅਤੇ ਅੰਗਰੇਜ਼ੀ ਬੋਲਣ ਵਿੱਚ ਮੁਸ਼ਕਲ ਝੱਲ ਰਹੇ ਲੋਕਾਂ—ਲਈ ਸ਼ਨੀਵਾਰ ਸਵੇਰੇ ਮਾਤਰ 30 ਡਾਲਰ ਦੀ ਨਿਗੂਣੀ ਫੀਸ 'ਤੇ ਅੰਗਰੇਜ਼ੀ ਕਲਾਸਾਂ ਚਲਾਈਆਂ ਜਾਣਗੀਆਂ। ਇਹ ਸਿਖਿਆਰਥੀ ਗੁਰਦੁਆਰਾ ਸਾਹਿਬ ਜਾਂ ਆਪਸੀ ਸਹਿਮਤੀ ਨਾਲ ਕਿਸੇ ਦੇ ਘਰ ਇਕੱਠੇ ਹੋ ਕੇ ਕਲਾਸਾਂ ਵਿੱਚ ਸ਼ਾਮਲ ਹੋ ਸਕਦੇ ਹਨ।

ਡਾ. ਗੁਰਿੰਦਰ ਸਿੰਘ ਗਰੇਵਾਲ ਨੇ ਕਿਹਾ ਕਿ ਸਿੱਖਿਆ ਅਤੇ ਸੇਵਾ ਦੇ ਇਸ ਸੁਮੇਲ ਰਾਹੀਂ ਪੀੜ੍ਹੀਆਂ ਦਰਮਿਆਨ ਪਾੜੇ ਨੂੰ ਮਿਟਾਇਆ ਜਾ ਸਕਦਾ ਹੈ ਅਤੇ ਸਾਡੀਆਂ ਧਾਰਮਿਕ ਸੰਸਥਾਵਾਂ ਸਿੱਖ ਕੌਮ ਦੀ ਹੋਰ ਵੀ ਸੁਚੱਜੇ ਢੰਗ ਨਾਲ ਸੇਵਾ ਕਰਨ ਦੇ ਯੋਗ ਹੋਣਗੀਆਂ।

ਇਸ ਪ੍ਰੋਗਰਾਮ ਸੰਬੰਧੀ ਵਧੇਰੇ ਜਾਣਕਾਰੀ ਜਾਂ ਰਜਿਸਟ੍ਰੇਸ਼ਨ ਲਈ

ਡਾ. ਗੁਰਿੰਦਰ ਸਿੰਘ ਗਰੇਵਾਲ (MD)

ਨਾਲ ਫ਼ੋਨ ਨੰਬਰ 209-321-3771 ਜਾਂ

ਈਮੇਲ gurindersgrewal@hotmail.com 'ਤੇ ਸਿੱਧਾ ਸੰਪਰਕ ਕੀਤਾ ਜਾ ਸਕਦਾ ਹੈ।

ਨਾ-ਭੁੱਲਣਯੋਗ ਹੈ ਨਵੰਬਰ 1984 ਦਾ ਸਿੱਖ ਕਤਲੇਆਮ

31 ਅਕਤੂਬਰ, 1984 ਨੂੰ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਸਿੱਖਾਂ ਦੇ ਖ਼ਿਲਾਫ਼ ਸੋਚਿਆ ਸਮਝਿਆ ਕਤਲੇਆਮ ਹੋਇਆ। ਰਾਜਧਾਨੀ ਦਿੱਲੀ ਸਮੇਤ ਭਾਰਤ ਭਰ ਦੇ 18 ਸੂਬਿਆਂ ਦੇ 110 ਮੁੱਖ ਸ਼ਹਿਰਾਂ 'ਚ ਗਿਣੀ-ਮਿਥੀ ਅਤੇ ਇਕੋ-ਜਿਹੀ ਯੋਜਨਾ ਤਹਿਤ ਸਿੱਖਾਂ ਦਾ ਭਿਆਨਕ ਕਤਲੇਆਮ ਹੋਇਆ। ਇੰਦਰਾ ਗਾਂਧੀ ਦੇ ਪੁੱਤਰ ਰਾਜੀਵ ਗਾਂਧੀ ਨੇ 19 ਨਵੰਬਰ, 1984 ਨੂੰ ਵੋਟ ਕਲੱਬ ਨਵੀਂ ਦਿੱਲੀ ਵਿਖੇ ਇੰਦਰਾ ਗਾਂਧੀ ਦੇ ਜਨਮ ਦਿਨ 'ਤੇ ਕਿਹਾ ਸੀ, 'ਇੰਦਰਾ ਜੀ ਦੇ ਕਤਲ ਤੋਂ ਬਾਅਦ ਦੇਸ਼ ਵਿਚ ਕੁਝ ਦੰਗੇ ਹੋਏ। ਸਾਨੂੰ ਪਤਾ ਹੈ ਕਿ ਲੋਕੀਂ ਕਾਫ਼ੀ ਗੁੱਸੇ ਵਿਚ ਸਨ, ਲੱਗਦਾ ਸੀ ਪੂਰਾ ਭਾਰਤ ਹਿੱਲ ਗਿਆ ਹੈ, ਪਰ ਜਦੋਂ ਇਕ ਵੱਡਾ ਦਰੱਖਤ ਡਿੱਗਦਾ ਹੈ ਤਾਂ ਧਰਤੀ ਕੰਬਦੀ ਹੀ ਹੈ।'

31 ਅਕਤੂਬਰ '84 ਨੂੰ ਸਵੇਰੇ ਲਗਭਗ 9.20 ਵਜੇ ਇੰਦਰਾ ਗਾਂਧੀ ਨੂੰ ਉਸ ਦੇ ਦੋ ਅੰਗ ਰੱਖਿਅਕਾਂ ਨੇ ਗੋਲੀਆਂ ਮਾਰੀਆਂ ਅਤੇ ਕਰੀਬ 10:50 ਵਜੇ ਇੰਦਰਾ ਗਾਂਧੀ ਨੂੰ ਆਲ ਇੰਡੀਆ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ (ਏਮਸ) ਵਿਖੇ ਮ੍ਰਿਤਕ ਕਰਾਰ ਦਿੱਤਾ ਗਿਆ। ਸ਼ਾਮੀਂ 4 ਵਜੇ ਇੰਦਰਾ ਗਾਂਧੀ ਦਾ ਪੁੱਤਰ ਰਾਜੀਵ ਗਾਂਧੀ ਪੱਛਮੀ ਬੰਗਾਲ ਤੋਂ ਆ ਕੇ 'ਏਮਜ਼' ਹਸਪਤਾਲ ਪਹੁੰਚਦਾ ਹੈ ਅਤੇ ਉਸ ਇਲਾਕੇ ਨੇੜੇ ਸਿੱਖਾਂ ਨਾਲ ਛੋਟੀਆਂ-ਮੋਟੀਆਂ ਹਿੰਸਕ ਘਟਨਾਵਾਂ ਹੁੰਦੀਆਂ ਹਨ। ਸ਼ਾਮੀਂ 5:30 ਵਜੇ ਰਾਸ਼ਟਰਪਤੀ ਗਿਆਨੀ ਜ਼ੈਲ ਸਿੰਘ ਵਿਦੇਸ਼ ਯਾਤਰਾ ਤੋਂ ਵਾਪਸ ਆਏ ਤਾਂ 'ਏਮਜ਼' ਦੇ ਬਾਹਰ ਉਨ੍ਹਾਂ ਦੇ ਕਾਫ਼ਲੇ 'ਤੇ ਵੀ ਪਥਰਾਅ ਹੁੰਦਾ ਹੈ। ਸਿੱਖ ਕਤਲੇਆਮ ਦੀ ਪਹਿਲੀ ਘਟਨਾ 1 ਨਵੰਬਰ ਨੂੰ ਪੂਰਬੀ ਦਿੱਲੀ 'ਚ ਸਵੇਰੇ ਵਾਪਰੀ। ਬਸ ਫ਼ਿਰ ਕੀ ਸੀ, 5 ਨਵੰਬਰ ਤੱਕ ਦਿੱਲੀ, ਕਾਨਪੁਰ, ਬੋਕਾਰੋ ਸਮੇਤ ਦੇਸ਼ ਦੇ ਲਗਭਗ 110 ਸ਼ਹਿਰਾਂ 'ਚ ਯੋਜਨਾਬੱਧ ਤਰੀਕੇ ਨਾਲ ਸਿੱਖਾਂ ਦੇ ਹੋਏ ਕਤਲੇਆਮ 'ਚ 7 ਹਜ਼ਾਰ ਤੋਂ ਵਧੇਰੇ ਨਿਹੱਥੇ ਤੇ ਬੇਕਸੂਰ ਸਿੱਖਾਂ ਨੂੰ ਜਿਊਂਦੇ ਸਾੜਿਆ ਗਿਆ ਤੇ ਅਨੇਕਾਂ ਥਾਵਾਂ 'ਤੇ ਕੋਹ-ਕੋਹ ਕੇ ਮਾਰ ਦਿੱਤਾ ਗਿਆ। ਸੈਂਕੜੇ ਔਰਤਾਂ ਦੀ ਬੇਪਤੀ ਹੋਈ, ਕਰੋੜਾਂ ਦੀ ਜਾਇਦਾਦ ਲੁੱਟੀ ਅਤੇ ਸਾੜ ਦਿੱਤੀ ਗਈ।

ਇਕੱਲੇ ਦਿੱਲੀ 'ਚ ਹੀ ਸਰਕਾਰੀ ਰਿਕਾਰਡ ਅਨੁਸਾਰ 2733 ਕਤਲ ਹੋਏ। ਜ਼ਖ਼ਮੀਆਂ ਦੀ ਗਿਣਤੀ 2966 ਅਤੇ ਜਾਇਦਾਦ ਦੀ ਲੁੱਟ-ਖਸੁੱਟ ਅਤੇ ਸਾੜ-ਫ਼ੂਕ ਦੀਆਂ ਘਟਨਾਵਾਂ 10,897 ਵਾਪਰੀਆਂ। ਇਸੇ ਦੌਰਾਨ ਦਿੱਲੀ 'ਚ ਫ਼ਿਰਕੂ ਕਤਲੇਆਮ ਨੂੰ ਰੋਕਣ ਲਈ ਸੀਨੀਅਰ ਵਕੀਲ ਤੇ ਵਿਰੋਧੀ ਧਿਰ ਦੇ ਨੇਤਾ ਰਾਮ ਜੇਠਮਲਾਨੀ ਗ੍ਰਹਿ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੂੰ ਮਿਲੇ। ਕਈ ਹੋਰ ਧਰਮ-ਨਿਰਪੱਖ ਆਗੂਆਂ ਨੇ ਵੀ ਸਰਕਾਰ ਨੂੰ ਹਾਲਾਤ 'ਤੇ ਕਾਬੂ ਪਾਉਣ ਲਈ ਆਖਿਆ, ਪਰ ਸਰਕਾਰੀ ਤੌਰ 'ਤੇ ਕੋਈ ਵੀ ਅਜਿਹੀ ਕਾਰਵਾਈ ਨਹੀਂ ਕੀਤੀ ਗਈ, ਜਿਸ ਨਾਲ ਹਾਲਾਤ ਨੂੰ ਮੁਢਲੇ ਪੜਾਅ 'ਤੇ ਹੀ ਕਾਬੂ ਕਰ ਲਿਆ ਜਾਂਦਾ।

ਨਵੰਬਰ 1984 ਦੇ ਸਿੱਖ ਕਤਲੇਆਮ ਨੂੰ ਅੱਜ 39 ਸਾਲ ਬੀਤ ਚੁੱਕੇ ਹਨ, ਪਰ ਇਸ ਦੇ ਪੀੜਤਾਂ ਦੇ ਜ਼ਖ਼ਮ ਹਾਲੇ ਵੀ ਤਾਜ਼ਾ ਹਨ। ਇਕੱਲੇ ਨਵੀਂ ਦਿੱਲੀ 'ਚ ਹੋਏ 2733 ਕਤਲਾਂ (ਸਰਕਾਰੀ ਰਿਕਾਰਡ ਅਨੁਸਾਰ) ਵਿਚੋਂ ਮਹਿਜ ਗਿਣਤੀ ਦੇ ਮਾਮਲਿਆਂ ਵਿਚ ਹੀ ਦੋਸ਼ੀਆਂ ਨੂੰ ਨਿਗੂਣੀਆਂ ਜਿਹੀਆਂ ਸਜ਼ਾਵਾਂ ਮਿਲੀਆਂ ਹਨ। ਇਕ ਲੋਕਤੰਤਰੀ ਦੇਸ਼ 'ਚ ਸਰਕਾਰੀ ਸਰਪ੍ਰਸਤੀ ਹੇਠ ਧਰਮ ਦੇ ਆਧਾਰ 'ਤੇ ਕਿਸੇ ਭਾਈਚਾਰੇ ਦੇ ਹੋਏ ਸਮੂਹਿਕ ਕਤਲੇਆਮ ਤੋਂ ਪੈਂਤੀ-ਚਾਲੀਸਾਲ ਬਾਅਦ, ਹਜ਼ਾਰਾਂ 'ਚੋਂ ਇਕ-ਅੱਧ ਮਾਮਲੇ 'ਚ ਮਿਲੇ ਅਦਾਲਤੀ ਇਨਸਾਫ਼ ਨੂੰ ਪੂਰਾ ਇਨਸਾਫ਼ ਨਹੀਂ ਆਖਿਆ ਜਾ ਸਕਦਾ, ਕਿਉਂਕਿ ਦੇਰੀ ਨਾਲ ਦਿੱਤੇ ਇਨਸਾਫ਼ ਵਿਚੋਂ ਇਨਸਾਫ਼ ਦੀ ਭਾਵਨਾ ਮਰੀ ਹੋਈ ਪ੍ਰਤੀਤ ਹੁੰਦੀ ਹੈ।

ਪਿਛਲੇ 39 ਵਰ੍ਹੇ ਪੁਲਿਸ, ਸਰਕਾਰੀ ਮਸ਼ੀਨਰੀ ਅਤੇ ਰਾਜਨੀਤਕ ਤਾਕਤਾਂ ਨੇ ਸਿੱਖ ਵਿਰੋਧੀ ਕਤਲੇਆਮ ਦੇ ਦੋਸ਼ੀਆਂ ਨੂੰ ਸਿੱਧੇ-ਅਸਿੱਧੇ ਤੌਰ 'ਤੇ ਬਚਾਉਣ ਲਈ ਪੂਰੀ ਵਾਹ ਲਗਾਈ ਹੈ। ਇਹ ਗੱਲ ਤਿੰਨ ਕੁਸਾਲ ਪਹਿਲਾਂਦਿੱਲੀ ਦੀ ਅਦਾਲਤ 'ਚ ਵੀ ਨੰਗੀ-ਚਿੱਟੀ ਹੋ ਕੇ ਸਾਹਮਣੇ ਆਈਸੀ,ਜਦੋਂ ਇਹ ਖ਼ੁਲਾਸਾ ਹੋਇਆ ਕਿਸੱਜਣ ਕੁਮਾਰ ਖ਼ਿਲਾਫ਼ ਸਿੱਖ ਕਤਲੇਆਮ ਦੇ ਗਵਾਹ ਜੋਗਿੰਦਰ ਸਿੰਘ ਦੀ ਜਗ ?ਹਾ ਪੁਲਿਸ ਵਲੋਂ ਉਸ ਦੇ ਨਾਂਅ 'ਤੇ ਇਕ ਹੋਰ ਵਿਅਕਤੀ ਨੂੰ ਅਦਾਲਤ ਵਿਚ ਲਿਜਾ ਕੇ ਧਾਰਾ 164 ਤਹਿਤ ਬਿਆਨ ਦਰਜ ਕਰਵਾਏ ਜਾਂਦੇ ਰਹੇ, ਜਿਸ 'ਚ ਫ਼ਰਜ਼ੀ ਜੋਗਿੰਦਰ ਸਿੰਘ ਅਦਾਲਤ 'ਚ ਬਿਆਨ ਦਿੰਦਾ ਰਿਹਾ ਕਿ ਸੱਜਣ ਕੁਮਾਰ ਤੇ ਹੋਰ ਦੋਸ਼ੀ 1984 ਕਤਲੇਆਮ ਦੇ ਮਾਮਲਿਆਂ 'ਚ ਬੇਕਸੂਰ ਹਨ। ਕਿਸੇ ਤਰੀਕੇ ਅਸਲੀ ਜੋਗਿੰਦਰ ਸਿੰਘ ਦਿੱਲੀ ਦੀ ਪਟਿਆਲਾ ਹਾਊਸ ਅਦਾਲਤ 'ਚ ਪਹੁੰਚ ਗਿਆ ਅਤੇ ਉਸ ਨੇ ਜੱਜ ਦੇ ਸਾਹਮਣੇ ਪੇਸ਼ ਹੋ ਕੇ ਦੱਸਿਆ ਕਿ ਉਸ ਨੇ ਕਦੇ ਵੀ ਅੰਗਰੇਜ਼ੀ 'ਚ ਦਸਤਖ਼ਤ ਕਰਕੇ ਅਦਾਲਤ ਕੋਲ ਗਵਾਹੀ ਨਹੀਂ ਦਿੱਤੀ, ਕਿਉਂਕਿ ਉਹ ਅੰਗਰੇਜ਼ੀ ਜਾਣਦਾ ਹੀ ਨਹੀਂ। ਉਸ ਨੇ ਇਹ ਵੀ ਦੱਸਿਆ ਸੀਕਿ ਉਹ ਵਾਰ-ਵਾਰ ਪੁਲਿਸ ਕੋਲ ਗਵਾਹੀ ਦਿੰਦਾ ਰਿਹਾ ਹੈ ਕਿ ਉਸ ਨੇ ਸੱਜਣ ਕੁਮਾਰ ਨੂੰ ਆਪਣੇ ਭਰਾ ਦਾ ਕਤਲ ਕਰਦਿਆਂ ਅੱਖੀਂ ਵੇਖਿਆ ਹੈ। ਹਾਲਾਂਕਿ ਇਸ ਤੋਂ ਪਹਿਲਾਂ ਸੀ.ਬੀ.ਆਈ. ਵੀ ਅਦਾਲਤਾਂ 'ਚ ਕਈ ਵਾਰ ਇਹ ਖ਼ੁਲਾਸਾ ਕਰ ਚੁੱਕੀ ਹੈ ਕਿ ਸਿੱਖ ਕਤਲੇਆਮ ਨੂੰ ਰੋਕਣ ਵਿਚ ਅਤੇ ਉਸ ਸਮੇਂ ਦੇ ਅਸਲ ਦੋਸ਼ੀਆਂ ਖ਼ਿਲਾਫ਼ ਦਿੱਲੀ ਪੁਲਿਸ ਕਾਰਵਾਈ ਕਰਨ 'ਚ ਨਾਕਾਮ ਰਹੀ ਹੈ ਅਤੇ ਉਸ ਨੇ ਇਸ ਕਤਲੇਆਮ ਦੇ ਦੋਸ਼ੀਆਂ ਨੂੰ ਬਚਾਉਣ ਦਾ

ਯਤਨ ਕੀਤਾ ਹੈ। ਦਿੱਲੀ ਤੋਂ ਬਾਅਦ ਦੇਸ਼ ਦਾ ਦੂਜਾ ਸ਼ਹਿਰ ਕਾਨਪੁਰ ਸੀ, ਜਿੱਥੇ ਸਭ ਤੋਂ ਵੱਧ ਸਿੱਖਾਂ ਦਾ ਕਤਲੇਆਮ ਹੋਇਆ। ਫਰਵਰੀ 2019 'ਚ ਉੱਤਰ ਪ੍ਰਦੇਸ਼ ਸਰਕਾਰ ਵਲੋਂ ਗਠਿਤ ਕੀਤੀ ਇਕ ਵਿਸ਼ੇਸ਼ ਜਾਂਚ ਟੀਮ ਨੇ ਕਾਨਪੁਰ 'ਚ 125 ਸਿੱਖਾਂ ਦੇ ਕਤਲੇਆਮ ਦੀ ਜਦੋਂ ਜਾਂਚ ਆਰੰਭੀ ਤਾਂ ਕਤਲੇਆਮ ਸੰਬੰਧੀ ਦੋਸ਼ੀਆਂ ਦੇ ਜੁਰਮਾਂ ਤੇ ਸਬੂਤਾਂ ਨਾਲ ਸੰਬੰਧਿਤ ਕਈ ਅਹਿਮ ਦਸਤਾਵੇਜ਼ ਹੀ ਸਰਕਾਰੀ ਰਿਕਾਰਡ ਵਿਚੋਂ ਗ਼ਾਇਬ ਪਾਏ ਗਏ।

ਕੁਝ ਅਰਸਾ ਪਹਿਲਾਂ ਦੇਸ਼ ਦੀ ਸਰਬਉੱਚ ਅਦਾਲਤ ਨੇ ਵੀ ਇਹ ਟਿੱਪਣੀ ਕੀਤੀ ਸੀ ਕਿ ਸਿੱਖ ਵਿਰੋਧੀ ਕਤਲੇਆਮ ਦੇ ਮਾਮਲਿਆਂ ਦੇ ਨਿਪਟਾਰੇ 'ਚ ਬਹੁਤ ਦੇਰੀ ਹੋਈ ਹੈ। ਕੁਝ ਸਾਲ ਪਹਿਲਾਂ ਸੁਪਰੀਮ ਕੋਰਟ ਦੇ ਹੀ ਇਕ ਸੇਵਾਮੁਕਤ ਜੱਜ ਮਾਰਕੰਡੇ ਕਾਟਜੂ ਨੇ ਇਹ ਖ਼ੁਲਾਸਾ ਕੀਤਾ ਸੀ ਕਿ 1984 ਦੇ ਸਿੱਖ ਕਤਲੇਆਮ ਸਮੇਂ ਉੱਚ ਅਦਾਲਤ ਦੇ ਜੱਜਾਂ ਦਾ ਝੁਕਾਅ ਕਾਂਗਰਸ-ਪੱਖੀ ਸੀ, ਜਿਸ ਕਰਕੇ ਕਤਲੇਆਮ ਨੂੰ ਰੋਕਣ 'ਚ ਨਿਆਂਪਾਲਿਕਾ ਨੇ ਕੋਈ ਸਰਗਰਮ ਭੂਮਿਕਾ ਨਹੀਂ ਨਿਭਾਈ। ਉਨ੍ਹਾਂ ਇੱਥੋਂ ਤੱਕ ਕਿਹਾ ਸੀ ਕਿ ਸਿੱਖ ਕਤਲੇਆਮ ਦੀ ਜਾਂਚ ਬਾਰੇ ਬਣੇ 'ਮਿਸ਼ਰਾ ਕਮਿਸ਼ਨ' ਦੇ ਮੁਖੀ ਜਸਟਿਸ ਰੰਗਾਨਾਥ ਮਿਸ਼ਰਾ ਵੀ ਕਾਂਗਰਸ ਪੱਖੀ ਸਨ ਤੇ ਬਾਅਦ 'ਚ ਜਸਟਿਸ ਰੰਗਾਨਾਥ ਮਿਸ਼ਰਾ ਕਾਂਗਰਸ ਪਾਰਟੀ ਵਲੋਂ ਰਾਜ ਸਭਾ ਮੈਂਬਰ ਵੀ ਰਹੇ। ਵਿਦਵਾਨ ਰਜਨੀ ਕੁਠਾਰੀ ਅਨੁਸਾਰ 'ਜੋ ਕੁਝ ਦਿੱਲੀ 'ਚ ਨਵੰਬਰ 1984 ਦੇ ਸ਼ੁਰੂ 'ਚ ਹੋਇਆ, ਉਹ ਦੰਗੇ ਨਹੀਂ ਸਨ, ਸਗੋਂ ਕਿਸੇ ਸਾਜਿਸ਼ ਅਧੀਨ ਪਹਿਲਾਂ ਤੋਂ ਘੜੀ ਯੋਜਨਾ ਸੀ। ਇਸ ਨੂੰ ਸਿਰੇ ਚੜ੍ਹਾਉਣ ਲਈ ਖਿੱਤੇ ਦੀ ਚੋਣ (ਸਿੱਖਾਂ ਦੀਆਂ ਰਿਹਾਇਸ਼ੀ ਆਬਾਦੀਆਂ), ਸਾਜ਼ੋ-ਸਾਮਾਨ ਦਾ ਪ੍ਰਬੰਧ, ਇਸ ਅਪਰਾਧ ਨੂੰ ਕਰਨ ਵਾਲੇ ਜਾਣੇ-ਪਛਾਣੇ ਸਨ। ਸਭ ਕੁਝ ਪਹਿਲਾਂ ਤੋਂ ਹੀ ਤੈਅਸ਼ੁਦਾ ਯੋਜਨਾ ਨੂੰ ਸਿਰੇ ਚੜ੍ਹਾਉਣ ਲਈ ਸਰਕਾਰ ਦੀ ਇੱਛਾ ਅਨੁਸਾਰ ਇੰਦਰਾ ਗਾਂਧੀ ਦੇ ਕਤਲ ਨੂੰ ਗੁੰਡਿਆਂ ਨੇ ਸਿਰਫ਼ ਬਹਾਨੇ ਦੇ ਤੌਰ 'ਤੇ ਢੁਕਵੇਂ ਸਮੇਂ ਵਜੋਂ ਵਰਤਿਆ। ਇਹ ਕਤਲੇਆਮ ਖ਼ੁਦ-ਬ-ਖ਼ੁਦ ਬਿਨਾਂ ਉਚੇਚ ਸ਼ੁਰੂ ਨਹੀਂ ਹੋਇਆ। ਇਸ ਨੂੰ ਪੁਲਿਸ ਦੀ ਦੇਖ-ਰੇਖ ਹੇਠ ਸਿੱਖਾਂ ਦਾ ਵਹਿਸ਼ੀਆਨਾ ਕਤਲੇਆਮ ਕਹਿਣ ਤੋਂ ਬਿਨਾਂ ਹੋਰ ਨਾਂਅ ਨਹੀਂ ਦਿੱਤਾ ਜਾ ਸਕਦਾ।'

ਕਾਂਗਰਸ ਹਮੇਸ਼ਾ 1984 ਦੇ ਸਿੱਖ ਵਿਰੋਧੀ ਕਤਲੇਆਮ ਨੂੰ 'ਕਤਲੇਆਮ' ਵਜੋਂ ਕਬੂਲ ਕਰਨ ਤੋਂ ਵੀ ਭੱਜਦੀ ਰਹੀ ਹੈ। ਕਾਂਗਰਸ ਆਗੂ ਅਕਸਰ ਸਿੱਖ ਕਤਲੇਆਮ ਲਈ 'ਟਰੈਜ਼ਿਡੀ' ਸ਼ਬਦ ਦੀ ਵਰਤੋਂ ਕਰਦੇ ਹਨ, ਜਿਹੜਾ ਸਿਧਾਂਤਕ ਤੌਰ 'ਤੇ ਸਾਬਤ ਕਰਦਾ ਹੈ ਕਿ ਕਾਂਗਰਸ ਹਾਲੇ ਤੱਕ ਸਿੱਖਾਂ ਦੀ ਯੋਜਨਾਬੱਧ ਨਸਲਕੁਸ਼ੀ ਨੂੰ 'ਟਰੈਜ਼ਿਡੀ', 'ਦੁਖਾਂਤ' ਜਾਂ 'ਹਾਦਸਾ' ਆਖ ਕੇ 'ਕਤਲੇਆਮ' ਮੰਨਣ ਤੋਂ ਭੱਜ ਰਹੀ ਹੈ। ਕਾਂਗਰਸ ਵਲੋਂ ਜਦੋਂ ਵੀ ਸਿੱਖ ਭਾਈਚਾਰੇ ਨੂੰ 1984 ਦੇ ਕਤਲੇਆਮ ਨੂੰ ਭੁੱਲ ਜਾਣ ਦੀ ਸਲਾਹ ਦਿੱਤੀ ਜਾਂਦੀ ਹੈ ਤਾਂ ਉਸ ਦਾ ਅੰਦਾਜ਼ ਕਤਲੇਆਮ ਨੂੰ ਨਿਆਂਸੰਗਤ ਠਹਿਰਾਉਣ ਵਾਲਾ ਹੁੰਦਾ ਹੈ। ਕਾਂਗਰਸ ਦੇ 125 ਸਾਲਾ ਇਤਿਹਾਸ ਦੀ ਪੁਸਤਕ 'ਸੈਂਟੇਨੇਰੀ ਹਿਸਟਰੀ ਆਫ਼ ਦ ਇੰਡੀਅਨ ਨੈਸ਼ਨਲ ਕਾਂਗਰਸ' 'ਚ ਵੀ ਸਿੱਖਾਂ ਨੂੰ 1984 ਦੇ ਘੱਲੂਘਾਰੇ ਨੂੰ ਭੁੱਲਣ ਲਈ ਆਖਿਆ ਗਿਆ ਸੀ। ਪੁਸਤਕ ਦੇ ਅਧਿਆਏ 'ਹਿੰਦੂ ਕਮਿਊਨਲ ਰੈਲੇਂਜ 1964, 1984' ਵਿਚ ਇਹ ਤਾਂ ਮੰਨਿਆ ਹੈ ਕਿ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦੇਸ਼ ਭਰ 'ਚ ਸਿੱਖਾਂ ਦੇ ਵੱਡੇ ਪੱਧਰ 'ਤੇ ਹਮਲੇ ਹੋਏ ਅਤੇ ਜ਼ਿਆਦਾਤਰ ਮਾਮਲਿਆਂ 'ਚ ਇਨ੍ਹਾਂ ਹਮਲਿਆਂ ਦੀ ਅਗਵਾਈ ਕਾਂਗਰਸ ਦੇ ਆਗੂਆਂ ਨੇ ਕੀਤੀ। ਪੁਸਤਕ 'ਚ ਕਿਹਾ ਗਿਆ ਹੈ ਕਿ ਹੁਣ ਇਤਿਹਾਸ ਸਮੇਂ ਦਾ ਪੂਰਾ ਚੱਕਾ ਕੱਟ ਚੁੱਕਿਆ ਹੈ। ਕਦੇ ਨਵੰਬਰ 1984 'ਚ ਸਿੱਖ ਆਪਣੀ ਪਛਾਣ ਲੁਕਾਉਣ ਲਈ ਮਜ਼ਬੂਰ ਸਨ, ਪਰ ਮਈ, 2004 'ਚ ਸਿੱਖ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਸਭ ਤੋਂ ਵੱਡੇ ਲੋਕਤੰਤਰ ਦੀ ਕਾਰਜਪਾਲਿਕਾ ਦੇ ਸਰਬਉੱਚ ਅਹੁਦੇ ਲਈ ਚੁਣਿਆ ਗਿਆ ਹੈ ਤਾਂ ਅਜਿਹੇ 'ਚ ਸਿੱਖਾਂ ਨੂੰ ਅਤੀਤ ਨਾਲ ਬੱਝੇ ਨਾ ਰਹਿ ਕੇ ਭਵਿੱਖ ਵੱਲ ਦੇਖਣਾ ਚਾਹੀਦਾ ਹੈ।' ਪੁਸਤਕ ਦੀ ਇਹ ਇਬਾਰਤ ਬਿਨਾਂ ਇਨਸਾਫ਼ ਦਿੱਤਿਆਂ ਹੀ ਸਿੱਖ ਕਤਲੇਆਮ ਦੇ ਪੀੜਤਾਂ ਨੂੰ ਬੜੇ ਸਾਜਿਸ਼ੀ ਤਰੀਕੇ ਨਾਲ ਕਹਿ ਰਹੀ ਹੈ ਕਿ ਉਸ ਸਾਕੇ ਨੂੰ ਭੁੱਲ ਜਾਓ। ਜਦੋਂਕਿ ਸਿੱਖ ਕਤਲੇਆਮ ਦੀਆਂ ਜਾਂਚ-ਰਿਪੋਰਟਾਂ ਵੀ ਇਹ ਗੱਲ ਸਾਬਤ ਕਰਦੀਆਂ ਹਨ ਕਿ ਇਹ ਕਤਲੇਆਮ ਇਕ ਯੋਜਨਾਬੱਧ, ਸਰਕਾਰੀ ਅਤੇ ਪ੍ਰਸ਼ਾਸਨਿਕ ਸਰਪ੍ਰਸਤੀ ਹੇਠ ਹੋਇਆ ਸੀ। ਇਸ ਕਤਲੇਆਮ ਲਈ ਸਰਕਾਰ ਸਿੱਧੇ ਤੌਰ 'ਤੇ ਦੋਸ਼ੀ ਹੈ। ਸਰਕਾਰ ਵਲੋਂ ਸਿੱਖ ਕਤਲੇਆਮ ਦੀ ਪਹਿਲੀ ਵਾਰ ਮੁਆਫ਼ੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਹੀ ਮੰਗੀ ਸੀ, ਜਿਹੜੇ ਖ਼ੁਦ ਪੀੜਤ ਭਾਈਚਾਰੇ ਨਾਲ ਸੰਬੰਧਿਤ ਹਨ।

ਇਹ ਗੱਲ ਸਪੱਸ਼ਟ ਹੈ ਕਿ ਇਤਿਹਾਸਕ ਪਰਿਪੇਖ 'ਚ ਨਵੰਬਰ 1984 ਦਾ ਸਿੱਖ ਵਿਰੋਧੀ ਕਤਲੇਆਮ ਵੀ ਉਸੇ ਤਰ੍ਹਾਂ ਸਿੱਖ ਮਾਨਸਿਕਤਾ 'ਚ ਘੱਲੂਘਾਰਾ ਬਣ ਕੇ ਵੱਸ ਚੁੱਕਾ ਹੈ, ਜਿਵੇਂ 1919 ਦੇ ਜਲ੍ਹਿਆਂਵਾਲੇ ਬਾਗ਼ ਦੇ ਸਾਕੇ ਨੂੰ ਨਹੀਂ ਭੁਲਾਇਆ ਜਾ ਸਕਦਾ। ਨਵੰਬਰ 1984 ਦੇ ਸਿੱਖ ਕਤਲੇਆਮ ਵੇਲੇ ਨਾ-ਸਿਰਫ਼ ਸਿੱਖਾਂ ਦਾ ਸਰੀਰਕ ਤੌਰ 'ਤੇ ਹੀ ਘਾਣ ਕੀਤਾ ਗਿਆ, ਸਗੋਂ ਸਾਜਿਸ਼ੀ ਤਰੀਕੇ ਨਾਲ ਸਿੱਖਾਂ ਖ਼ਿਲਾਫ਼ ਜਾਣ-ਬੁੱਝ ਕੇ ਜਿਊਣ ਲਈ ਅਜਿਹੇ ਹਾਲਾਤ ਪੈਦਾ ਕੀਤੇ ਗਏ, ਜੋ ਰਹਿੰਦੀਆਂ ਸਦੀਆਂ ਤੱਕ ਪੀੜਾਦਾਇਕ ਰਹਿਣਗੇ। ਇਸ ਕਤਲੇਆਮ ਨਾਲ ਭਾਰਤ ਦੇ ਇਕ ਖ਼ੁਸ਼ਹਾਲ ਅਤੇ ਦੇਸ਼ ਦੀ ਆਜ਼ਾਦੀ 'ਚ ਸਭ ਤੋਂ ਵੱਧ ਯੋਗਦਾਨ ਪਾਉਣ ਵਾਲੇ ਸਿੱਖ ਭਾਈਚਾਰੇ ਦੀ ਵਿਰਾਸਤ, ਸਮਾਜਿਕ ਢਾਂਚੇ, ਆਰਥਿਕਤਾ ਅਤੇ ਜੀਣ-ਥੀਣ ਦੀਆਂ ਸੰਭਾਵਨਾਵਾਂ ਹੀ ਰੋਲ ਕੇ ਰੱਖ ਦਿੱਤੀਆਂ ਗਈਆਂ। ਇਸੇ ਦਾ ਹੀ ਨਤੀਜਾ ਸੀ ਕਿ ਪੰਜਾਬ ਮੁੱਦਤਾਂਤੱਕ ਪੱਛੜ ਗਿਆ ਅਤੇ ਇੱਥੋਂ ਦੀ ਜਵਾਨੀ, ਕਿਸਾਨੀ ਤੇ ਉਦਯੋਗ ਇੱਥੋਂ ਹਿਜਰਤ ਕਰਕੇ ਦੂਜੇ ਸੂਬਿਆਂ ਅਤੇ ਦੇਸ਼ਾਂ ਵਿਚ ਚਲੇ ਗਏ ਅਤੇ ਇਹ ਸਿਲਸਿਲਾ ਅਜੇ ਤਕ ਜਾਰੀ ਹੈ।

ਸੋ, ਅੱਜ ਸਿੱਖ ਵਿਰੋਧੀ ਕਤਲੇਆਮ ਤੋਂ 40 ਵਰ੍ਹੇ ਬਾਅਦ, ਜਦੋਂ ਉਸ ਕਤਲੇਆਮ ਦੇ ਬਹੁਤ ਸਾਰੇ ਚਸ਼ਮਦੀਦ ਗਵਾਹ ਅਤੇ ਪੀੜਤ ਅਦਾਲਤਾਂ ਤੋਂ ਇਨਸਾਫ਼ ਉਡਕੀਦੇ-ਉਡੀਕਦੇ ਹੀ ਇਸ ਜਹਾਨੋਂ ਫ਼ੌਤ ਹੋ ਚੁੱਕੇ ਹਨ ਅਤੇ ਬਹੁਤ ਸਾਰੇ ਦੋਸ਼ੀ ਕਾਨੂੰਨੀ ਸਜ਼ਾਵਾਂ ਪਾਉਣ ਤੋਂ ਬਗ਼ੈਰ ਹੀ ਜੀਵਨ ਭੋਗ ਕੇ ਕੁਦਰਤੀ ਮੌਤੇ ਮਰ ਚੁੱਕੇ ਹਨ, ਉਸ ਵੇਲੇ ਮਹਿਜ ਕੁਝ ਕੁ ਦੋਸ਼ੀਆਂ ਨੂੰ ਸਜ਼ਾਵਾਂ ਮਿਲਣ ਨੂੰ ਹੀ ਪੂਰਨ ਇਨਸਾਫ਼ ਨਹੀਂ ਕਿਹਾ ਜਾ ਸਕਦਾ, ਬਲਕਿ ਇਹ ਵੀ ਵੱਡੀ ਲੋੜ ਹੈ ਕਿ ਉਸ ਕਤਲੇਆਮ ਦੇ ਵਿਆਪਕ ਵਰਤਾਰੇ ਪਿੱਛੇ ਲੁਕਵੇਂ ਉਦੇਸ਼ਾਂ ਅਤੇ ਤਮਾਮ ਜ਼ਿੰਮੇਵਾਰ ਤਾਕਤਾਂ ਨੂੰ ਸਾਹਮਣੇ ਲਿਆਂਦਾ ਜਾਏ ਅਤੇ ਇਸ ਦੇ ਪ੍ਰਭਾਵਾਂ ਅਤੇ ਸਿੱਟਿਆਂ ਬਾਰੇ ਨਿਰਪੱਖਤਾ ਨਾਲ ਵਿਸ਼ਲੇਸ਼ਣ ਕੀਤਾ ਜਾਏ, ਤਾਂ ਜੋ ਇਤਿਹਾਸ ਵਿਚ ਸਿੱਖ ਵਿਰੋਧੀ ਕਤਲੇਆਮ ਦੀਆਂ ਤਮਾਮ ਜ਼ਿੰਮੇਵਾਰ ਤਾਕਤਾਂ ਨੂੰ ਇਤਿਹਾਸ ਵਿਚ ਸ਼ਰਮਿੰਦਾ ਹੋਣਾ ਪਵੇ ਅਤੇ ਭਵਿੱਖ ਵਿਚ ਦੇਸ਼ ਦੇ ਮੱਥੇ 'ਤੇ ਨਵੰਬਰ 1984 ਦੇ

• ਤੰਤੀ ਸਾਜ਼, 150 ਵਿਦਿਆਰਥੀ ਅਤੇ 31 ਰਾਗ: ਗੁਰਮਤਿ ਸੰਗੀਤ ਦਾ ਇਤਿਹਾਸਕ ਸੁਨਹਿਰੀ ਮੀਲ-ਪੱਥਰ • ਪੱਛਮ ਦੀ ਧਰਤੀ 'ਤੇ ਪੁਰਾਤਨ ਕੀਰਤਨ ਪਰੰਪਰਾ ਨੂੰ ਨਵੀਂ ਪੀੜ੍ਹੀ ਵੱਲੋਂ ਸੰਪੂਰਨ ਸਮਰਪਣ

ਜਦੋਂ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਧੁਰ ਕੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਰੂਪ ਵਿੱਚ ਸੰਕਲਿਤ ਕੀਤਾ, ਤਾਂ ਸ਼ਬਦ ਅਤੇ ਰਾਗ ਦਾ ਇੱਕ ਅਜਿਹਾ ਅਲੌਕਿਕ ਸੁਮੇਲ ਸਿਰਜਿਆ ਜੋ ਆਤਮਾ ਨੂੰ ਪਰਮਾਤਮਾ ਨਾਲ ਜੋੜਨ ਦਾ ਸਹਿਜ ਮਾਰਗ ਬਣਿਆ। ਸਦੀਆਂ ਪੁਰਾਣੀ ਇਹ ਗੁਰਮਤਿ ਸੰਗੀਤ ਪਰੰਪਰਾ ਸਿਰਫ਼ ਗਾਇਨ ਨਹੀਂ, ਸਗੋਂ ਸਿੱਖੀ ਦੀ ਰੂਹਾਨੀ ਪਛਾਣ ਅਤੇ ਸਾਡੀ ਸਭਿਆਚਾਰਕ ਹੋਂਦ ਦਾ ਧੁਰਾ ਹੈ। ਪੱਛਮੀ ਮੁਲਕਾਂ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿੱਚ ਇਹ ਚਿੰਤਾ ਅਕਸਰ ਉੱਭਰਦੀ ਰਹੀ ਹੈ ਕਿ ਕੀ ਸਾਡੀ ਨਵੀਂ ਪੀੜ੍ਹੀ ਇਸ ਵਿਲੱਖਣ ਅਤੇ ਗਹਿਰ-ਗੰਭੀਰ ਵਿਰਾਸਤ ਨੂੰ ਸਾਂਭ ਸਕੇਗੀ ? 3 ਅਕਤੂਬਰ 2026 ਨੂੰ ਕੈਲੀਫੋਰਨੀਆ ਦੇ ਸ਼ਹਿਰ ਲਿਵਰਮੋਰ ਵਿਖੇ ਪਹਾੜੀ 'ਤੇ ਸਥਿਤ ਗੁਰਦੁਆਰਾ ਸਾਹਿਬ ਵਿਖੇ ਕਰਵਾਇਆ ਗਿਆ 'ਆਨੰਦ-2026' ਸਮਾਗਮ ਇਸ ਚਿੰਤਾ ਨੂੰ ਭਰੋਸੇ, ਚੜ੍ਹਦੀ ਕਲਾ ਅਤੇ ਇਤਿਹਾਸਕ ਗੌਰਵ ਵਿੱਚ ਬਦਲਣ ਵਾਲਾ ਇੱਕ ਇਨਕਲਾਬੀ ਮੀਲ-ਪੱਥਰ ਸਾਬਤ ਹੋਇਆ ਹੈ। 150 ਦੇ ਕਰੀਬ ਨੌਜਵਾਨ ਵਿਦਿਆਰਥੀਆਂ ਵੱਲੋਂ ਰਬਾਬ, ਤਾਊਸ, ਸਾਰੰਦਾ ਅਤੇ ਦਿਲਰੁਬਾ ਵਰਗੇ ਪ੍ਰਮਾਣਿਕ ਤੰਤੀ ਸਾਜ਼ਾਂ ਦੀਆਂ ਤਰੰਗਾਂ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਮੁੱਚੇ 31 ਮੁੱਖ ਰਾਗਾਂ ਦੀ ਸ਼ੁੱਧ ਪੇਸ਼ਕਾਰੀ ਕਰਨਾ ਕੋਈ ਸਾਧਾਰਨ ਘਟਨਾ ਨਹੀਂ, ਸਗੋਂ ਪਰਦੇਸਾਂ ਵਿੱਚ ਇੱਕ ਨਵੇਂ ਸੁਨਹਿਰੀ ਅਧਿਆਏ ਦੀ ਸ਼ੁਰੂਆਤ ਹੈ। ਬਿਨਾਂ ਕਿਸੇ ਦੁਨਿਆਵੀ ਮੁਕਾਬਲੇਬਾਜ਼ੀ ਦੇ, ਸਿੱਖ ਪੰਥ ਦੇ ਉੱਘੇ ਵਿਦਵਾਨ ਡਾਕਟਰ ਗੁਰਨਾਮ ਸਿੰਘ ਅਤੇ ਹੋਰ ਵਿਦਵਾਨਾਂ ਦੀ ਅਗਵਾਈ ਹੇਠ ਵੱਖ-ਵੱਖ ਉਸਤਾਦਾਂ ਅਤੇ ਜਥਿਆਂ ਨੂੰ ਇੱਕੋ ਸਾਂਝੇ ਮੰਚ 'ਤੇ ਸ਼ਬਦ ਅਤੇ ਰਾਗ ਦੇ ਸਤਿਕਾਰ ਵਿੱਚ ਇਕੱਤਰ ਕਰਨਾ ਇਸ ਸਮਾਗਮ ਦੀ ਸਭ ਤੋਂ ਮਹਾਨ ਪ੍ਰਾਪਤੀ ਰਹੀ ਹੈ। ਇਹ ਲੇਖ ਸਿਰਫ਼ ਇੱਕ ਸਮਾਗਮ ਦੀ ਰਿਪੋਰਟ ਨਹੀਂ, ਸਗੋਂ ਗੁਰਮਤਿ ਸੰਗੀਤ ਦੇ ਮਾਰਗਦਰਸ਼ਕਾਂ, ਸਮਰਪਿਤ ਅਧਿਆਪਕਾਂ ਅਤੇ ਵਿਰਾਸਤ ਨੂੰ ਸੀਨੇ ਨਾਲ ਲਾਉਣ ਵਾਲੇ ਹੋਣਹਾਰ ਬੱਚਿਆਂ ਦੀ ਘਾਲਣਾ ਨੂੰ ਸਮਰਪਿਤ ਇੱਕ ਇਤਿਹਾਸਕ ਦਸਤਾਵੇਜ਼ ਹੈ। ਅਸੀਂ ਬੇਹੱਦ ਮਾਣ ਅਤੇ ਨਿਮਰਤਾ ਨਾਲ ਇਹ ਵਿਸ਼ੇਸ਼ ਰਿਪੋਰਟ ਪਾਠਕਾਂ ਦੇ ਰੂਬਰੂ ਕਰ ਰਹੇ ਹਾਂ। — ਸਤਨਾਮ ਸਿੰਘ ਖ਼ਾਲਸਾ

ਲਿਵਰਮੋਰ ਵਿਖੇ 'ਆਨੰਦ-2026 ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਰਾਗਾਂ ਵਿੱਚ ਸ਼ਬਦ ਕੀਰਤਨ

150 ਵਿਦਿਆਰਥੀਆਂ ਦੇ 31 ਜਥਿਆਂ ਨੇ ਕੀਤੀ ਸ਼ਮੂਲੀਅਤ; ਗੁਰਮਤਿ ਸੰਗੀਤ ਦੇ ਵਿਦਵਾਨਾਂ, ਅਧਿਆਪਕਾਂ ਅਤੇ ਨੌਜਵਾਨ ਕੀਰਤਨੀਆਂ ਦਾ ਵਿਸ਼ੇਸ਼ ਸਨਮਾਨ

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਜੀਵਨ ਭਰ ਦੇ ਵਡਮੁੱਲੇ ਯੋਗਦਾਨ ਲਈ' ਆਨੰਦ ਲਾਈਫਟਾਈਮ ਅਚੀਵਮੈਂਟ ਐਵਾਰਡ ਪ੍ਰਾਪਤ ਕਰਦੇ ਡਾ. ਗੁਰਨਾਮ

ਗੁਰਮਤਿ ਸੰਗੀਤ ਦੀ ਸਿੱਖਿਆ ਅਤੇ ਸੰਭਾਲ ਵਿੱਚ ਵਡਮੁੱਲੇ ਯੋਗਦਾਨ ਲਈ ਵਿਸ਼ੇਸ਼ ਅਧਿਆਪਕ ਸਨਮਾਨ ਪ੍ਰਾਪਤ ਕਰਦੇ ਗੁਰਮਤਿ ਸੰਗੀਤ ਦੇ ਅਧਿਆਪਕ

ਲਿਵਰਮੋਰ, ਕੈਲੀਫੋਰਨੀਆ : ਸਿੱਖ ਹੈਰੀਟੇਜ ਸਿੰਫਨੀ ਵੱਲੋਂ ਟਰਾਈ-ਵੈਲੀ ਸਿੱਖ ਸੈਂਟਰ ਗੁਰਦੁਆਰਾ ਸਾਹਿਬ, ਲਿਵਰਮੋਰ ਵਿਖੇ 'ਆਨੰਦ 2026: ਸਾਲਾਨਾ ਗੁਰਮਤਿ ਸੰਗੀਤ ਦੀਵਾਨ' ਕਰਵਾਇਆ ਗਿਆ। ਗੁਰਮਤਿ ਸੰਗੀਤ ਦੀ ਰਾਗ-ਆਧਾਰਿਤ ਸ਼ਬਦ ਕੀਰਤਨ ਪਰੰਪਰਾ ਨੂੰ ਸੰਭਾਲਣ ਅਤੇ ਨਵੀਂ ਪੀੜ੍ਹੀ ਨੂੰ ਇਸ ਵਿਰਾਸਤ ਨਾਲ ਜੋੜਨ ਦੇ ਉਦੇਸ਼ ਨਾਲ ਕਰਵਾਏ ਗਏ ਇਸ ਸਮਾਗਮ ਦੀ ਵਿਸ਼ੇਸ਼ਤਾ ਇਹ ਰਹੀ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 31 ਮੁੱਖ ਰਾਗਾਂ ਵਿੱਚ 31 ਵਿਦਿਆਰਥੀ ਜਥਿਆਂ ਨੇ ਸ਼ਬਦ ਕੀਰਤਨ ਪੇਸ਼ ਕੀਤਾ। ਇਸ ਵਿੱਚ ਲਗਭਗ 150 ਵਿਦਿਆਰਥੀਆਂ ਅਤੇ 22 ਗੁਰਮਤਿ ਸੰਗੀਤ ਅਧਿਆਪਕਾਂ ਨੇ ਭਾਗ ਲਿਆ।

ਇਹ ਉਪਰਾਲਾ ਗੁਰਮਤਿ ਸੰਗੀਤ ਦੇ ਪ੍ਰਸਿੱਧ ਵਿਦਵਾਨ ਅਤੇ ਸ਼੍ਰੋਮਣੀ ਰਾਗੀ ਡਾ. ਗੁਰਨਾਮ ਸਿੰਘ ਜੀ ਦੀ ਅਗਵਾਈ ਹੇਠ ਕੀਤਾ ਗਿਆ। ਸਮਾਗਮ ਦਾ ਆਯੋਜਨ ਸਿੱਖ ਹੈਰੀਟੇਜ ਸਿੰਫਨੀ ਵੱਲੋਂ ਕੀਤਾ ਗਿਆ, ਜਿਸ ਨੂੰ ਬੇਬੇ ਨਾਨਕੀ ਇੰਸਟੀਚਿਊਟ ਆਫ਼ ਸਿੱਖ ਸਟੱਡੀਜ਼ ਅਤੇ ਸਿੱਖਨੈੱਟ ਦਾ ਸਹਿਯੋਗ ਪ੍ਰਾਪਤ ਹੋਇਆ। ਸਮਾਗਮ ਦੀ ਕਲਾਤਮਕ ਅਤੇ ਕਾਰਜਕਾਰੀ ਨਿਰਦੇਸ਼ਨਾ ਡਾ. ਲੀਨਾ ਸਿੰਘ ਬੇਦੀ ਨੇ ਕੀਤੀ, ਜਦਕਿ ਪ੍ਰੋਗਰਾਮ ਪ੍ਰਬੰਧਕ ਦੀ ਜ਼ਿੰਮੇਵਾਰੀ ਕਮਲਜੀਤ ਕੌਰ ਨੇ ਨਿਭਾਈ।

ਅਰਦਾਸ ਅਤੇ ਹੁਕਮਨਾਮੇ ਨਾਲ ਸ਼ੁਰੂ ਹੋਏ ਦੀਵਾਨ ਵਿੱਚ ਵਿਦਿਆਰਥੀਆਂ ਨੇ ਰਬਾਬ, ਸਾਰੰਦਾ, ਤਾਊਸ, ਦਿਲਰੁਬਾ, ਸੁਰਮੰਡਲ, ਤਾਨਪੁਰਾ, ਤਬਲਾ ਅਤੇ ਪਖਾਵਜ ਵਰਗੇ ਸਾਜ਼ਾਂ ਦੀ ਸੰਗਤ ਨਾਲ ਰਾਗ-ਆਧਾਰਿਤ ਸ਼ਬਦ ਕੀਰਤਨ ਪੇਸ਼ ਕੀਤਾ। ਵੱਖ-ਵੱਖ ਅਧਿਆਪਕਾਂ ਦੇ ਵਿਦਿਆਰਥੀਆਂ ਨੂੰ ਇੱਕ ਸਾਂਝੇ ਮੰਚ 'ਤੇ ਇਕੱਠਾ ਕਰਨਾ ਇਸ ਸਮਾਗਮ ਦੀ ਇੱਕ ਹੋਰ ਮਹੱਤਵਪੂਰਨ ਪ੍ਰਾਪਤੀ ਰਹੀ। ਇਹ ਕੋਈ ਮੁਕਾਬਲਾ ਨਹੀਂ, ਸਗੋਂ ਸ਼ਬਦ ਅਤੇ ਰਾਗ ਨੂੰ ਸਮਰਪਿਤ ਇੱਕ ਸਾਂਝਾ ਗੁਰਮਤਿ ਸੰਗੀਤ ਦੀਵਾਨ ਸੀ।

ਗੁਰਮਤਿ ਸੰਗੀਤ ਦੇ ਚਾਰ ਅਧਿਆਪਕਾਂ ਦਾ ਵਿਸ਼ੇਸ਼ ਸਨਮਾਨ

ਸਮਾਗਮ ਦੌਰਾਨ ਗੁਰਮਤਿ ਸੰਗੀਤ ਦੀ ਸਿੱਖਿਆ, ਸੰਭਾਲ ਅਤੇ ਪ੍ਰਸਾਰ ਵਿੱਚ ਲੰਮੇ ਸਮੇਂ ਤੋਂ ਯੋਗਦਾਨ ਪਾਉਣ ਵਾਲੇ ਚਾਰ ਅਧਿਆਪਕਾਂ ਨੂੰ 'ਆਨੰਦ ਵਿਸ਼ੇਸ਼ ਅਧਿਆਪਕ ਸਨਮਾਨ' (Distinguished Educator Award) ਨਾਲ ਸਨਮਾਨਿਤ ਕੀਤਾ ਗਿਆ।

ਉਸਤਾਦ ਰਣਜੀਤ ਸਿੰਘ: ਗੁਰਮਤਿ ਸੰਗੀਤ, ਤਬਲਾ ਅਤੇ ਜੋੜੀ ਵਾਦਨ ਦੇ ਪ੍ਰਸਿੱਧ ਅਧਿਆਪਕ ਉਸਤਾਦ ਰਣਜੀਤ ਸਿੰਘ ਆਲ ਇੰਡੀਆ ਰੇਡੀਓ ਦੇ ਏ-ਗ੍ਰੇਡ ਤਬਲਾ ਕਲਾਕਾਰ ਰਹੇ ਹਨ। ਉਨ੍ਹਾਂ ਨੇ 1962 ਤੋਂ 1997 ਤੱਕ ਸਰਕਾਰੀ ਕਾਲਜ, ਲੁਧਿਆਣਾ ਵਿਖੇ ਸੰਗੀਤ ਦੀ ਸਿੱਖਿਆ ਦਿੱਤੀ। ਅਮਰੀਕਾ ਵਿੱਚ ਉਨ੍ਹਾਂ ਨੇ 1998 ਵਿੱਚ ਭਾਈ ਮਰਦਾਨਾ ਇੰਸਟੀਚਿਊਟ ਆਫ਼ ਮਿਊਜ਼ਿਕ ਦੀ ਸਥਾਪਨਾ ਕਰਕੇ ਗੁਰਮਤਿ ਸੰਗੀਤ ਅਤੇ ਰਾਗ-ਆਧਾਰਿਤ ਕੀਰਤਨ ਦੀ ਸਿੱਖਿਆ ਦੇ ਪ੍ਰਸਾਰ ਵਿੱਚ ਅਹਿਮ ਯੋਗਦਾਨ ਪਾਇਆ।

ਟਾਂਡਾ ਉੜਮੁੜ, (ਸਾਡੇ ਲੋਕ/ਆਰ ਸਿੰਘ ਸਿੱਧੂ) : ਅਕਾਲ ਗੱਤਕਾ ਗੁਰਮਤਿ ਗਰੁੱਪ ਨਿਊਯਾਰਕ (ਯੂ.ਐਸ.ਏ.) ਵੱਲੋਂ ਸਿੱਖੀ ਵਿਰਸੇ ਅਤੇ ਗੱਤਕਾ ਕਲਾ ਦੇ ਪ੍ਰਸਾਰ ਲਈ ਲਖਵੀਰ ਸਿੰਘ ਖਾਲਸਾ ਨੂੰ ਗਰੁੱਪ ਦਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸ ਮੌਕੇ ਗੱਤਕਾ ਗਰੁੱਪ ਦੇ ਪ੍ਰਧਾਨ ਦਲੇਰ ਸਿੰਘ ਅਤੇ ਪ੍ਰਬੰਧਕ ਦਿਲਸ਼ੇਰ ਸਿੰਘ ਨੇ ਦੱਸਿਆ ਕਿ ਲਖਵੀਰ ਸਿੰਘ ਖਾਲਸਾ ਅਮਰੀਕਾ ਵਿਖੇ ਵੱਖ-ਵੱਖ ਸ਼ਹਿਰਾਂ ਵਿਚ ਲੰਬੇ ਸਮੇਂ ਤੋਂ ਗੁਰਮਤਿ ਅਤੇ ਗੱਤਕੇ ਦੇ ਖੇਤਰ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ਅਤੇ ਉਨ੍ਹਾਂ ਦੀਆਂ ਪੰਥਕ ਸੇਵਾਵਾਂ ਨੂੰ ਦੇਖਦਿਆਂ ਇਹ ਅਹਿਮ ਜਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨਿਯੁਕਤੀ ਨਾਲ ਗਰੁੱਪ ਦੀਆਂ ਗਤੀਵਿਧੀਆਂ ਅਤੇ ਵਿਦੇਸ਼ਾਂ ਵਿੱਚ ਸਿੱਖ ਮਾਰਸ਼ਲ ਆਰਟ ਗੱਤਕਾ ਅਤੇ ਗੁਰਮਤਿ ਪ੍ਰਚਾਰ ਦੇ ਕਾਰਜਾਂ ਨੂੰ ਹੋਰ ਮਜ਼ਬੂਤੀ ਮਿਲੇਗੀ। ਇਸ ਮੌਕੇ ਨਿਊਯਾਰਕ ਤੋਂ ਫੋਨ ਤੇ ਗੱਲਬਾਤ ਕਰਦਿਆਂ ਆਪਣੀ ਨਵੀਂ ਨਿਯੁਕਤੀ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਲਖਵੀਰ ਸਿੰਘ ਖਾਲਸਾ ਨੇ ਗੁਰੂ ਸਾਹਿਬ ਦਾ ਸ਼ੁਕਰਾਨਾ ਕੀਤਾ ਅਤੇ ਆਖਿਆ ਕਿ ਉਹ ਸਿੱਖ ਨੌਜਵਾਨਾਂ ਨੂੰ ਸ਼ਸਤਰ ਵਿੱਦਿਆ ਅਤੇ ਗੁਰਮਤਿ ਨਾਲ ਜੋੜਨ ਲਈ ਪੂਰੀ ਤਨਦੇਹੀ ਨਾਲ ਸੇਵਾ ਕਰਨਗੇ। ਇੱਥੇ ਜ਼ਿਕਰਯੋਗ ਹੈ ਕਿ ਲਖਵੀਰ ਸਿੰਘ ਖਾਲਸਾ ਪਿਛਲੇ ਲੰਬੇ ਸਮੇਂ ਤੋਂ ਅਮਰੀਕਾ ਅਤੇ ਕਨੇਡਾ ਦੇ ਵੱਖ ਵੱਖ ਸੂਬਿਆਂ ਦੇ ਸ਼ਹਿਰਾਂ ਵਿਚ ਗੱਤਕੇ ਦੇ ਖੇਤਰ ਵਿਚ ਆਪਣੀਆਂ ਸੇਵਾਵਾਂ ਦੇ ਰਹੇ ਹਨ, ਜਿਨ੍ਹਾਂ ਕਰਕੇ ਉਨ੍ਹਾਂ ਨੂੰ ਕਈ ਸਨਮਾਨ ਵੀ ਮਿਲ ਚੁੱਕੇ ਹਨ।

ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਲੰਗਰ 1 ਨਵੰਬਰ ਨੂੰ : ਅਸ਼ੀਸ਼ ਅਹੀਰ

ਸੁਮਿਤ ਗੁਪਤਾ ਤੇ ਹਿੰਦੂ ਨੇਤਾ ਮੁਕੇਸ਼ ਲਾਟੀ ਨੂੰ ਦਿੱਤਾ ਸੱਦਾ ਪੱਤਰ

ਸੁਮਿਤ ਗੁਪਤਾ ਅਤੇ ਮੁਕੇਸ਼ ਲਾਟੀ ਨੂੰ ਧਾਰਮਿਕ ਸਮਾਗਮ ਚ ਪਹੁੰਚਣ ਦਾ ਸੱਦਾ ਦਿੰਦੇ ਅਸ਼ੀਸ਼ ਅਹੀਰ ਤੇ ਹੋਰ।

ਟਾਂਡਾ ਉੜਮੁੜ, (ਸਾਡੇ ਲੋਕ/ਆਰ ਸਿੰਘ ਸਿੱਧੂ) : ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ੍ਰਿਸ਼ਟੀ ਦੇ ਰਚਨਹਾਰ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਜਲੰਧਰ ਵਿਖੇ ਹਿੰਦੂ ਸੁਰੱਖਿਆ ਸੰਘ (ਰਜਿ.) ਵਲੋਂ ਵਿਸ਼ਾਲ ਲੰਗਰ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਹਿੰਦੂ ਸੁਰੱਖਿਆ ਸੰਘ ਦੇ ਪੰਜਾਬ ਪ੍ਰਧਾਨ ਅਸ਼ੀਸ਼ ਅਹੀਰ, ਰੋਹਿਤ ਕੁਮਾਰ, ਕਰਨ ਸੇਠੀ ਅਤੇ ਰਜਿੰਦਰ ਕੁਮਾਰ ਬਿੱਟੂ ਵੱਲੋਂ ਟਾਂਡਾ ਉੜਮੁੜ ਵਿਖੇ ਪਹੁੰਚ ਕੇ 'ਏਕ ਹਾਥ ਸੇਵਾ ਕੇ ਨਾਮ' ਸੋਸਾਇਟੀ ਦੇ ਸਰਪ੍ਰਸਤ ਸੁਮਿਤ ਗੁਪਤਾ ਤੇ ਸੀਨੀਅਰ ਹਿੰਦੂ ਨੇਤਾ ਮੁਕੇਸ਼ ਕੁਮਾਰ ਲਾਟੀ ਜੀ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਇਸ ਧਾਰਮਿਕ ਸਮਾਗਮ ਵਿੱਚ ਸ਼ਾਮਲ ਹੋਣ ਲਈ ਸੱਦਾ ਪੱਤਰ ਭੇਟ ਕੀਤਾ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਸ਼ੀਸ਼ ਅਹੀਰ ਨੇ ਦੱਸਿਆ ਕਿ 1 ਨਵੰਬਰ ਦਿਨ ਐਤਵਾਰ ਨੂੰ ਦੁਪਹਿਰ 2 ਵਜੇ ਮਿੱਠਾਪੁਰ ਰੋਡ, ਗਰੀਨ ਮਾਰਕੀਟ ਦੇ ਨਜ਼ਦੀਕ ਜਲੰਧਰ ਵਿਖੇ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੇ ਜਨਮ ਦਿਹਾੜੇ ਨੂੰ ਸਮਰਪਿਤ ਵਿਸ਼ਾਲ ਲੰਗਰ ਲਗਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦੀਆਂ ਸਿੱਖਿਆਵਾਂ ਸਮੁੱਚੀ ਮਨੁੱਖਤਾ ਨੂੰ ਸੱਚਾਈ, ਗਿਆਨ, ਸਮਾਨਤਾ ਅਤੇ ਨੇਕ ਰਸਤੇ ਤੇ ਚੱਲਣ ਦੀ ਪ੍ਰੇਰਣਾ ਦਿੰਦੀਆਂ ਹਨ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਅਤੇ ਸੇਵਾ ਕਾਰਜਾਂ ਰਾਹੀਂ ਸਮਾਜ ਵਿੱਚ ਆਪਸੀ ਪਿਆਰ, ਭਾਈਚਾਰਕ ਸਾਂਝ ਅਤੇ ਸੇਵਾ ਦੀ ਭਾਵਨਾ ਨੂੰ ਹੋਰ ਮਜ਼ਬੂਤ ਕੀਤਾ ਜਾ ਸਕਦਾ ਹੈ।

ਇਸ ਮੌਕੇ ਸੁਮਿਤ ਗੁਪਤਾ ਨੇ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਹਿੰਦੂ ਧਰਮ ਅਤੇ ਭਾਰਤੀ ਸੰਸਕ੍ਰਿਤੀ ਦੇ ਮਹਾਨ ਰਿਸ਼ੀ ਤੇ ਆਦਿ ਕਵੀ ਸਨ, ਜਿਨ੍ਹਾਂ ਨੇ ਵਿਸ਼ਵ ਪ੍ਰਸਿੱਧ ਮਹਾਨ ਗ੍ਰੰਥ ਰਾਮਾਇਣ ਦੀ ਰਚਨਾ ਕਰਕੇ ਸਮੁੱਚੀ ਮਨੁੱਖਤਾ ਨੂੰ ਮਰਿਆਦਾ, ਸੱਚਾਈ, ਧਰਮ ਅਤੇ ਨੇਕ ਜੀਵਨ ਜਿਊਣ ਦਾ ਸੰਦੇਸ਼ ਦਿੱਤਾ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਦੀਆਂ ਸਿੱਖਿਆਵਾਂ ਅੱਜ ਵੀ ਸਮਾਜ ਨੂੰ ਸਹੀ ਮਾਰਗ ਤੇ ਚੱਲਣ, ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਬਣਾਈ ਰੱਖਣ ਲਈ ਪ੍ਰੇਰਿਤ ਕਰਦੀਆਂ ਹਨ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਦੇ ਪਵਿੱਤਰ ਜੀਵਨ ਅਤੇ ਮਹਾਨ ਵਿਚਾਰਾਂ ਤੋਂ ਸੇਧ ਲੈਂਦਿਆਂ ਸਾਨੂੰ ਸਮਾਜ ਵਿੱਚ ਆਪਸੀ ਸਦਭਾਵਨਾ, ਸਤਿਕਾਰ ਅਤੇ ਏਕਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਸਮਾਨਤਾ ਦੇ ਸੰਦੇਸ਼ ਨੂੰ ਲੋਕਾਂ ਤੱਕ ਪਹੁੰਚਾਉਣ ਦਾ ਉੱਤਮ ਉਪਰਾਲਾ ਹੈ।

ਇਸ ਮੌਕੇ ਸੀਨੀਅਰ ਹਿੰਦੂ ਨੇਤਾ ਮੁਕੇਸ਼ ਕੁਮਾਰ ਲਾਟੀ ਨੇ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਮਹਾਰਾਜ ਦਾ ਭਾਰਤੀ ਸੰਸਕ੍ਰਿਤੀ ਅਤੇ ਧਾਰਮਿਕ ਸਾਹਿਤ ਵਿੱਚ ਬਹੁਤ ਹੀ ਮਹੱਤਵਪੂਰਨ ਸਥਾਨ ਹੈ। ਉਨ੍ਹਾਂ ਵੱਲੋਂ ਰਚਿਤ ਰਾਮਾਇਣ ਸਦੀਆਂ ਤੋਂ ਲੋਕਾਂ ਨੂੰ ਸੱਚਾਈ, ਮਰਿਆਦਾ, ਫਰਜ਼ਾਂ ਦੀ ਪਾਲਣਾ ਅਤੇ ਧਰਮ ਦੇ ਮਾਰਗ ਤੇ ਚੱਲਣ ਦੀ ਪ੍ਰੇਰਣਾ ਦਿੰਦੀ ਆ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵਾਨ ਸ਼੍ਰੀ ਵਾਲਮੀਕਿ ਜੀ ਦੇ ਪਵਿੱਤਰ ਜੀਵਨ ਅਤੇ ਮਹਾਨ ਵਿਚਾਰਾਂ ਤੋਂ ਸੇਧ ਲੈਂਦਿਆਂ ਸਾਨੂੰ ਸਮਾਜ ਵਿੱਚ ਆਪਸੀ ਸਦਭਾਵਨਾ, ਸਤਿਕਾਰ ਅਤੇ ਏਕਤਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ।

ਨਵੰਬਰ 1984 ਦੇ ਖ਼ੂਨੀ ਕਤਲੇਆਮ ਨੂੰ ਚਾਰ ਦਹਾਕੇ ਬੀਤ ਜਾਣ ਦੇ ਬਾਵਜੂਦ, ਉਸ ਵਹਿਸ਼ੀਆਨਾ ਦੌਰ ਦਾ ਦਰਦ ਅੱਜ ਵੀ ਓਨਾ ਹੀ ਤਾਜ਼ਾ ਹੈ ਜਿੰਨਾ ਨਿਆਂ ਨਾ ਮਿਲਣ ਦਾ ਸੰਤਾਪ। ਦਿੱਲੀ ਸਮੇਤ ਦੇਸ਼ ਦੇ ਕੋਨੇ-ਕੋਨੇ ਅੰਦਰ ਹਜ਼ਾਰਾਂ ਨਿਹੱਥੇ ਸਿੱਖਾਂ ਨੂੰ ਗਲਾਂ ਵਿੱਚ ਬਲਦੇ ਟਾਇਰ ਪਾ ਕੇ ਸਾੜਿਆ ਗਿਆ, ਮੁਕੱਦਸ ਗੁਰਧਾਮਾਂ ਨੂੰ ਢਾਹ ਕੇ ਅਪਵਿੱਤਰ ਕੀਤਾ ਗਿਆ, ਅਤੇ ਵਸਦੇ-ਰਸਦੇ ਘਰ ਪਲਾਂ ਵਿੱਚ ਰਾਖ ਦੇ ਢੇਰ ਬਣਾ ਦਿੱਤੇ ਗਏ। ਇਹ ਕਿਸੇ ਆਮ ਭੀੜ ਦਾ ਅਚਾਨਕ ਭੜਕਿਆ ਰੋਸ ਨਹੀਂ ਸੀ, ਸਗੋਂ ਸੱਤਾ ਦੀ ਸਿੱਧੀ ਸਰਪ੍ਰਸਤੀ, ਪੁਲਿਸ ਦੀ ਮਿਲੀਭੁਗਤ ਅਤੇ ਸ਼ਰਮਨਾਕ ਪ੍ਰਸ਼ਾਸਨਿਕ ਚੁੱਪ ਨਾਲ ਅੰਜਾਮ ਦਿੱਤੀ ਗਈ ਇੱਕ ਯੋਜਨਾਬੱਧ ਨਸਲਕੁਸ਼ੀ ਸੀ। ਪਿਛਲੇ ਬਤਾਲੀ ਸਾਲਾਂ ਦੀ ਸਭ ਤੋਂ ਵੱਡੀ ਤ੍ਰਾਸਦੀ ਜਾਂਚਾਂ ਦੀ ਘਾਟ ਨਹੀਂ, ਸਗੋਂ ਜਾਂਚਾਂ ਦੇ ਨਾਮ 'ਤੇ ਹੋਈ ਲਗਾਤਾਰ ਧੋਖਾਧੜੀ ਹੈ। ਕਮਿਸ਼ਨ ਬਣਦੇ ਰਹੇ, ਕਮੇਟੀਆਂ ਦੀਆਂ ਫ਼ਾਈਲਾਂ ਮੋਟੀਆਂ ਹੁੰਦੀਆਂ ਗਈਆਂ, ਪਰ ਹਰ ਵਾਰ ਠੋਸ ਸਬੂਤਾਂ ਨੂੰ ਦਫ਼ਨਾ ਕੇ ਸਿਫ਼ਾਰਸ਼ਾਂ ਨੂੰ ਬੇਅਸਰ ਕਰ ਦਿੱਤਾ ਗਿਆ। ਇਨਸਾਫ਼ ਨੂੰ ਸਾਜ਼ਿਸ਼ ਤਹਿਤ ਏਨਾ ਲੰਮਾ ਲਟਕਾਇਆ ਗਿਆ ਕਿ ਮੁੱਖ ਗੁਨਾਹਗਾਰ, ਚਸ਼ਮਦੀਦ ਗਵਾਹ ਅਤੇ ਇਨਸਾਫ਼ ਮੰਗਦੀਆਂ ਅੱਖਾਂ ਸਮੇਂ ਦੇ ਵਹਿਣ ਵਿੱਚ ਇੱਕ-ਇੱਕ ਕਰਕੇ ਖ਼ਤਮ ਹੋ ਜਾਣ। ਦਹਾਕਿਆਂ ਬਾਅਦ ਆਈਆਂ ਕੁਝ ਗਿਣੀਆਂ-ਚੁਣੀਆਂ ਸਜ਼ਾਵਾਂ ਸੱਚ ਦੀ ਲੜਾਈ ਲੜਨ ਵਾਲਿਆਂ ਦੇ ਸਿਦਕ ਦਾ ਪ੍ਰਤੀਕ ਤਾਂ ਹਨ, ਪਰ ਇਹ ਇੱਕ ਪੂਰੀ ਕੌਮ ਦੇ ਵਹਿਸ਼ੀਆਨਾ ਕਤਲੇਆਮ ਦੇ ਹਿਸਾਬ ਦਾ ਬਦਲ ਕਦੇ ਨਹੀਂ ਹੋ ਸਕਦੀਆਂ। ਇਸ ਡੂੰਘੇ ਅਤੇ ਦਲੇਰਾਨਾ ਵਿਸ਼ਲੇਸ਼ਣ ਵਿੱਚ ਡਾ. ਗੁਰਿੰਦਰ ਸਿੰਘ ਗਰੇਵਾਲ ਜਥੇਬੰਦਕ ਹਿੰਸਾ ਦੇ ਘਿਨਾਉਣੇ ਰੂਪ, ਪਵਿੱਤਰ ਗੁਰਦੁਆਰਿਆਂ 'ਤੇ ਯੋਜਨਾਬੱਧ ਹਮਲਿਆਂ ਅਤੇ ਦੋਸ਼ੀਆਂ ਨੂੰ ਬਚਾਉਣ ਲਈ ਤਾਣੀ ਗਈ ਸਿਆਸੀ ਢਾਲ ਦਾ ਪਰਦਾਫਾਸ਼ ਕਰਦੇ ਹਨ। ਸਰਕਾਰੀ ਮਿਲੀਭੁਗਤ ਦੇ ਅਕੱਟ ਸਬੂਤਾਂ ਤੋਂ ਲੈ ਕੇ 'ਆਪ੍ਰੇਸ਼ਨ ਸ਼ਾਂਤੀ' ਦੇ ਇਤਿਹਾਸਕ ਦਾਇਰੇ ਤੱਕ, ਇਹ ਦਸਤਾਵੇਜ਼ ਤੱਥਾਂ ਅਤੇ ਨਿਆਂ ਪ੍ਰਣਾਲੀ ਦੇ ਪਾਖੰਡ ਨੂੰ ਬੇਪਰਦ ਕਰਦਾ ਹੈ। ਇਹ ਲੇਖ ਸਿਰਫ਼ ਅਤੀਤ ਦੀ ਗੱਲ ਨਹੀਂ ਕਰਦਾ, ਸਗੋਂ ਸਮੇਂ ਦੀ ਹਿੱਕ 'ਤੇ ਇੱਕ ਤਿੱਖਾ ਸੁਆਲ ਖੜ੍ਹਾ ਕਰਦਾ ਹੈ ਕਿ ਸੱਚ ਨੂੰ ਸਵੀਕਾਰ ਕੀਤੇ ਬਿਨਾਂ ਅਤੇ ਜ਼ਾਲਮਾਂ ਦੀ ਜਵਾਬਦੇਹੀ ਤੈਅ ਕੀਤੇ ਬਿਨਾਂ ਕਿਸੇ ਵੀ ਲੋਕਤੰਤਰ ਦਾ ਕਾਨੂੰਨ ਦੇ ਰਾਜ ਦਾ ਦਾਅਵਾ ਕਰਨਾ ਸਿਰਫ਼ ਇੱਕ ਢਕੌਂਸਲਾ ਹੈ। — ਸਤਨਾਮ ਸਿੰਘ ਖ਼ਾਲਸਾ

ਡਾ. ਗੁਰਿੰਦਰ ਸਿੰਘ ਗਰੇਵਾਲ
MD, FACC
209-321-3771

1984 ਦੇ ਸਿੱਖ ਵਿਰੋਧੀ ਕਤਲੇਆਮ

42 ਸਾਲਾਂ ਬਾਅਦ ਵੀ ਕੋਈ ਇਨਸਾਫ਼ ਨਹੀਂ

ਜਥੇਬੰਦਕ ਹਿੰਸਾ, ਗੁਰਦੁਆਰਿਆਂ 'ਤੇ ਹਮਲੇ ਅਤੇ ਜਾਂਚਾਂ ਨੂੰ ਜਵਾਬਦੇਹੀ ਵਿੱਚ ਬਦਲਣ ਦੀ ਅਸਫ਼ਲਤਾ

ਨਵੰਬਰ 1984 ਦੇ ਸਿੱਖ ਵਿਰੋਧੀ ਕਤਲੇਆਮ ਦੀ ਬਤਾਲੀਵੀਂ ਵਰ੍ਹੇਗੰਢ ਨੇੜੇ ਆਉਣਾ ਇੱਕ ਬੁਨਿਆਦੀ ਸਵਾਲ ਖੜ੍ਹਾ ਕਰਦੀ ਹੈ: ਵਾਰ-ਵਾਰ ਹੋਈਆਂ ਜਾਂਚਾਂ ਮੁਕੰਮਲ ਜਵਾਬਦੇਹੀ ਤੈਅ ਕਰਨ ਵਿੱਚ ਅਸਫ਼ਲ ਕਿਉਂ ਰਹੀਆਂ? ਉਸ ਸਮੇਂ ਦੀਆਂ ਤੱਥ-ਖੋਜ ਰਿਪੋਰਟਾਂ ਨੇ ਸਿੱਖ ਨਾਗਰਿਕਾਂ, ਘਰਾਂ, ਕਾਰੋਬਾਰਾਂ ਅਤੇ ਗੁਰਦੁਆਰਿਆਂ 'ਤੇ ਜਥੇਬੰਦਕ ਹਮਲਿਆਂ ਦੇ ਨਾਲ-ਨਾਲ ਸਿਆਸੀ ਸ਼ਮੂਲੀਅਤ ਅਤੇ ਪੁਲਿਸ ਦੀ ਮਿਲੀਭੁਗਤ ਦੇ ਦੋਸ਼ਾਂ ਨੂੰ ਦਰਜ ਕੀਤਾ ਸੀ। ਲਗਾਤਾਰ ਬਣੇ ਕਮਿਸ਼ਨਾਂ ਅਤੇ ਕਮੇਟੀਆਂ ਨੇ ਸਬੂਤ ਅਤੇ ਸਿਫ਼ਾਰਸ਼ਾਂ ਪੇਸ਼ ਕੀਤੀਆਂ, ਪਰ ਉਹਨਾਂ 'ਤੇ ਅਮਲ ਅਕਸਰ ਦੇਰੀ ਨਾਲ, ਸੀਮਤ ਜਾਂ ਨਾਕਾਫ਼ੀ ਰਿਹਾ। ਬਾਅਦ ਵਿੱਚ ਹੋਈਆਂ ਸਜ਼ਾਵਾਂ ਮਹੱਤਵਪੂਰਨ ਪ੍ਰਾਪਤੀਆਂ ਜ਼ਰੂਰ ਹਨ ਪਰ ਇਹ ਇਨਸਾਫ਼ ਦੀਆਂ ਵਿਆਪਕ ਨਾਕਾਮੀਆਂ ਨੂੰ ਹੱਲ ਨਹੀਂ ਕਰਦੀਆਂ। ਇਹ ਲੇਖ ਹਿੰਸਾ, ਸਿੱਖ ਧਾਰਮਿਕ ਸੰਸਥਾਵਾਂ ਦੀ ਤਬਾਹੀ, ਅਧਿਕਾਰਤ ਜਾਂਚਾਂ ਦੇ ਇਤਿਹਾਸ ਅਤੇ ਲੰਬੇ ਸਮੇਂ ਤੋਂ ਚੱਲੀ ਆ ਰਹੀ ਬੇਖੌਫ਼ੀ (ਸਜ਼ਾ-ਮੁਕਤੀ) ਦੇ ਨਤੀਜਿਆਂ ਦੀ ਪੜਚੋਲ ਕਰਦਾ ਹੈ। ਇਹ 'ਆਪ੍ਰੇਸ਼ਨ ਸ਼ਾਂਤੀ' ਦੇ ਦੋਸ਼ਾਂ ਦਾ ਵੀ ਮੁਲਾਂਕਣ ਕਰਦਾ ਹੈ ਅਤੇ ਇਤਿਹਾਸਕ ਲਿਖਤਾਂ ਵਿੱਚ ਇਸਦੇ ਜ਼ਿਕਰ ਅਤੇ ਸੁਤੰਤਰ ਤੌਰ 'ਤੇ ਤਸਦੀਕਸ਼ੁਦਾ ਸਬੂਤਾਂ ਵਿਚਕਾਰ ਫ਼ਰਕ ਸਪੱਸ਼ਟ ਕਰਦਾ ਹੈ। ਇਹ ਲੇਖ ਦਲੀਲ ਦਿੰਦਾ ਹੈ ਕਿ ਇਨਸਾਫ਼ ਲਈ ਕਾਨੂੰਨੀ ਕਾਰਵਾਈਆਂ, ਸੰਸਥਾਗਤ ਜਵਾਬਦੇਹੀ, ਸਿਫ਼ਾਰਸ਼ਾਂ ਦਾ ਪਾਰਦਰਸ਼ੀ ਅਮਲ, ਮੁਆਵਜ਼ਾ ਅਤੇ ਇਤਿਹਾਸਕ ਯਾਦਾਂ ਦੀ ਸੰਭਾਲ ਜ਼ਰੂਰੀ ਹੈ।

ਮੁੱਖ ਸ਼ਬਦ (Keywords): ਸਿੱਖ; ਨਵੰਬਰ 1984; ਨਸਲਕੁਸ਼ੀ; ਕਤਲੇਆਮ (ਪੋਗ੍ਰੋਮ); ਗੁਰਦੁਆਰੇ; ਜਾਂਚ ਕਮਿਸ਼ਨ; ਸਜ਼ਾ-ਮੁਕਤੀ (impunity); ਆਪ੍ਰੇਸ਼ਨ ਸ਼ਾਂਤੀ।

ਨਵੰਬਰ 2026 ਵਿੱਚ, 31 ਅਕਤੂਬਰ 1984 ਨੂੰ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਤੋਂ ਬਾਅਦ ਹੋਏ ਸਿੱਖਾਂ ਦੇ ਕਤਲੇਆਮ ਨੂੰ ਬਤਾਲੀ ਸਾਲ ਪੂਰੇ ਹੋ ਜਾਣਗੇ। ਕਤਲ ਨੇ ਹਿੰਸਾ ਲਈ ਤਤਕਾਲੀ ਪਿਛੋਕੜ ਤਿਆਰ ਕੀਤਾ। ਪਰ ਇਸਨੇ ਸਿੱਖ ਨਾਗਰਿਕਾਂ 'ਤੇ ਹਮਲਿਆਂ ਨੂੰ ਜਾਇਜ਼ ਨਹੀਂ ਠਹਿਰਾਇਆ ਅਤੇ ਨਾ ਹੀ ਉਹਨਾਂ ਦੀ ਰੱਖਿਆ ਕਰਨ ਦੀ ਸਰਕਾਰ ਦੀ ਜ਼ਿੰਮੇਵਾਰੀ ਨੂੰ ਘਟਾਇਆ। ਮੁੱਖ ਮੁੱਦਾ ਸਿਰਫ਼ ਇਹ ਨਹੀਂ ਹੈ ਕਿ ਜਾਂਚਾਂ ਦੀ ਘਾਟ ਸੀ। ਬਹੁਤ ਸਾਰੀਆਂ ਜਾਂਚਾਂ ਹੋਈਆਂ। ਡੂੰਘੀ ਸਮੱਸਿਆ ਗ਼ਲਤ ਕੰਮਾਂ ਦੇ ਦਸਤਾਵੇਜ਼ੀਕਰਨ ਅਤੇ ਉਸਦੇ ਨਤੀਜੇ ਵਜੋਂ ਸਜ਼ਾਵਾਂ ਦੇਣ ਵਿਚਲੇ ਪਾੜੇ ਨਾਲ ਸੰਬੰਧਿਤ ਹੈ।

ਪੀਪਲਜ਼ ਯੂਨੀਅਨ ਫ਼ਾਰ ਡੈਮੋਕ੍ਰੇਟਿਕ ਰਾਈਟਸ (PUDR) ਅਤੇ ਪੀਪਲਜ਼ ਯੂਨੀਅਨ ਫ਼ਾਰ ਸਿਵਲ ਲਿਬਰਟੀਜ਼ (PUCL) ਦੁਆਰਾ ਸਾਂਝੇ ਤੌਰ 'ਤੇ ਤਿਆਰ ਕੀਤੀ ਗਈ ਉਸ ਸਮੇਂ ਦੀ ਰਿਪੋਰਟ 'ਹੂ ਆਰ ਦ ਗਿਲਟੀ?' (Who Are the Guilty?) ਨੇ ਇਸ ਸਪੱਸ਼ਟੀਕਰਨ ਨੂੰ ਰੱਦ ਕਰ ਦਿੱਤਾ ਕਿ ਇਹ ਹਿੰਸਾ ਸਿਰਫ਼ ਗ਼ਮ ਦਾ ਇੱਕ ਕੁਦਰਤੀ ਪ੍ਰਗਟਾਵਾ ਸੀ। ਇਸਦੇ ਜਾਂਚਕਰਤਾਵਾਂ ਨੇ ਤਾਲਮੇਲ ਨਾਲ ਕੀਤੇ ਗਏ ਹਮਲਿਆਂ ਦੀ ਪਛਾਣ ਕੀਤੀ ਅਤੇ ਕਾਂਗਰਸ (ਆਈ) ਦੇ ਸਿਆਸਤਦਾਨਾਂ ਅਤੇ ਪ੍ਰਸ਼ਾਸਨਿਕ ਅਧਿਕਾਰੀਆਂ ਦੀ ਸਰਗਰਮ ਅਤੇ ਜਾਣਬੁੱਝ ਕੇ ਕੀਤੀ ਗਈ ਅਣਗਹਿਲੀ ਵਾਲੀ ਸ਼ਮੂਲੀਅਤ ਦਾ ਦੋਸ਼ ਲਗਾਇਆ (PUDR & PUCL, 1984)।

ਇੱਕ ਇਤਿਹਾਸਕ ਤੌਰ 'ਤੇ ਸਹੀ ਮੁਲਾਂਕਣ ਵਿੱਚ ਬਾਅਦ ਵਿੱਚ ਹੋਈਆਂ ਸਜ਼ਾਵਾਂ ਨੂੰ ਸਵੀਕਾਰ ਕਰਨਾ ਲਾਜ਼ਮੀ ਹੈ। ਫਿਰ ਵੀ, ਦਹਾਕਿਆਂ ਬਾਅਦ ਮਿਲੀਆਂ ਸੀਮਤ ਸਜ਼ਾਵਾਂ ਨੂੰ ਇੱਕ ਵੱਡੇ ਵਹਿਸ਼ੀਆਨਾ ਕਾਰੇ ਦੇ ਵਿਆਪਕ ਇਨਸਾਫ਼ ਦੇ ਬਰਾਬਰ ਨਹੀਂ ਮੰਨਿਆ ਜਾ ਸਕਦਾ।

2. ਜਥੇਬੰਦਕ ਹਿੰਸਾ ਅਤੇ ਸਿੱਖ ਪਛਾਣ ਨੂੰ ਨਿਸ਼ਾਨਾ ਬਣਾਉਣਾ (Organized Violence and the Targeting of Sikh Identity)

PUDR-PUCL ਦੀ ਜਾਂਚ ਨੇ ਦਿੱਲੀ ਦੇ ਵੱਖ-ਵੱਖ ਇਲਾਕਿਆਂ ਵਿੱਚ ਇੱਕੋ ਜਿਹੇ ਦੁਹਰਾਏ ਗਏ ਤਰੀਕਿਆਂ ਦਾ ਵਰਣਨ ਕੀਤਾ: ਹਮਲਾਵਰਾਂ ਨੂੰ ਲਾਮਬੰਦ ਕਰਨਾ, ਸਿੱਖ ਜਾਇਦਾਦਾਂ ਦੀ ਪਛਾਣ ਕਰਨਾ, ਅਗਨ ਕਾਂਡ, ਕਤਲ, ਅਤੇ ਪੁਲਿਸ ਸੁਰੱਖਿਆ ਦੀਆਂ ਨਾਕਾਮੀਆਂ। ਇਸਦੇ ਨਤੀਜਿਆਂ ਨੇ ਘਟਨਾਵਾਂ ਨੂੰ ਭਾਈਚਾਰਿਆਂ ਵਿਚਕਾਰ ਬੇਕਾਬੂ ਟਕਰਾਅ ਵਜੋਂ ਪੇਸ਼ ਕਰਨ ਦੇ ਦਾਅਵੇ ਨੂੰ ਚੁਣੌਤੀ ਦਿੱਤੀ (PUDR & PUCL, 1984)।

ਰਿਪੋਰਟ ਵਿੱਚ ਗ਼ੈਰ-ਸਿੱਖ ਗੁਆਂਢੀਆਂ ਦੁਆਰਾ ਦਿੱਤੀ ਗਈ ਮਦਦ ਨੂੰ ਵੀ ਦਰਜ ਕੀਤਾ ਗਿਆ। ਇਹ ਸਬੂਤ ਮਹੱਤਵਪੂਰਨ ਹੈ ਕਿਉਂਕਿ ਜ਼ਿੰਮੇਵਾਰੀ ਕਿਸੇ ਸਮੁੱਚੀ ਧਾਰਮਿਕ ਆਬਾਦੀ ਦੀ ਬਜਾਏ ਹਮਲਾਵਰਾਂ, ਪ੍ਰਬੰਧਕਾਂ ਅਤੇ ਸਹਿਯੋਗ ਦੇਣ ਵਾਲੀਆਂ ਸੰਸਥਾਵਾਂ 'ਤੇ ਤੈਅ ਕੀਤੀ ਜਾਣੀ ਚਾਹੀਦੀ ਹੈ। ਸਮੂਹਿਕ ਦੋਸ਼ ਮੜ੍ਹਨਾ ਉਸੇ ਸਿਧਾਂਤ ਨੂੰ ਦੁਹਰਾਏਗਾ ਜਿਸ ਤਹਿਤ ਬੇਕਸੂਰ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ ਸੀ।

ਇਨਸਾਫ਼ (Ensaaf) ਦੀ 'ਟਵੰਟੀ ਯੀਅਰਜ਼ ਆਫ਼ ਇੰਪਿਊਨਿਟੀ' (Twenty Years of Impunity) ਨੇ ਬਾਅਦ ਵਿੱਚ ਸਿਆਸੀ ਸ਼ਮੂਲੀਅਤ, ਪੁਲਿਸ ਦੇ ਵਤੀਰੇ ਅਤੇ ਜਵਾਬਦੇਹੀ ਦੀਆਂ ਅਸਫ਼ਲਤਾਵਾਂ ਵਿਚਕਾਰਲੇ ਸਬੰਧਾਂ ਦੀ ਜਾਂਚ ਕੀਤੀ। ਇਸਦੇ ਵਿਸ਼ਲੇਸ਼ਣ ਨੇ ਕਤਲੇਆਮ ਅਤੇ ਇਸਦੇ ਬਾਅਦ ਦੇ ਸਿੱਟਿਆਂ ਨੂੰ ਆਪਸ ਵਿੱਚ ਜੁੜੀਆਂ ਸਮੱਸਿਆਵਾਂ ਵਜੋਂ ਪੇਸ਼ ਕੀਤਾ: ਘੱਟਗਿਣਤੀ ਆਬਾਦੀ ਵਿਰੁੱਧ ਹਿੰਸਾ ਅਤੇ ਉਸ ਤੋਂ ਬਾਅਦ ਦੋਸ਼ੀਆਂ ਨੂੰ ਸੰਸਥਾਗਤ ਸੁਰੱਖਿਆ ਪ੍ਰਦਾਨ ਕਰਨਾ (Kaur, 2006)।

3. ਗੁਰਦੁਆਰਿਆਂ 'ਤੇ ਹਮਲੇ ਅਤੇ ਨਾਗਰਿਕਾਂ ਨੂੰ ਜਿਉਂਦੇ ਸਾੜਨਾ (Attacks on Gurdwaras and the Burning Alive of Civilians)

ਇਹ ਹਿੰਸਾ ਸਿੱਖ ਧਾਰਮਿਕ ਸੰਸਥਾਵਾਂ ਤੱਕ ਫੈਲ ਗਈ। ਗੁਰਦੁਆਰੇ 'ਤੇ ਹਮਲਾ ਕਰਨ ਨਾਲ ਸ਼ਰਧਾਲੂਆਂ ਅਤੇ ਪਨਾਹ ਲੈਣ ਵਾਲਿਆਂ ਦੀ ਜਾਨ ਖ਼ਤਰੇ ਵਿੱਚ ਪੈ ਗਈ ਅਤੇ ਨਾਲ ਹੀ ਭਾਈਚਾਰੇ ਦੇ ਧਾਰਮਿਕ ਅਤੇ ਸਮਾਜਿਕ ਜੀਵਨ 'ਤੇ ਵੀ ਸੱਟ ਵੱਜੀ।

ਗੁਰਦੁਆਰਾ ਰਕਾਬ ਗੰਜ: ਨਾਨਾਵਤੀ ਕਮਿਸ਼ਨ ਨੇ 1 ਨਵੰਬਰ 1984 ਨੂੰ ਗੁਰਦੁਆਰਾ ਰਕਾਬ ਗੰਜ 'ਤੇ ਹੋਏ ਲਗਾਤਾਰ ਹਮਲਿਆਂ ਬਾਰੇ ਗਵਾਹੀਆਂ ਦਰਜ ਕੀਤੀਆਂ। ਪੱਤਰਕਾਰ ਮੋਨੀਸ਼ ਸੈਜੇ ਸੂਰੀ ਨੇ ਇਮਾਰਤ ਦੇ ਬਾਹਰ ਦੋ ਸਿੱਖਾਂ ਦੀਆਂ ਲਾਸ਼ਾਂ ਦੇਖਣ ਦੀ ਰਿਪੋਰਟ ਦਿੱਤੀ। ਹੋਰ ਗਵਾਹੀਆਂ ਵਿੱਚ ਅੱਗਜ਼ਨੀ ਅਤੇ ਪੁਲਿਸ ਸੁਰੱਖਿਆ ਦੀਆਂ ਨਾਕਾਮੀਆਂ ਦਾ ਵਰਣਨ ਕੀਤਾ ਗਿਆ। ਰਿਪੋਰਟ ਵਿੱਚ ਖ਼ਾਸ ਅਧਿਕਾਰੀਆਂ ਅਤੇ ਸਿਆਸੀ ਹਸਤੀਆਂ ਦੇ ਆਪਸ ਵਿਰੋਧੀ ਬਿਆਨ ਸ਼ਾਮਲ ਸਨ, ਜਿਨ੍ਹਾਂ ਵਿੱਚ ਗਵਾਹਾਂ ਦੇ ਦੋਸ਼ਾਂ ਅਤੇ ਅਪਰਾਧਿਕ ਨਤੀਜਿਆਂ ਵਿਚਕਾਰ ਸਾਵਧਾਨੀਪੂਰਵਕ ਫ਼ਰਕ ਕਰਨ ਦੀ ਲੋੜ ਹੈ (ਨਾਨਾਵਤੀ ਕਮਿਸ਼ਨ, 2005, ਗੁਰਦੁਆਰਾ ਰਕਾਬ ਗੰਜ ਬਾਰੇ ਵਿਚਾਰ-ਵਟਾਂਦਰਾ)।

ਗੁਰਦੁਆਰਾ ਸਿੰਘ ਸਭਾ, ਪੁਲ ਬੰਗਸ਼: ਕਮਿਸ਼ਨ ਨੇ ਗਵਾਹੀ ਦਰਜ ਕੀਤੀ ਕਿ ਇੱਕ ਭੀੜ ਨੇ ਪੈਟਰੋਲ ਬੰਬਾਂ ਅਤੇ ਮਿੱਟੀ ਦੇ ਤੇਲ ਨਾਲ ਗੁਰਦੁਆਰੇ 'ਤੇ ਹਮਲਾ ਕੀਤਾ। ਇੱਕ ਗਵਾਹ ਨੇ ਦੱਸਿਆ ਕਿ ਇੱਕ ਸਿੱਖ ਵਿਅਕਤੀ ਦੀ ਕੁੱਟਮਾਰ ਕੀਤੀ ਗਈ ਅਤੇ ਗਲ ਵਿੱਚ ਟਰੱਕ ਦੇ ਟਾਇਰ ਪਾ ਕੇ ਉਸਨੂੰ ਜਿਉਂਦਾ ਸਾੜ ਦਿੱਤਾ ਗਿਆ। ਬਿਆਨ ਵਿੱਚ ਬਾਅਦ ਵਿੱਚ ਦੋ ਜ਼ਖ਼ਮੀ ਸਿੱਖਾਂ ਨੂੰ ਅੱਗ ਵਿੱਚ ਸੁੱਟੇ ਜਾਣ ਦਾ ਵੀ ਵਰਣਨ ਕੀਤਾ ਗਿਆ। ਇਹ ਵੇਰਵੇ ਇੱਕ ਅਧਿਕਾਰਤ ਜਾਂਚ ਵਿੱਚ ਦਰਜ ਗਵਾਹੀਆਂ ਹਨ; ਇਹਨਾਂ ਨੂੰ ਬਿਆਨ ਕਰਦੇ ਸਮੇਂ ਇਸ ਸਥਿਤੀ ਨੂੰ ਸਪੱਸ਼ਟ ਰੱਖਿਆ ਜਾਣਾ ਚਾਹੀਦਾ ਹੈ (ਨਾਨਾਵਤੀ ਕਮਿਸ਼ਨ, 2005, ਸੈਕਸ਼ਨ 'ਪੁਲਿਸ ਸਟੇਸ਼ਨ: ਬਾੜਾ ਹਿੰਦੂ ਰਾਓ')।

ਤ੍ਰਿਲੋਕਪੁਰੀ: ਮਿਸ਼ਰਾ ਕਮਿਸ਼ਨ ਨੂੰ ਸੌਂਪੀ ਗਈ ਗਵਾਹੀ ਨੂੰ ਦੁਬਾਰਾ ਪੇਸ਼ ਕਰਨ ਵਾਲਾ ਇੱਕ ਪੁਰਾਲੇਖ ਖਾਤਾ ਇੰਦਰ ਸਿੰਘ ਦੁਆਰਾ ਆਪਣੇ ਚਾਚਾ ਅਤੇ ਗ੍ਰੰਥੀ ਦਰਸ਼ਨ ਸਿੰਘ ਨੂੰ ਇੱਕ ਸੜੇ ਹੋਏ ਗੁਰਦੁਆਰੇ ਦੇ ਬਾਹਰ ਮ੍ਰਿਤਕ ਪਾਏ ਜਾਣ ਦਾ ਵਰਣਨ ਕਰਦਾ ਹੈ, ਜਿਨ੍ਹਾਂ ਦੇ ਸਰੀਰਾਂ 'ਤੇ ਸੜੇ ਹੋਏ ਸਿੱਖ ਧਰਮ ਗ੍ਰੰਥ (ਸਰੂਪ) ਸਨ। ਇਹ ਵੇਰਵਾ ਕਤਲਾਂ ਨੂੰ ਧਾਰਮਿਕ ਸੰਸਥਾਵਾਂ ਦੀ ਤਬਾਹੀ ਅਤੇ ਬੇਅਦਬੀ ਨਾਲ ਜੋੜਦਾ ਹੈ (1984 ਸਿੱਖ ਆਰਕਾਈਵ, ਬਿਨਾਂ ਮਿਤੀ)।

ਪੀੜਤਾਂ ਨੂੰ ਸਾੜਨ ਲਈ ਟਾਇਰਾਂ ਦੀ ਵਰਤੋਂ ਦਾ ਵਰਣਨ ਸਾਇੰਸਜ਼ ਪੋ (Sciences Po) ਦੇ ਮਾਸ ਵਾਇਲੈਂਸ ਐਂਡ ਰੈਜ਼ੀਸਟੈਂਸ ਰਿਸਰਚ ਨੈੱਟਵਰਕ ਦੁਆਰਾ ਪ੍ਰਕਾਸ਼ਿਤ ਇਤਿਹਾਸਕ ਖਾਤੇ ਵਿੱਚ ਵੀ ਕੀਤਾ ਗਿਆ ਹੈ। ਇਹ ਬਿਆਨ ਜਨਤਕ ਅਸ਼ਾਂਤੀ ਕਾਰਨ ਹੋਈਆਂ ਅਚਾਨਕ ਮੌਤਾਂ ਦੀ ਬਜਾਏ ਕਤਲ ਅਤੇ ਦਹਿਸ਼ਤ ਦੇ ਯੋਜਨਾਬੱਧ ਤਰੀਕਿਆਂ ਨੂੰ ਦਸਤਾਵੇਜ਼ੀ ਰੂਪ ਦਿੰਦੇ ਹਨ (Sciences Po, 2009)।

ਕੁੱਲ ਮਿਲਾ ਕੇ, ਨਾਗਰਿਕਾਂ, ਗੁਰਦੁਆਰਿਆਂ ਅਤੇ ਪਵਿੱਤਰ ਗ੍ਰੰਥਾਂ 'ਤੇ ਹਮਲੇ ਧਾਰਮਿਕ ਅਤਿਆਚਾਰ ਦੇ ਵਿਸ਼ਲੇਸ਼ਣ ਦਾ ਸਮਰਥਨ ਕਰਦੇ ਹਨ। ਨਸਲਕੁਸ਼ੀ ਨਾਲ ਉਹਨਾਂ ਦੀ ਪ੍ਰਸੰਗਿਕਤਾ ਦਾ ਮੁਲਾਂਕਣ ਦੋਸ਼ੀਆਂ ਦੇ ਖ਼ਾਸ ਇਰਾਦੇ ਦੇ ਸਬੂਤਾਂ ਦੇ ਨਾਲ ਕੀਤਾ ਜਾਣਾ ਚਾਹੀਦਾ ਹੈ।

4. ਵਾਰ-ਵਾਰ ਜਾਂਚਾਂ ਅਤੇ ਨਾਕਾਫ਼ੀ ਅਮਲ (Repeated Inquiries and Inadequate Implementation)

ਜਾਂਚਾਂ ਦੀ ਗਿਣਤੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਕੀ ਕਮਿਸ਼ਨਾਂ, ਕਮੇਟੀਆਂ, ਨਿਗਰਾਨ ਪੈਨਲਾਂ ਅਤੇ ਵਿਸ਼ੇਸ਼ ਜਾਂਚ ਟੀਮਾਂ (SITs) ਨੂੰ ਵੱਖਰੇ ਤੌਰ 'ਤੇ ਗਿਣਿਆ ਜਾਂਦਾ ਹੈ ਜਾਂ ਨਹੀਂ। ਹਿਊਮਨ ਰਾਈਟਸ ਵਾਚ ਨੇ 2014 ਵਿੱਚ ਸਰਕਾਰ ਦੁਆਰਾ ਨਿਯੁਕਤ ਦਸ ਸੰਸਥਾਵਾਂ ਦਾ ਜ਼ਿਕਰ ਕੀਤਾ ਸੀ;

ਚੁਣੀਆਂ ਗਈਆਂ ਜਾਂਚਾਂ ਲੰਬੀ ਚੱਲੀ ਪ੍ਰਕਿਰਿਆ ਨੂੰ ਦਰਸਾਉਂਦੀਆਂ ਹਨ:

ਜਾਂਚ ਸੰਸਥਾ/ਸਾਲ	ਉਦੇਸ਼	ਨਤੀਜਾ
ਮਰਵਾਹ ਜਾਂਚ, 1984	ਪੁਲਿਸ ਦੇ ਵਤੀਰੇ ਦੀ ਜਾਂਚ ਕਰਨਾ	ਇਸਦਾ ਕੰਮ ਅੰਤਿਮ ਰਿਪੋਰਟ ਮੁਕੰਮਲ ਕਰਨ ਅਤੇ ਜਮ੍ਹਾ ਕਰਨ ਤੋਂ ਪਹਿਲਾਂ ਹੀ ਰੋਕ ਦਿੱਤਾ ਗਿਆ ਸੀ।
ਰੰਗਨਾਥ ਮਿਸ਼ਰਾ ਕਮਿਸ਼ਨ, 1985	ਹਿੰਸਾ ਦੀ ਜਾਂਚ ਕਰਨਾ ਅਤੇ ਰੋਕਥਾਮ ਉਪਾਵਾਂ ਦੀ ਸਿਫ਼ਾਰਸ਼ ਕਰਨਾ	ਇਸਦੀ ਰਿਪੋਰਟ ਮੁਕੰਮਲ ਅਪਰਾਧਿਕ ਜਵਾਬਦੇਹੀ ਦੀ ਬਜਾਏ ਹੋਰ ਕਮੇਟੀਆਂ ਬਣਾਉਣ ਵੱਲ ਲੈ ਗਈ।
ਆਹੂਜਾ ਕਮੇਟੀ, 1987	ਦਿੱਲੀ ਵਿੱਚ ਮਰਨ ਵਾਲਿਆ

ਐਮਨੈਸਟੀ ਇੰਟਰਨੈਸ਼ਨਲ ਨੇ 2017 ਤੱਕ ਘੱਟੋ-ਘੱਟ ਬਾਰਾਂ ਕਮਿਸ਼ਨਾਂ ਅਤੇ ਕਮੇਟੀਆਂ ਦੀ ਰਿਪੋਰਟ ਦਿੱਤੀ। ਇਹ ਅੰਕੜੇ ਇੱਕ ਨਿਸ਼ਚਿਤ ਗਿਣਤੀ ਦੀ ਬਜਾਏ ਵੱਖ-ਵੱਖ ਸਮਿਆਂ 'ਤੇ ਵੱਖ-ਵੱਖ ਮੁਲਾਂਕਣਾਂ ਨੂੰ ਦਰਸਾਉਂਦੇ ਹਨ (Human Rights Watch, 2014; Amnesty International India, 2017)।

ਇਹਨਾਂ ਸਾਰੀਆਂ ਸੰਸਥਾਵਾਂ ਕੋਲ ਇੱਕੋ ਜਿਹੀਆਂ ਸ਼ਕਤੀਆਂ ਨਹੀਂ ਸਨ। ਮੌਤਾਂ ਦੀ ਗਿਣਤੀ ਸਥਾਪਿਤ ਕਰਨਾ, ਅਨੁਸ਼ਾਸਨੀ ਕਾਰਵਾਈ ਦੀ ਸਿਫ਼ਾਰਸ਼ ਕਰਨਾ, ਅਪਰਾਧਾਂ ਦੀ ਜਾਂਚ ਕਰਨਾ ਅਤੇ ਦੋਸ਼ ਨਿਰਧਾਰਿਤ ਕਰਨਾ ਵੱਖੋ-ਵੱਖਰੇ ਕਾਰਜ ਹਨ। ਕਿਸੇ ਕਮਿਸ਼ਨ ਦੇ ਨਤੀਜੇ ਆਪਣੇ ਆਪ ਵਿੱਚ ਕੋਈ ਅਪਰਾਧਿਕ ਸਜ਼ਾ ਨਹੀਂ ਬਣਦੇ। ਫਿਰ ਵੀ, ਜਾਂਚਾਂ ਦਾ ਲਗਾਤਾਰ ਵਧਣਾ ਇੱਕ ਗੰਭੀਰ ਸੰਸਥਾਗਤ ਸਵਾਲ ਖੜ੍ਹਾ ਕਰਦਾ ਹੈ: ਸਬੂਤ ਅਤੇ ਸਿਫ਼ਾਰਸ਼ਾਂ ਸਮੇਂ ਸਿਰ, ਪ੍ਰਭਾਵਸ਼ਾਲੀ ਕਾਰਵਾਈ ਦੀ ਬਜਾਏ ਅਕਸਰ ਕਿਸੇ ਹੋਰ ਸਮੀਖਿਆ ਵੱਲ ਹੀ ਕਿਉਂ ਲੈ ਗਏ ?

5. ਸਿਫ਼ਾਰਸ਼ਾਂ ਜਵਾਬਦੇਹੀ ਬਣਨ ਵਿੱਚ ਕਿਵੇਂ ਅਸਫ਼ਲ ਰਹੀਆਂ (How Recommendations Failed to Become Accountability)

ਨਾਨਾਵਤੀ ਰਿਪੋਰਟ ਪ੍ਰਤੀ ਸਰਕਾਰ ਦਾ ਸ਼ੁਰੂਆਤੀ ਹੁੰਗਾਰਾ ਇਸ ਸਮੱਸਿਆ ਨੂੰ ਦਰਸਾਉਂਦਾ ਹੈ। ਪ੍ਰਕਾਸ਼ਿਤ 'ਐਕਸ਼ਨ ਟੇਕਨ ਰਿਪੋਰਟ' (Action Taken Report) ਵਿੱਚ ਕਈ ਪੁਲਿਸ ਅਧਿਕਾਰੀਆਂ ਸੰਬੰਧੀ ਸਿਫ਼ਾਰਸ਼ਾਂ ਦਾ ਜਵਾਬ ਦਿੰਦੇ ਹੋਏ ਸੇਵਾਮੁਕਤੀ ਅਤੇ ਸੰਬੰਧਿਤ ਕਾਨੂੰਨੀ ਮੁਸ਼ਕਲਾਂ ਦਾ ਹਵਾਲਾ ਦਿੱਤਾ ਗਿਆ। ਦੂਜੇ ਮਾਮਲਿਆਂ ਵਿੱਚ, ਇਸਨੇ ਹੋਰ ਸਲਾਹ-ਮਸ਼ਵਰੇ ਦਾ ਪ੍ਰਸਤਾਵ ਰੱਖਿਆ ਜਾਂ ਸਿਆਸੀ ਹਸਤੀਆਂ ਵਿਰੁੱਧ ਵਾਧੂ ਕਾਰਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਇਸਨੇ ਪੁਲਿਸ ਦੀ ਸੁਤੰਤਰਤਾ ਅਤੇ ਫ਼ ?ਰਕੂ ਹਿੰਸਾ ਪ੍ਰਤੀ ਵਧੇਰੇ ਪ੍ਰਭਾਵਸ਼ਾਲੀ ਹੁੰਗਾਰੇ ਲਈ ਆਮ ਸਿਫ਼ਾਰਸ਼ਾਂ ਨੂੰ ਵੀ ਸਵੀਕਾਰ ਕੀਤਾ (Government of India, 2005, as reproduced in Outlook)।

ਕੌਰ ਦੇ ਵਿਸ਼ਲੇਸ਼ਣ ਨੇ ਸਰਕਾਰ ਦੀ ਇਸ ਗੱਲੋਂ ਆਲੋਚਨਾ ਕੀਤੀ ਕਿ ਉਸਨੇ ਸੰਭਾਵੀ ਅਪਰਾਧਿਕ ਜ਼ਿੰਮੇਵਾਰੀ ਦੀ ਸਹੀ ਢੰਗ ਨਾਲ ਪੈਰਵੀ ਕਰਨ ਵਿੱਚ ਅਸਫ਼ਲ ਰਹਿੰਦਿਆਂ ਵਿਭਾਗੀ ਕਾਰਵਾਈਆਂ 'ਤੇ ਪਾਬੰਦੀਆਂ 'ਤੇ ਜ਼ੋਰ ਦਿੱਤਾ। ਇਹ ਅੰਤਰ ਲਾਜ਼ਮੀ ਹੈ: ਪ੍ਰਸ਼ਾਸਨਿਕ ਅਨੁਸ਼ਾਸਨ ਅਤੇ ਅਪਰਾਧਿਕ ਅਪਰਾਧਾਂ ਲਈ ਮੁਕੱਦਮਾ ਚਲਾਉਣਾ ਵੱਖੋ-ਵੱਖਰੇ ਤਰੀਕੇ ਹਨ (Kaur, 2006, pp. 135–136)।

ਲੇਖ ਦੀ ਸੰਸਥਾਗਤ ਦਲੀਲ ਇਹ ਹੈ ਕਿ ਦੇਰੀ ਆਪਣੇ ਆਪ ਨੂੰ ਹੋਰ ਵਧਾਉਣ ਵਾਲੀ ਬਣ ਸਕਦੀ ਹੈ:

ਨਾਕਾਫ਼ੀ ਸ਼ੁਰੂਆਤੀ ਜਾਂਚ ਸਬੂਤਾਂ ਦੇ ਰਿਕਾਰਡ ਨੂੰ ਕਮਜ਼ੋਰ ਕਰਦੀ ਹੈ।

ਬਾਅਦ ਦੀਆਂ ਜਾਂਚਾਂ ਨਾਕਾਮੀਆਂ ਦੀ ਪਛਾਣ ਤਾਂ ਕਰਦੀਆਂ ਹਨ ਪਰ ਅਗਲੇਰੀ ਸਰਕਾਰੀ ਕਾਰਵਾਈ ਦੀ ਮੰਗ ਕਰਦੀਆਂ ਹਨ।

ਅਮਲ ਵਿੱਚ ਦੇਰੀ ਹੋਣ ਨਾਲ ਗਵਾਹ ਬਜ਼ੁਰਗ ਹੋ ਜਾਂਦੇ ਹਨ ਅਤੇ ਸਬੂਤ ਖ਼ਤਮ ਜਾਂ ਖ਼ਰਾਬ ਹੋ ਜਾਂਦੇ ਹਨ।

ਬਾਅਦ ਦੀਆਂ ਕਾਰਵਾਈਆਂ ਨੂੰ ਅਜਿਹੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ ਜੋ ਅੰਸ਼ਕ ਤੌਰ 'ਤੇ ਪਹਿਲੀਆਂ ਅਸਫ਼ਲਤਾਵਾਂ ਦੁਆਰਾ ਪੈਦਾ ਕੀਤੀਆਂ ਗਈਆਂ ਸਨ।

ਇਹ ਦਸਤਾਵੇਜ਼ੀ ਇਤਿਹਾਸ ਦੀ ਇੱਕ ਵਿਸ਼ਲੇਸ਼ਣਾਤਮਕ ਵਿਆਖਿਆ ਹੈ। ਇਸਦਾ ਮਤਲਬ ਇਹ ਨਹੀਂ ਹੈ ਕਿ ਹਰ ਸਿਫ਼ਾਰਸ਼ ਨੂੰ ਨਜ਼ਰਅੰਦਾਜ਼ ਕੀਤਾ ਗਿਆ ਸੀ ਜਾਂ ਕੋਈ ਅਧਿਕਾਰਤ ਕਾਰਵਾਈ ਨਹੀਂ ਹੋਈ ਸੀ। ਸਗੋਂ, ਮੁਕੰਮਲ ਜਵਾਬਦੇਹੀ ਸੁਰੱਖਿਅਤ ਕਰਨ ਲਈ ਅਮਲ ਨਾਕਾਫ਼ੀ ਸੀ।

ਐਮਨੈਸਟੀ ਇੰਟਰਨੈਸ਼ਨਲ ਦਾ 2017 ਦਾ ਮੁਲਾਂਕਣ ਇੱਕ ਠੋਸ ਉਦਾਹਰਣ ਪ੍ਰਦਾਨ ਕਰਦਾ ਹੈ। ਇਸਨੇ ਦੱਸਿਆ ਕਿ 2015 ਦੀ SIT ਨੇ 241 ਕੇਸ ਬੰਦ ਕਰ ਦਿੱਤੇ ਸਨ ਅਤੇ ਬਾਰਾਂ ਵਿੱਚ ਦੋਸ਼ ਆਇਦ ਕੀਤੇ ਸਨ, ਅਤੇ ਪ੍ਰਭਾਵਸ਼ਾਲੀ ਜਾਂਚਾਂ, ਗਵਾਹਾਂ ਦੀ ਸੁਰੱਖਿਆ, ਮੁਆਵਜ਼ੇ ਅਤੇ ਪੁਲਿਸ ਸੁਧਾਰਾਂ ਦੀ ਮੰਗ ਕੀਤੀ ਸੀ (Amnesty International India, 2017)।

6. ਬਾਅਦ ਦੀਆਂ ਸਜ਼ਾਵਾਂ ਅਤੇ ਇਨਸਾਫ਼ ਦਾ ਲਗਾਤਾਰ ਘਾਟਾ (Later Convictions and the Continuing Justice Deficit)

17 ਦਸੰਬਰ 2018 ਨੂੰ, ਦਿੱਲੀ ਹਾਈ ਕੋਰਟ ਨੇ ਪੰਜ ਕਤਲਾਂ ਅਤੇ ਇੱਕ ਗੁਰਦੁਆਰੇ ਨੂੰ ਸਾੜਨ ਦੇ ਇੱਕ ਮਾਮਲੇ ਵਿੱਚ ਸੱਜਣ ਕੁਮਾਰ ਨੂੰ ਦੋਸ਼ੀ ਠਹਿਰਾਇਆ। ਫ਼ੈਸਲੇ ਨੇ ਨਵੰਬਰ 1984 ਦੇ ਵਿਆਪਕ ਕਤਲੇਆਮ ਨੂੰ 'ਮਨੁੱਖਤਾ ਵਿਰੁੱਧ ਅਪਰਾਧ' ਕਰਾਰ ਦਿੱਤਾ। ਇਸਨੇ ਸਿਆਸੀ ਸਰਪ੍ਰਸਤੀ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਨਾਕਾਮੀਆਂ ਕਾਰਨ ਖੜ੍ਹੀਆਂ ਹੋਈਆਂ ਰੁਕਾਵਟਾਂ ਦੀ ਜਾਂਚ ਕੀਤੀ (State through CBI v. Sajjan Kumar & Others, 2018)।

ਕੁਮਾਰ ਨੂੰ ਫ਼ਰਵਰੀ 2025 ਵਿੱਚ ਇੱਕ ਹੋਰ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਉਸਨੂੰ ਜਨਵਰੀ 2026 ਵਿੱਚ ਇੱਕ ਵੱਖਰੇ ਕੇਸ ਵਿੱਚ ਬਰੀ ਕਰ ਦਿੱਤਾ ਗਿਆ ਸੀ ਅਤੇ ਅਗਸਤ 2026 ਵਿੱਚ ਉਸਦੀ ਮੌਤ ਹੋ ਗਈ ਸੀ। ਇਹਨਾਂ ਵੱਖੋ-ਵੱਖਰੇ ਨਤੀਜਿਆਂ ਨੂੰ ਵੱਖਰੇ ਤੌਰ 'ਤੇ ਰਿਪੋਰਟ ਕੀਤਾ ਜਾਣਾ ਚਾਹੀਦਾ ਹੈ; ਇੱਕ ਕੇਸ ਵਿੱਚ ਬਰੀ ਹੋਣਾ ਜਾਂ ਦੋਸ਼ੀ ਠਹਿਰਾਇਆ ਜਾਣਾ ਹਰ ਦੂਜੇ ਦੋਸ਼ ਨੂੰ ਨਿਰਧਾਰਿਤ ਨਹੀਂ ਕਰਦਾ (The Indian Express, 2025, 2026; The Times of India, 2026)।

ਇਹ ਸਜ਼ਾਵਾਂ ਅਰਥਪੂਰਨ ਪ੍ਰਾਪਤੀਆਂ ਸਨ। ਉਹ ਸੰਘਰਸ਼ ਦੇ ਅਸਾਧਾਰਨ ਲੰਬੇ ਸਮੇਂ ਨੂੰ ਵੀ ਪ੍ਰਗਟ ਕਰਦੀਆਂ ਹਨ। ਚੌਂਤੀ ਜਾਂ ਚਾਲੀ ਸਾਲਾਂ ਬਾਅਦ ਮਿਲਿਆ ਇਨਸਾਫ਼ ਉਹਨਾਂ ਦਹਾਕਿਆਂ ਨੂੰ ਵਾਪਸ ਨਹੀਂ ਲਿਆ ਸਕਦਾ ਜੋ ਪੀੜਤਾਂ ਨੇ ਮਾਨਤਾ ਅਤੇ ਨਿਆਂ ਦੀ ਭਾਲ ਵਿੱਚ ਬਿਤਾਏ ਸਨ।

7. ਨਸਲਕੁਸ਼ੀ ਅਤੇ ਸਬੂਤਾਂ ਦਾ ਮਿਆਰ (Genocide and the Evidentiary Standard)

ਨਸਲਕੁਸ਼ੀ ਕਨਵੈਨਸ਼ਨ ਦੀ ਧਾਰਾ 99 ਦੇ ਤਹਿਤ, ਨਸਲਕੁਸ਼ੀ ਲਈ ਕਿਸੇ ਸੁਰੱਖਿਅਤ ਸਮੂਹ ਨੂੰ ਪੂਰੀ ਤਰ੍ਹਾਂ ਜਾਂ ਅੰਸ਼ਕ ਤੌਰ 'ਤੇ ਨਸ਼ਟ ਕਰਨ ਦੇ ਇਰਾਦੇ ਨਾਲ ਕੀਤੇ ਗਏ ਖ਼ਾਸ ਕੰਮਾਂ ਦੀ ਲੋੜ ਹੁੰਦੀ ਹੈ। ਉਸ ਢਾਂਚੇ ਦੇ ਅੰਦਰ ਸਿੱਖ ਇੱਕ ਧਾਰਮਿਕ ਸਮੂਹ ਹਨ, ਪਰ ਨਸਲਕੁਸ਼ੀ ਸਥਾਪਿਤ ਕਰਨ ਲਈ ਮਨਾਹੀ ਵਾਲੇ ਕੰਮਾਂ ਦੇ ਨਾਲ-ਨਾਲ ਜ਼ਰੂਰੀ ਵਿਨਾਸ਼ਕਾਰੀ ਇਰਾਦੇ ਦੇ ਸਬੂਤਾਂ ਦੀ ਲੋੜ ਹੁੰਦੀ ਹੈ (United Nations, 1948)।

ਸਿੱਖ ਨਾਗਰਿਕਾਂ ਅਤੇ ਧਾਰਮਿਕ ਸੰਸਥਾਵਾਂ ਨੂੰ ਨਿਸ਼ਾਨਾ ਬਣਾਉਣਾ ਇਸ ਮਿਆਰ ਦੇ ਤਹਿਤ ਗੰਭੀਰ ਜਾਂਚ ਦੀ ਮੰਗ ਕਰਦਾ ਹੈ। ਨਸਲਕੁਸ਼ੀ ਦੇ ਇਤਿਹਾਸਕ ਅਤੇ ਮਨੁੱਖੀ ਅਧਿਕਾਰਾਂ ਦੇ ਵਰਣਨ ਨੂੰ ਫਿਰ ਵੀ ਵਿਸ਼ੇਸ਼ ਨਿਆਂਇਕ ਨਤੀਜਿਆਂ ਅਤੇ ਵਿਅਕਤੀਗਤ ਸਜ਼ਾਵਾਂ ਦੇ ਅਧੀਨ ਆਉਂਦੇ ਅਪਰਾਧਾਂ ਤੋਂ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ। ਅਜਿਹੀ ਸ਼ੁੱਧਤਾ ਇਹ ਸਪੱਸ਼ਟ ਕਰਕੇ ਜਵਾਬਦੇਹੀ ਦੇ ਮਾਮਲੇ ਨੂੰ ਮਜ਼ਬੂਤ ਕਰਦੀ ਹੈ ਕਿ ਸਬੂਤ ਕੀ ਸਾਬਤ ਕਰਦੇ ਹਨ ਅਤੇ ਕਿਸ ਚੀਜ਼ ਦੀ ਹੋਰ ਜਾਂਚ ਦੀ ਲੋੜ ਹੈ।

8. 'ਆਪ੍ਰੇਸ਼ਨ ਸ਼ਾਂਤੀ': ਸਰੋਤ ਦਾ ਜ਼ਿਕਰ ਅਤੇ ਤਸਦੀਕ (Operation Shanti: Attribution and Verification)

ਦਿੱਤਾ ਗਿਆ ਇਤਿਹਾਸਕ ਬਿਰਤਾਂਤ ਦੋਸ਼ ਲਾਉਂਦਾ ਹੈ ਕਿ 'ਆਪ੍ਰੇਸ਼ਨ ਸ਼ਾਂਤੀ' ਨਵੰਬਰ 1984 ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਦੇ ਆਸ-ਪਾਸ ਸਿੱਖਾਂ ਦੇ ਇੱਕ ਵੱਡੇ ਕਤਲੇਆਮ ਦੀ ਯੋਜਨਾ ਸੀ। ਇੱਕ ਔਨਲਾਈਨ ਖਾਤਾ ਇਸ ਦੋਸ਼ ਦਾ ਸਿਹਰਾ ਸੰਗਤ ਸਿੰਘ ਦੀ ਪੁਸਤਕ 'ਦ ਸਿੱਖਸ ਇਨ ਹਿਸਟਰੀ' (The Sikhs in History) ਨੂੰ ਦਿੰਦਾ ਹੈ ਅਤੇ ਕਥਿਤ ਯੋਜਨਾ ਨੂੰ ਇੰਦਰਾ ਗਾਂਧੀ ਦੇ ਕਤਲ ਨਾਲ ਜੋੜਨ ਵਾਲੇ ਦਾਅਵਿਆਂ ਨੂੰ ਦੁਹਰਾਉਂਦਾ ਹੈ (Shaheed Khalsa, n.d.)।

ਹਾਲਾਂਕਿ, ਇੱਥੇ ਸਮੀਖਿਆ ਕੀਤੇ ਗਏ ਸਰੋਤ ਕੋਈ ਪ੍ਰਮਾਣਿਤ ਕਾਰਜਸ਼ੀਲ ਹੁਕਮ (operational order), ਸੁਤੰਤਰ ਤੌਰ 'ਤੇ ਪੁਸ਼ਟੀ ਕੀਤੇ ਯੋਜਨਾਬੰਦੀ ਰਿਕਾਰਡ, ਜਾਂ ਉਸ ਕਥਿਤ ਕਾਰਵਾਈ ਨੂੰ ਸਥਾਪਿਤ ਕਰਨ ਵਾਲੇ ਨਿਆਂਇਕ ਨਤੀਜੇ ਪ੍ਰਦਾਨ ਨਹੀਂ ਕਰਦੇ।

ਇਸ ਲਈ ਇਸਨੂੰ ਇੱਕ ਅਜਿਹੇ ਦੋਸ਼ ਵਜੋਂ ਪੇਸ਼ ਕੀਤਾ ਜਾਣਾ ਚਾਹੀਦਾ ਹੈ ਜਿਸਦੀ ਜਾਂਚ ਦੀ ਲੋੜ ਹੈ। ਇਹ ਦਾਅਵੇ ਕਿ ਖ਼ਾਸ ਵਿਅਕਤੀਆਂ ਨੂੰ ਇਸ ਯੋਜਨਾ ਬਾਰੇ ਪਤਾ ਲੱਗਿਆ ਸੀ, ਜਾਂ ਇਹ ਉਹਨਾਂ ਦੀਆਂ ਬਾਅਦ ਦੀਆਂ ਕਾਰਵਾਈਆਂ ਦੀ ਵਿਆਖਿਆ ਕਰਦਾ ਹੈ, ਨੂੰ ਵੀ ਸੁਤੰਤਰ ਪੁਸ਼ਟੀ ਦੀ ਲੋੜ ਹੈ। ਨਵੰਬਰ ਦੇ ਕਤਲੇਆਮ ਸੰਬੰਧੀ ਦਸਤਾਵੇਜ਼ੀ ਸਬੂਤ ਇਸ ਦੋਸ਼ ਤੋਂ ਸੁਤੰਤਰ ਤੌਰ 'ਤੇ ਮੌਜੂਦ ਹਨ। ਹੋਰ ਪੁਰਾਲੇਖੀ ਖੁਲਾਸੇ ਪਹਿਲਾਂ ਤੋਂ ਕੋਈ ਜਵਾਬ ਤੈਅ ਕੀਤੇ ਬਿਨਾਂ ਇਸਦਾ ਮੁਲਾਂਕਣ ਕਰਨ ਵਿੱਚ ਮਦਦ ਕਰ ਸਕਦੇ ਹਨ।

8 (ਅ). 'ਆਪ੍ਰੇਸ਼ਨ ਸ਼ਾਂਤੀ': ਪਹਿਲਾਂ ਤੋਂ ਯੋਜਨਾਬੰਦੀ ਦੇ ਦੋਸ਼ ਅਤੇ ਉਹਨਾਂ ਦੇ ਸਬੂਤਾਂ ਦੀਆਂ ਸੀਮਾਵਾਂ

ਨਾਲ ਦੀਆਂ ਸਲਾਈਡਾਂ ਇੱਕ ਕਥਿਤ ਕਾਰਵਾਈ ਦਾ ਵੇਰਵਾ ਪੇਸ਼ ਕਰਦੀਆਂ ਹਨ ਜਿਸਨੂੰ ਮੌਜੂਦਾ ਲੇਖ ਵਿੱਚ 'ਆਪ੍ਰੇਸ਼ਨ ਸ਼ਾਂਤੀ' ਕਿਹਾ ਗਿਆ ਹੈ। ਉਹ ਦੋਸ਼ ਲਾਉਂਦੀਆਂ ਹਨ ਕਿ ਸਿੱਖਾਂ 'ਤੇ ਵਿਆਪਕ ਹਮਲਿਆਂ ਦੀਆਂ ਤਿਆਰੀਆਂ 31 ਅਕਤੂਬਰ 1984 ਨੂੰ ਇੰਦਰਾ ਗਾਂਧੀ ਦੇ ਕਤਲ ਤੋਂ ਪਹਿਲਾਂ ਹੋਈਆਂ ਸਨ। ਇਸ ਬਿਰਤਾਂਤ ਦੇ ਅਨੁਸਾਰ, ਪ੍ਰਸਤਾਵਿਤ ਹਿੰਸਾ ਵਿੱਚ ਪੂਰੇ ਭਾਰਤ ਵਿੱਚ ਸਿੱਖ ਭਾਈਚਾਰਿਆਂ ਵਿਰੁੱਧ ਕਤਲ, ਲੁੱਟ-ਖੋਹ ਅਤੇ ਅੱਗਜ਼ਨੀ ਸ਼ਾਮਲ ਹੋਣੀ ਸੀ, ਜਿਸ ਵਿੱਚ ਭਰਤੀ ਕੀਤੇ ਗਏ ਅਪਰਾਧੀ ਕਾਰਵਾਈ ਕਰਨ ਦੀਆਂ ਹਦਾਇਤਾਂ ਦੀ ਉਡੀਕ ਕਰ ਰਹੇ ਸਨ। ਸਲਾਈਡਾਂ ਅੱਗੇ ਦੋਸ਼ ਲਾਉਂਦੀਆਂ ਹਨ ਕਿ ਇਹ ਯੋਜਨਾ ਗਾਂਧੀ ਦੀ ਨਿਗਰਾਨੀ ਹੇਠ ਤਿਆਰ ਕੀਤੀ ਗਈ ਸੀ ਅਤੇ ਕੁਝ ਫ਼ੌਜੀ ਅਧਿਕਾਰੀਆਂ ਨੇ ਇਸਦੇ ਵਿਰੁੱਧ ਸਲਾਹ ਦਿੱਤੀ ਸੀ। ਇਹ ਦਾਅਵੇ ਸਰਕਾਰ ਦੇ ਉੱਚ ਪੱਧਰਾਂ 'ਤੇ ਅਗਾਊਂ ਯੋਜਨਾਬੰਦੀ ਅਤੇ ਜ਼ਿੰਮੇਵਾਰੀ ਨਾਲ ਸੰਬੰਧਿਤ ਹਨ; ਇਸ ਲਈ ਉਹਨਾਂ ਨੂੰ ਸੁਤੰਤਰ ਤੌਰ 'ਤੇ ਸਥਾਪਿਤ ਨਤੀਜਿਆਂ ਤੋਂ ਵੱਖਰਾ ਰੱਖਿਆ ਜਾਣਾ ਚਾਹੀਦਾ ਹੈ।

ਬਿਰਤਾਂਤ ਕਥਿਤ ਤਿਆਰੀਆਂ ਨੂੰ ਫ਼ੌਜੀ ਤਿਆਰੀ ਅਤੇ ਪਾਕਿਸਤਾਨ ਨਾਲ ਕੂਟਨੀਤਕ ਗੱਲਬਾਤ ਨਾਲ ਵੀ ਜੋੜਦਾ ਹੈ। ਇਹ ਦਾਅਵਾ ਕਰਦਾ ਹੈ ਕਿ ਗਾਂਧੀ ਦੇ ਪ੍ਰਮੁੱਖ ਸਕੱਤਰ ਪੀ. ਸੀ. ਅਲੈਗਜ਼ੈਂਡਰ ਦੇ ਦਫ਼ਤਰ ਰਾਹੀਂ ਜਾਣਕਾਰੀ ਬਾਹਰ ਨਿਕਲੀ ਸੀ, ਅਤੇ ਪਾਕਿਸਤਾਨ ਦੇ ਰਾਸ਼ਟਰਪਤੀ ਜਨਰਲ ਜ਼ਿਆ-ਉਲ-ਹੱਕ ਨੇ ਟਕਰਾਅ ਨੂੰ ਟਾਲਣ ਲਈ ਦੋਵਾਂ ਦੇਸ਼ਾਂ ਵਿਚਕਾਰ ਬਿਨਾਂ ਸ਼ਰਤ ਮੀਟਿੰਗ ਦੀ ਮੰਗ ਕੀਤੀ ਸੀ। ਸਲਾਈਡਾਂ 25 ਅਕਤੂਬਰ 1984 ਨੂੰ ਪਾਕਿਸਤਾਨੀ ਕੂਟਨੀਤਕ ਪਹੁੰਚ ਦੀ ਮਿਤੀ ਵਜੋਂ ਦਰਸਾਉਂਦੀਆਂ ਹਨ। ਉਹ ਅੱਗੇ 27 ਅਕਤੂਬਰ ਨੂੰ ਗਾਂਧੀ ਦੇ ਕਸ਼ਮੀਰ ਦੌਰੇ ਅਤੇ ਫ਼ੌਜੀ ਤਿਆਰੀ ਸੰਬੰਧੀ ਫ਼ੌਜ ਮੁਖੀ ਜਨਰਲ ਏ. ਐਸ. ਵੈਦਿਆ ਦੇ ਕਥਿਤ ਭਰੋਸੇ ਦਾ ਵਰਣਨ ਕਰਦੀਆਂ ਹਨ। ਹਾਲਾਂਕਿ, ਕੂਟਨੀਤਕ ਸੰਪਰਕ ਅਤੇ ਫ਼ੌਜੀ ਤਿਆਰੀ, ਆਪਣੇ ਆਪ ਵਿੱਚ, ਕਥਿਤ ਸਿੱਖ ਵਿਰੋਧੀ ਕਾਰਵਾਈ ਦੀ ਹੋਂਦ ਜਾਂ ਉਦੇਸ਼ ਨੂੰ ਸਥਾਪਿਤ ਨਹੀਂ ਕਰਦੇ।

ਬਿਰਤਾਂਤ ਦਾ ਦੂਜਾ ਹਿੱਸਾ ਦੋਸ਼ ਲਾਉਂਦਾ ਹੈ ਕਿ ਗਾਂਧੀ ਦੇ ਨਿੱਜੀ ਸਕੱਤਰ ਆਰ. ਕੇ. ਧਵਨ ਨੇ ਉਸਦੇ ਅੰਗ ਰੱਖਿਅਕ ਬੇਅੰਤ ਸਿੰਘ ਨੂੰ ਇਸ ਯੋਜਨਾ ਦਾ ਖੁਲਾਸਾ ਕੀਤਾ ਸੀ। ਇਹ ਬੇਅੰਤ ਸਿੰਘ ਦੀਆਂ ਬਾਅਦ ਦੀਆਂ ਕਾਰਵਾਈਆਂ ਨੂੰ, ਸਤਵੰਤ ਸਿੰਘ ਦੀਆਂ ਕਾਰਵਾਈਆਂ ਦੇ ਨਾਲ, ਕਥਿਤ ਕਾਰਵਾਈ ਨੂੰ ਰੋਕਣ ਦੀ ਕੋਸ਼ਿਸ਼ ਵਜੋਂ ਪੇਸ਼ ਕਰਦਾ ਹੈ। ਸਲਾਈਡਾਂ ਧਵਨ ਦੇ ਆਚਰਣ ਦੀ ਠੱਕਰ ਕਮਿਸ਼ਨ ਦੁਆਰਾ ਕੀਤੀ ਗਈ ਜਾਂਚ ਦਾ ਹਵਾਲਾ ਦਿੰਦੀਆਂ ਹਨ, ਪਰ ਕਿਸੇ ਵਿਅਕਤੀ ਦੀ ਪੜਤਾਲ ਇਹ ਸਥਾਪਿਤ ਨਹੀਂ ਕਰਦੀ ਕਿ ਉਸਨੇ ਅਜਿਹੀ ਯੋਜਨਾ ਦਾ ਖੁਲਾਸਾ ਕੀਤਾ ਸੀ ਜਾਂ ਇਸ ਖੁਲਾਸੇ ਨੇ ਕਤਲ ਨੂੰ ਪ੍ਰੇਰਿਤ ਕੀਤਾ ਸੀ। ਉਹਨਾਂ ਖ਼ਾਸ ਦਾਅਵਿਆਂ ਲਈ ਕਮਿਸ਼ਨ ਦੇ ਅਸਲ ਨਤੀਜਿਆਂ ਅਤੇ ਹੋਰ ਭਰੋਸੇਯੋਗ ਸਬੂਤਾਂ ਤੋਂ ਪੁਸ਼ਟੀ ਦੀ ਲੋੜ ਹੈ।

ਸਲਾਈਡਾਂ 31 ਅਕਤੂਬਰ ਨੂੰ ਬੇਅੰਤ ਸਿੰਘ ਅਤੇ ਸਤਵੰਤ ਸਿੰਘ ਦੁਆਰਾ ਗਾਂਧੀ ਨੂੰ ਗੋਲੀ ਮਾਰਨ, ਉਸ ਤੋਂ ਬਾਅਦ ਬੇਅੰਤ ਸਿੰਘ ਦੀ ਮੌਤ ਅਤੇ ਸਤਵੰਤ ਸਿੰਘ ਦੇ ਜ਼ਖ਼ਮੀ ਹੋਣ ਅਤੇ ਬਾਅਦ ਵਿੱਚ ਉਸਨੂੰ ਫਾਂਸੀ ਦਿੱਤੇ ਜਾਣ ਦਾ ਵਰਣਨ ਕਰਦੀਆਂ ਹਨ। ਉਹ ਇਹ ਵੀ ਦੋਸ਼ ਲਾਉਂਦੀਆਂ ਹਨ ਕਿ ਬੇਅੰਤ ਸਿੰਘ ਨੇ ਸਤਵੰਤ ਸਿੰਘ ਨੂੰ ਧਵਨ ਨੂੰ ਨੁਕਸਾਨ ਨਾ ਪਹੁੰਚਾਉਣ ਦੀ ਹਦਾਇਤ ਕੀਤੀ ਸੀ ਅਤੇ ਧਵਨ ਨੇ ਬਾਅਦ ਵਿੱਚ ਹਸਪਤਾਲ ਤੋਂ ਬੇਅੰਤ ਸਿੰਘ ਬਾਰੇ ਪੁੱਛਗਿੱਛ ਕੀਤੀ ਸੀ। ਇਹ ਵਾਧੂ ਵੇਰਵੇ, ਖ਼ਾਸ ਤੌਰ 'ਤੇ ਗੱਲਬਾਤ, ਇਰਾਦਿਆਂ ਅਤੇ ਨਿੱਜੀ ਸੰਚਾਰਾਂ ਸੰਬੰਧੀ, ਉਦੋਂ ਤੱਕ ਸਪੱਸ਼ਟ ਤੌਰ 'ਤੇ ਕੇਵਲ ਦਾਅਵੇ ਵਜੋਂ ਹੀ ਰੱਖੇ ਜਾਣੇ ਚਾਹੀਦੇ ਹਨ ਜਦੋਂ ਤੱਕ ਪ੍ਰਮਾਣਿਤ ਗਵਾਹੀ ਜਾਂ ਰਿਕਾਰਡ ਦੁਆਰਾ ਸਮਰਥਨ ਪ੍ਰਾਪਤ ਨਾ ਹੋਵੇ।

ਅੰਤ ਵਿੱਚ, ਸਲਾਈਡਾਂ ਦੋਸ਼ ਲਾਉਂਦੀਆਂ ਹਨ ਕਿ 31 ਅਕਤੂਬਰ ਨੂੰ ਸਵੇਰੇ ਲਗਭਗ 11:00 ਵਜੇ ਪ੍ਰਸਾਰਿਤ ਇੱਕ ਅਧਿਕਾਰਤ ਕੂਟਨੀਤਕ ਟੈਲੇਕਸ ਨੇ ਦੋ ਸਿੱਖ ਗਾਰਡਾਂ ਅਤੇ ਇੱਕ ਵਾਧੂ ਕਲੀਨ-ਸ਼ੇਵਨ (ਮੋਨੇ) ਵਿਅਕਤੀ ਨੂੰ ਕਾਤਲਾਂ ਵਜੋਂ ਪਛਾਣਿਆ ਸੀ। ਉਹ ਇਹ ਵੀ ਦਾਅਵਾ ਕਰਦੀਆਂ ਹਨ ਕਿ ਕਈ ਸਿੱਖ ਪੁਲਿਸ ਕਰਮਚਾਰੀਆਂ ਨੂੰ ਡਿਊਟੀ ਤੋਂ ਹਟਾ ਦਿੱਤਾ ਗਿਆ ਸੀ। ਇਹਨਾਂ ਦਾਅਵਿਆਂ ਦਾ ਮੁਲਾਂਕਣ ਕਰਨ ਲਈ ਮੂਲ ਸੰਚਾਰ ਅਤੇ ਸੰਬੰਧਿਤ ਪੁਲਿਸ ਤਾਇਨਾਤੀ ਰਿਕਾਰਡਾਂ ਦੀ ਲੋੜ ਹੈ। ਇੱਕ ਸ਼ੁਰੂਆਤੀ ਰਿਪੋਰਟ, ਭਾਵੇਂ ਪ੍ਰਮਾਣਿਤ ਹੋਵੇ, ਸ਼ੁੱਧਤਾ ਅਤੇ ਬਾਅਦ ਦੇ ਸੁਧਾਰ ਲਈ ਜਾਂਚ ਦੀ ਮੰਗ ਕਰਦੀ ਹੈ।

ਇਸ ਲਈ ਇਹ ਬਿਰਤਾਂਤ ਘਟਨਾਵਾਂ

1984 ਦੀ ਸਿੱਖ ਵਿਰੋਧੀ ਹਿੰਸਾ ਨੂੰ 'ਸਿੱਖ ਨਸਲਕੁਸ਼ੀ' ਵਜੋਂ ਕੌਮਾਂਤਰੀ ਪੱਧਰ 'ਤੇ ਮਾਨਤਾ ਦੀ ਮੁਹਿੰਮ

ਭਾਰਤ ਵਿੱਚ ਨਵੰਬਰ 1984 'ਚ ਰਾਜਧਾਨੀ ਦਿੱਲੀ ਸਮੇਤ, ਦੇਸ਼ ਦੇ ਵੱਖ-ਵੱਖ ਸੂਬਿਆਂ ਵਿੱਚ ਵਸਦੇ ਸਿੱਖਾਂ ਨੂੰ ਯੋਜਨਾਬੱਧ ਢੰਗ ਨਾਲ ਨਿਸ਼ਾਨਾ ਬਣਾ ਕੇ, ਸਿੱਖ ਨਸਲਕੁਸ਼ੀ ਕੀਤੀ ਗਈ ਸੀ। ਹਜ਼ਾਰਾਂ ਸਿੱਖਾਂ ਦੀਆਂ ਜਾਨਾਂ ਗਈਆਂ, ਹਜ਼ਾਰਾਂ ਸਿੱਖ ਬੀਬੀਆਂ ਦੀ ਬੇਪੱਤੀ ਹੋਈ, ਅਨੇਕਾਂ ਗੁਰਦੁਆਰੇ ਅੱਗ ਲਾ ਕੇ ਫੂਕ ਦਿੱਤੇ ਗਏ, ਸਿੱਖਾਂ ਦੀ ਘਰ-ਬਾਰ ਸਾੜ ਦਿੱਤੇ ਗਏ। ਦੇਸ਼ ਦੇ ਕੋਨੇ ਕੋਨੇ ਵਿੱਚ ਚੁਣ ਚੁਣ ਕੇ ਸਿੱਖਾਂ ਨੂੰ ਸਰਕਾਰੀ ਦਹਿਸ਼ਤਗਰਦੀ ਦਾ ਸ਼ਿਕਾਰ ਬਣਾਇਆ ਗਿਆ ਇਸ ਸ਼ੈਤਾਨੀਅਤ ਵਿੱਚ ਭਾਰਤ ਸਰਕਾਰ, ਪੁਲਿਸ-ਪ੍ਰਸ਼ਾਸਨ ਅਤੇ ਅਦਾਲਤਾਂ, ਸਭ ਸ਼ਾਮਿਲ ਸਨ। ਅਕਸਰ ਕਿਹਾ ਜਾਂਦਾ ਹੈ ਕਿ ਸਿੱਖ 'ਨਸਲਕੁਸ਼ੀ 1984' ਦਾ ਦੁਖਾਂਤ ਭੁੱਲ ਜਾਣ। ਇਹ ਹੋ ਹੀ ਨਹੀਂ ਸਕਦਾ। ਇਹ ਨਾ ਭੁੱਲਣਯੋਗ ਤੇ ਨਾ ਬਖਸ਼ਣ ਯੋਗ ਖੂਨੀ ਵਰਤਾਰਾ ਸੀ। ਇਹ ਇਤਿਹਾਸ ਹੈ ਕਿ ਗੁਰੂ ਤੇਗ ਬਹਾਦਰ ਜੀ ਨੇ ਦਿੱਲੀ ਜਾ ਕੇ ਮਨੁੱਖੀ ਅਧਿਕਾਰਾਂ ਲਈ ਸ਼ਹਾਦਤ ਦਿੱਤੀ ਸੀ, ਪਰ ਇਹ ਵੀ ਇਤਿਹਾਸ ਹੈ ਕਿ ਦਿੱਲੀ ਦੇ ਹਾਕਮਾਂ ਵੱਲੋਂ ਮਨੁੱਖੀ ਹੱਕਾਂ ਦਾ ਸਦਾ ਘਾਣ ਕੀਤਾ ਗਿਆ, ਖ਼ਾਸਕਰ ਸਿੱਖ ਨਸਲਕੁਸ਼ੀ 1984 ਇਸ ਦੀ ਪ੍ਰਤੱਖ ਮਿਸਾਲ ਹੈ।

'ਦਿੱਲੀ ਹੋਏ ਸ਼ਹੀਦ ਗੁਰ, ਦਿੱਲੀ ਨਹੀਂ ਸੀ ਗ਼ੈਰ
ਪਰ ਦਿੱਲੀ ਨਾ ਛੱਡਿਆ, ਸਦੀਆਂ ਵਾਲਾ ਵੈਰ।'

ਪ੍ਰਸਿੱਧ ਸ਼ਾਇਰ ਉਲਫਤ ਬਾਜਵਾ ਨੇ ਇਸ ਦਰਦ ਨੂੰ ਭਾਵਪੂਰਤ ਸ਼ਬਦਾਂ ਚ ਕਰਦਿਆਂ ਕਦੇ ਲਿਖਿਆ ਸੀ:

'ਜਮਨਾ ਕਿਨਾਰੇ ਸੁਣੀਆਂ ਬਾਂਸੀ ਦੀ ਥਾਂ 'ਤੇ ਚੀਕਾਂ,
ਲੋਕਾਂ ਦੀ ਖ਼ੂਨ ਨਾ ਤੇ ਗੰਗਾ ਨਹਾਉਣ ਵਾਲੇ।
ਭਾਰਤ ਨੂੰ ਅੱਗ ਲਾ ਕੇ ਨਾਰਦ ਵਹਾਉਣ ਹੰਝੂ,
ਆਪੇ ਲਾਉਣ ਵਾਲੇ ਆਪ ਬੁਝਾਉਣ ਵਾਲੇ।
ਡਰਦੇ ਨੇ ਸੱਚ ਕਹਿਣੋਂ ਲੇਖਕ ਸਮਾਜਵਾਦੀ,
ਸੁੱਖ-ਸਾਂਦ ਦੇ ਦਿਨਾਂ ਵਿਚ ਨਾਅਰੇ ਲਗਾਉਣ ਵਾਲੇ।'

ਜਦੋਂ ਵੀ ਸਯੰਕਤ ਰਾਸ਼ਟਰ 'ਚ ਭਾਰਤ ਅੰਦਰ ਮਨੁੱਖੀ ਅਧਿਕਾਰਾਂ ਦੇ ਘਾਣ ਦੀ ਗੱਲ ਤੁਰੇਗੀ, ਉਦੋਂ ਹੀ ਨਵੰਬਰ ਉਨੀ ਸੌ ਚੁਰਾਸੀ ਵਿੱਚ ਭਾਰਤ ਅੰਦਰ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਲਹੂ ਡੋਲਣ ਵਾਲਿਆਂ ਨੂੰ ਲਾਹਣਤਾਂ ਵੀ ਪਾਈਆਂ ਜਾਣਗੀਆਂ ਅਤੇ 42 ਸਾਲਾਂ ਮਗਰੋਂ ਵੀ ਕਾਤਲਾਂ ਨੂੰ ਸਜ਼ਾਵਾਂ ਨਾ ਦੇਣ ਲਈ, ਭਾਰਤ ਦੀਆਂ ਹੁਣ ਤੱਕ ਦੀਆਂ ਸਰਕਾਰਾਂ ਨੂੰ ਸ਼ਰਮਸਾਰ ਹੋਣਾ ਪਵੇਗਾ। ਸਿਤਮਜ਼ਰੀਫੀ ਦੀ ਇਸ ਤੋਂ ਵੱਡੀ ਮਿਸਾਲ ਕੀ ਹੋਵੇਗੀ ਕਿ ਹਜ਼ਾਰਾਂ ਬੇਕਸੂਰ ਸਿੱਖਾਂ ਦੇ ਕਤਲੇਆਮ ਦੀ ਕਾਂਗਰਸ ਆਗੂ ਤੇ ਦੇਸ਼ ਦਾ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਵੱਡੇ ਦਰਖਤ ਦੇ ਡਿਗਣ 'ਤੇ ਧਰਤੀ ਕੰਬਣ ਨਾਲ ਤੁਲਨਾ ਕਰਕੇ ਸਿੱਖ ਨਸਲਕੁਸ਼ੀ ਨੂੰ ਜਾਇਜ਼ ਠਹਿਰਾ ਰਿਹਾ ਹੋਵੇ। ਦੂਸਰੇ ਪਾਸੇ ਦੇਸ਼ ਦੀ ਫਿਰਕੂ ਜਥੇਬੰਦੀ ਆਰਐਸਐਸ ਦਾ ਵੱਡਾ ਆਗੂ 'ਨਾਨਾ ਦੇਸ਼ਮੁੱਖ' ਸਿੱਖ ਕਤਲੇਆਮ ਦੇ ਦੋਸ਼ ਸਿੱਖਾਂ ਦੇ ਹੀ ਸਿਰ ਮੜਦਾ ਹੋਇਆ, ਸਿੱਖ ਕੌਮ ਨੂੰ 'ਸਬਕ ਲੈਣ' ਦੀ ਨਸੀਹਤ ਦੇ ਰਿਹਾ ਹੋਵੇ ਅਤੇ ਅਜਿਹੀ ਨਸਲਕੁਸ਼ੀ ਨੂੰ ਆਪਣੀ ਸੌੜੀ ਸੋਚ ਅਧੀਨ ਆਰ ਐਸ ਐਸ ਹਿੰਦੂਤਵੀ ਮੁਖੀ ਜਾਇਜ਼ ਠਹਿਰਾ ਰਿਹਾ ਹੋਵੇ। ਜੇਕਰ ਅਜਿਹੇ ਦੋਵੇਂ ਨੇਤਾ 'ਭਾਰਤ ਰਤਨ' ਵਰਗੇ ਦੇਸ਼ ਦੇ ਸਭ ਤੋਂ ਵੱਡੇ ਅਖੌਤੀ ਪੁਰਸਕਾਰਾਂ ਨਾਲ ਸਨਮਾਨੇ ਜਾਂਦੇ ਹਨ, ਤਾਂ ਫਿਰ ਸਭ ਤੋਂ ਵੱਧ ਫਾਂਸੀ ਚੜ੍ਹਨ ਵਾਲੇ, ਕਾਲੇਪਾਣੀ ਦੀਆਂ ਸਜ਼ਾ ਕੱਟਣ ਵਾਲੇ, ਉਮਰ ਕੈਦਾਂ ਭੋਗਣ ਵਾਲੇ ਅਤੇ ਜਾਨਾਂ ਕੁਰਬਾਨ ਕਰਨ ਵਾਲੇ ਸ਼ਹੀਦ ਸਿੱਖ ਅਤੇ ਸੱਚੇ ਸੁੱਚੇ ਸੂਰਬੀਰ ਤਾਂ 'ਦੇਸ਼ ਧਰੋਹੀ' ਹੀ ਕਹੇ ਜਾ ਸਕਦੇ ਹਨ। ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਾਮ 'ਚ ਸਾਰੇ ਹੀ ਨੰਗੇ ਹਨ;

ਡਾ. ਗੁਰਵਿੰਦਰ ਸਿੰਘ
604 825 1550

'ਮਿਲਣੀ ਉਸ ਦੀ ਕੀ ਸਜ਼ਾ, ਹੋਏ ਜੋ ਕਤਲੇਆਮ।
ਕਾਤਲ ਨੂੰ ਉਲਟਾ ਮਿਲੇ, 'ਭਾਰਤ ਰਤਨ' ਇਨਾਮ।'

ਜੇਕਰ ਕਾਂਗਰਸ ਨੇ ਦਰਬਾਰ ਸਾਹਿਬ 'ਤੇ ਹਮਲਾ ਕੀਤਾ, ਤਾਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਨੇ ਕਾਂਗਰਸ ਸਰਕਾਰ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੂੰ ਹਲਾਸ਼ੇਰੀ ਦਿੱਤੀ। ਜੇ ਕਾਂਗਰਸ ਦੇ ਰਾਜ 'ਚ ਸਿੱਖ ਕਤਲੇਆਮ ਹੋਇਆ, ਤਾਂ ਭਾਜਪਾ ਦੇ ਰਾਜ 'ਚ ਮੁਸਲਿਮ ਵਿਰੋਧੀ ਕਤਲੇਆਮ ਹੋਇਆ। ਮਨੁੱਖੀ ਅਧਿਕਾਰਾਂ ਦੀ ਮਹਿੰਮ ਚਲਾਉਣ ਵਾਲੀ ਸਿੱਖ ਵਿਚਾਰਧਾਰਾ ਉਕਤ ਸਾਰੇ ਦੋਸ਼ੀਆਂ ਨੂੰ ਕੌਮਾਂਤਰੀ ਪੱਧਰ ਤੇ ਸਜ਼ਾਵਾਂ ਲਈ ਦ੍ਰਿੜ ਹੈ। ਇੱਕ ਦਿਨ ਜ਼ਰੂਰ ਆਵੇਗਾ, ਜਦੋਂ ਕੌਮਾਂਤਰੀ ਭਾਈਚਾਰਾ ਇਨਸਾਫ਼ ਲਈ 'ਹਾਅ ਦਾ ਨਾਅਰਾ' ਮਾਰੇਗਾ। ਅੱਜ ਜਦੋਂ ਸੰਸਾਰ ਭਰ ਵਿੱਚ ਸਿੱਖ ਕੌਮ ਗੁਰੂ ਸਾਹਿਬਾਨ ਵੱਲੋਂ ਜ਼ੁਲਮ ਖਿਲਾਫ ਉਠਾਈ ਆਵਾਜ਼ ਅਤੇ ਧਾਰਮਿਕ ਆਜ਼ਾਦੀ ਲਈ ਦਿੱਤੀਆਂ ਸ਼ਹਾਦਤਾਂ ਨੂੰ ਮਾਨਵਵਾਦ ਅਤੇ ਸਰਬੱਤ ਦੇ ਭਲੇ ਦਾ ਮੈਨੀਫੈਸਟੋ ਬਣਾ ਰਹੀ ਹੈ, ਉਦੋਂ ਸਾਰਿਆਂ ਨੂੰ ਮਿਲ ਕੇ ਭਾਰਤੀ ਹੁਕਮਰਾਨਾਂ ਦੇ ਹਿਟਲਰਸ਼ਾਹੀ ਅਤੇ ਨਾਜ਼ੀਵਾਦੀ ਹਿੰਦੂਤਵੀ ਏਜੰਡੇ ਖ਼ ?ਲਾਫ਼ ਲੜਨ ਦੀ ਲੋੜ ਹੈ।

ਸਿੱਖ ਨਸਲਕੁਸ਼ੀ ਖ਼ਿਲਾਫ਼ ਇਨਸਾਫ ਦੀ ਮੁਹਿੰਮ ਕੇਵਲ ਸਿੱਖਾਂ ਲਈ ਹੀ ਇਨਸਾਫ਼ ਦੀ ਮੁਦਈ ਨਹੀਂ, ਬਲਕਿ ਦੁਨੀਆ ਅੰਦਰ ਹੋਰਨਾਂ ਘੱਟ ਗਿਣਤੀਆਂ, ਮੂਲ ਵਾਸੀਆਂ, ਦੱਬੇ ਕੁਚਲੇ ਲੋਕਾਂ ਅਤੇ ਸਰਕਾਰੀ ਜਬਰ ਦਾ ਸ਼ਿਕਾਰ ਬਣ ਰਹੇ ਭਾਈਚਾਰਿਆਂ ਨਾਲ ਖੜ੍ਹਨ ਲਈ ਵੀ ਦ੍ਰਿੜ੍ਹ ਇਰਾਦੇ ਦੀ ਅਲੰਬਰਦਾਰ ਹੈ। ਇਸ ਦੀ ਮਿਸਾਲ ਕੈਨੇਡਾ ਦੀ ਧਰਤੀ 'ਤੇ ਮੂਲ ਵਾਸੀਆਂ ਦੀ ਨਸਲਕੁਸ਼ੀ ਦੇ 2013 ਦੇ, ਸ਼ਤਾਬਦੀ ਸਮਾਗਮ ਮੌਕੇ ਦੇਖਣ ਨੂੰ ਮਿਲੀ, ਜਦੋਂ ਸਟੇਜ ਤੇ ਮੂਲ ਵਾਸੀਆਂ ਦੀ ਨਸਲਕੁਸ਼ੀ ਤੇ ਸਿੱਖ ਨਸਲਕੁਸ਼ੀ ਦੇ ਪੀੜਤਾਂ ਵੱਲੋਂ, ਇਕੱਠਿਆਂ ਹੋ ਕੇ ਆਵਾਜ਼ ਬੁਲੰਦ ਕੀਤੀ ਗਈ। ਸੰਸਾਰ ਦੇ ਕਿਸੇ ਵੀ ਕੋਨੇ 'ਚ ਹੋ ਰਹੇ ਜਬਰ-ਜ਼ੁਲਮ ਖਿਲਾਫ਼ ਸਿੱਖ ਕੌਮ ਵਲੋਂ ਆਵਾਜ਼ ਬੁਲੰਦ ਕਰਨਾ ਇਸ ਮੁਹਿੰਮ ਦਾ ਕੇਂਦਰ-ਬਿੰਦੂ ਹੈ।

ਸਿੱਖ ਨਸਲਕੁਸ਼ੀ ਵਿਰੋਧੀ ਮੁਹਿੰਮ ਦੇ ਆਗੂ ਸਵਰਗਵਾਸੀ ਭਾਈ ਜਰਨੈਲ ਸਿੰਘ ਨੇ 30 ਜੂਨ 2015 ਵਿੱਚ ਆਪ ਦੇ ਦਿੱਲੀ ਤੋਂ ਵਿਧਾਇਕ ਹੁੰਦਿਆਂ ਦਿੱਲੀ ਵਿਧਾਨ ਸਭਾ 'ਚ 'ਸਿੱਖ ਨਸਲਕੁਸ਼ੀ' ਵਿਰੁੱਧ ਮਤਾ ਪੇਸ਼ ਕਰਕੇ, ਸਰਬਸੰਮਤੀ ਨਾਲ ਪਾਸ ਕਰਵਾਇਆ ਸੀ। ਇਥੇ ਸਵਾਲ ਇਹ ਵੀ ਉਠਦਾ ਹੈ ਕਿ ਜੇਕਰ ਭਾਰਤ ਦੀ ਰਾਜਧਾਨੀ ਦਿੱਲੀ ਦੀ ਅਸੈਂਬਲੀ ਵਿੱਚ ਇਸ ਨਸਲਕੁਸ਼ੀ ਮੰਨਿਆ ਜਾ ਚੁੱਕਿਆ ਹੈ, ਤਾਂ ਫਿਰ ਭਾਰਤ ਦੀ ਪਾਰਲੀਮੈਂਟ ਅਤੇ ਪੰਜਾਬ ਸੂਬੇ ਵਿੱਚ ਵਿਧਾਨ ਸਭਾ ਸੈਸ਼ਨ ਦੌਰਾਨ ਅਜਿਹਾ ਮਤਾ ਕਿਉਂ ਨਹੀਂ ਪਾਸ ਕੀਤਾ ਜਾ ਰਿਹਾ? ਇਸ ਵਾਸਤੇ ਸਿੱਖਾਂ ਨੂੰ ਹੀ ਨਹੀਂ, ਬਲਕਿ ਸਮੂਹ ਮਨੁੱਖੀ ਅਧਿਕਾਰ ਜਥੇਬੰਦੀਆਂ ਨੂੰ ਸਾਂਝੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।

ਸਮੇਂ-ਸਮੇਂ ਕੈਨੇਡਾ ਵਿੱਚ ਫੈਡਰਲ ਅਤੇ ਪ੍ਰੋਵੈਂਸ਼ਅਲ ਪੱਧਰ ਦੇ ਵੱਖ-ਵੱਖ ਪਾਰਟੀਆਂ ਦੇ ਐੱਮਪੀਜ਼ ਅਤੇ ਵਿਧਾਇਕਾਂ ਨੇ ਸਿੱਖ ਨਸਲਕੁਸ਼ੀ 1984 ਦੇ ਸਬੰਧ ਵਿੱਚ ਪ੍ਰਤੀਕਰਮ ਦਿੱਤਾ ਹੈ। ਇਨ੍ਹਾਂ ਵਿੱਚ 'ਲਿਬਰਲ ਐਮਪੀ ਸੁਖ ਧਾਲੀਵਾਲ' ਵੱਲੋਂ ਪਾਰਲੀਮੈਂਟ ਚ ਸੰਨ 2010 ਵਿੱਚ ਪਟੀਸ਼ਨ ਪੇਸ਼ ਕਰਨਾ, 'ਐਨਡੀਪੀ ਦੇ ਡਿਪਟੀ ਆਗੂ ਜਗਮੀਤ ਸਿੰਘ' ਵੱਲੋਂ ਵਿੱਚ ਓਂਟੈਰੀਓ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਜਾਣਾ, ਲਿਬਰਲ ਐੱਮ ਪੀ ਰਣਦੀਪ ਸਿੰਘ ਸਰਾਏ, 'ਕੰਜ਼ਰਵੇਟਿਵ ਐੱਮ.ਪੀ.' ਟਿਮ ਉੱਪਲ, ਜਸਰਾਜ ਸਿੰਘ ਹੱਲਣ, ਨਿਊ ਡੈਮੋਕ੍ਰੇਟਿਕ ਪਾਰਟੀ ਦੇ ਵਿਧਾਇਕ ਗੁਰਰਤਨ ਸਿੰਘ ਅਤੇ ਪੀਸੀ ਦੇ ਪ੍ਰਭਮੀਤ ਸਿੰਘ ਸਰਕਾਰੀਆਂ ਸਮੇਤ ਹੋਰ ਵੀ 'ਆਵਾਜ਼ ਉਠਾਉਣਾ' ਸ਼ਾਮਿਲ ਹਨ। ਓਨਟਾਰੀਓ ਵਿਧਾਨ ਸਭਾ ਵਿੱਚ ਬੀਬੀ ਹਰਿੰਦਰ ਕੌਰ ਮੱਲੀ ਵੱਲੋਂ ਪੇਸ਼ 'ਸਿੱਖ ਨਸਲਕੁਸ਼ੀ ਬਾਰੇ ਜਾਗਰੂਕਤਾ ਹਫਤਾ' ਐਲਾਨੇ ਜਾਣ ਦਾ ਮਤਾ ਸੰਨ 2017 ਵਿੱਚ ਪਾਸ ਹੋ ਚੁੱਕਿਆ ਹੈ।

ਸਰੀ ਸਿਟੀ ਕੌਂਸਲ ਦੇ ਮੇਅਰ ਡੱਗ ਮੁਕੱਲਮ ਅਤੇ ਕੌਂਸਲਰ ਮਨਦੀਪ ਸਿੰਘ ਨਾਗਰਾ ਸਮੇਤ ਕੌਂਸਲ ਵੱਲੋਂ ਸੰਨ 2020 ਵਿੱਚ ਨਵੰਬਰ ਮਹੀਨੇ ਨੂੰ 'ਸਿੱਖ ਨਸਲਕੁਸ਼ੀ ਖ਼ਿਲਾਫ਼ ਯਾਦਗਾਰੀ ਮਹੀਨਾ' ਐਲਾਨਿਆ ਗਿਆ। ਉਮੀਦ ਹੈ ਕਿ ਹੁਣ ਵੀ ਅਜਿਹਾ ਉਪਰਾਲਾ ਜ਼ਰੂਰ ਕਰਨਗੇ।17 ਅਕਤੂਬਰ, 2018 ਨੂੰ ਕੌਮਨਵੈਲਥ ਆਫ ਪੈਨਸਿਲਵੀਨੀਆ ਦੀ ਵਿਧਾਨ ਸਭਾ ਨੇ ਸਰਬਸੰਮਤੀ ਨਾਲ ਹਾਊਸ ਮਤਾ ਐਚ.ਆਰ. 1160 ਪ੍ਰਵਾਨ ਕਰਕੇ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ 'ਨਸਲਕੁਸ਼ੀ' ਐਲਾਨਿਆ ਹੈ। 10 ਜਨਵਰੀ 2022 ਨੂੰ ਅਮਰੀਕਾ ਦੇ ਸੂਬੇ ਨਿਊ ਜਰਸੀ ਦੀ ਸੈਨੇਟ ਵਲੋਂ ਸਰਬਸੰਮਤੀ ਨਾਲ, ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਦੀ 'ਨਸਲਕੁਸ਼ੀ' ਵਜੋਂ ਨਿਖੇਧੀ ਕਰਦਾ ਮਤਾ ਪ੍ਰਵਾਨ ਕੀਤਾ ਗਿਆ ਹੈ।

ਨਿਊ ਡੈਮੋਕਰੇਟਿਕ ਪਾਰਟੀ ਕੈਨੇਡਾ ਦੀ ਮੁਖੀ ਮਰਹੂਮ ਜੈਕ ਲੇਟਨ ਨੇ 2010 ਵਿੱਚ, ਭਾਰਤ ਦੇ ਤਤਕਾਲੀ ਵਿਦੇਸ਼ ਮੰਤਰੀ ਕਮਲ ਨਾਥ ਦਾ ਕੈਨੇਡਾ ਵਿੱਚ ਆਉਣ ਤੇ ਡਟ ਕੇ ਵਿਰੋਧ ਕੀਤਾ ਸੀ, ਕਿਉਂਕਿ ਕਮਲ ਨਾਥ ਸਿੱਖ ਨਸਲਕੁਸ਼ੀ ਦੇ ਲਈ ਜਿੰਮੇਵਾਰ ਸੀ। ਜੈਕ ਲੇਟਨ ਨੇ ਆਪਣੇ ਸੰਸਦ ਮੈਂਬਰਾਂ ਨੂੰ ਕਮਲ ਨਾਥ ਦੇ ਹਰ ਸਮਾਗਮ ਦਾ ਬਾਈਕਾਟ ਕਰਨ ਦਾ ਆਦੇਸ਼ ਵੀ ਦਿੱਤਾ ਸੀ। ਦੂਜੇ ਪਾਸੇ ਬੀਸੀ ਵਿੱਚ ਐਨਡੀਪੀ ਦੀ ਸਰਕਾਰ ਮੌਕੇ, ਸਰੀ ਤੋਂ ਕੰਜ਼ਰਵਟਿਵ ਪਾਰਟੀ ਬੀਸੀ ਦੇ ਵਿਧਾਇਕ ਮਨਦੀਪ ਸਿੰਘ ਧਾਲੀਵਾਲ ਨੇ ਬੀਤੇ ਸਮੇਂ 'ਚ ਸਿੱਖ ਨਸਲਕੁਸ਼ੀ 1984 ਦਾ ਮਤਾ ਲਿਆਂਦਾ, ਪਰ ਬੀਸੀ ਐਨਡੀਪੀ ਨੇ ਮਤਾ ਰੱਦ ਕਰਵਾ ਦਿੱਤਾ, ਜੋ ਕਿ ਨਮੋਸ਼ੀ ਵਾਲੀ ਗੱਲ ਹੈ। ਹੁਣ ਬੀਸੀ ਵਿਚ ਕੰਜ਼ਰਵਟਿਵਜ਼ ਦੀ ਬਹੁਮਤ ਵਾਲੀ ਸਰਕਾਰ ਬਣੀ ਹੈ, ਜਿਸ ਵਿੱਚ ਦਰਜਨ ਸਿੱਖ ਵਿਧਾਇਕ ਵੀ ਸ਼ਾਮਲ ਹਨ। ਉਮੀਦ ਹੈ ਕਿ ਇਹ ਸਰਕਾਰ ਬੀਸੀ ਵਿਧਾਨ ਸਭਾ ਜਲਦੀ ਸਿੱਖ ਵਿਰੋਧੀ ਹਿੰਸਾ ਨੂੰ 'ਸਿੱਖ ਨਸਲਕੁਸ਼ੀ' ਵਜੋਂ ਸਵੀਕਾਰ ਕਰੇ। ਇਸ ਨਸਲਕੁਸ਼ੀ ਖ਼ਿਲਾਫ਼ ਕੈਨੇਡਾ ਦੀ ਪਾਰਲੀਮੈਂਟ 'ਚ ਮਤਾ ਉਸੇ ਤਰਜ਼ ਤੇ ਪਾਸ ਕਰੇ, ਜਿਵੇਂ ਚੀਨ ਵਿਚ ਘੱਟ-ਗਿਣਤੀ ਉਈਗਰ ਮੁਸਲਿਮ ਭਾਈਚਾਰੇ ਦੀ ਨਸਲਕੁਸ਼ੀ ਸਬੰਧੀ ਮਤਾ ਪਾਸ ਕੀਤਾ ਗਿਆ ਅਤੇ ਚੀਨ ਵਿਚ 2022 ਦੀਆਂ ਸਰਦ ਰੁੱਤ ਓਲੰਪਿਕ ਖੇਡਾਂ ਦਾ ਵੀ ਕੈਨੇਡਾ ਵੱਲੋਂ ਕੂਟਨੀਤਕ ਰਾਜਸੀ ਬਾਈਕਾਟ ਕੀਤਾ ਗਿਆ ਹੈ। ਭਾਰਤ ਦੀ ਕਾਂਗਰਸ ਸਰਕਾਰ ਵੱਲੋਂ ਕੀਤੀ ਸਿੱਖ ਨਸਲਕੁਸ਼ੀ ਦੀ ਤਰਜ਼ ਉੱਤੇ ਹੀ, ਗੁਜਰਾਤ ਵਿੱਚ 2002 ਵਿੱਚ ਭਾਜਪਾ ਸਰਕਾਰ ਨੇ ਮੁਸਲਿਮ ਕਤਲੇਆਮ ਅਤੇ ਫਿਰ ਉੜੀਸਾ ਵਿੱਚ ਇਸਾਈਆਂ ਦੇ ਕਤਲ ਅਤੇ ਹੋਰ ਘੱਟ ਗਿਣਤੀਆਂ, ਮੂਲ-ਨਿਵਾਸੀਆਂ ਅਤੇ ਦਲਿਤਾਂ ਤੇ ਜਬਰ ਕੀਤੇ ਅਤੇ ਅੱਜ ਵੀ ਹੋ ਰਹੇ ਹਨ। ਕੌਮਾਂਤਰੀ ਪੱਧਰ ਤੇ ਇਸ ਮਹਾਂ ਦੁਖਾਂਤ ਨੂੰ ਸਿੱਖ ਵਿਰੋਧੀ ਨਸਲਕੁਸ਼ੀ ਵਜੋਂ ਮਾਨਤਾ ਜ਼ਰੂਰੀ ਹੈ। ਇਤਿਹਾਸਕ ਕਿਤਾਬਾਂ ਰਾਹੀਂ ਸੱਚਾਈ ਤੋਂ ਜਾਣੂ ਕਰਵਾ ਕੇ, ਨਸਲਕੁਸ਼ੀ ਵਿਰੋਧੀ ਮੁਹਿੰਮ ਨੂੰ ਅਗਾਂਹ ਤੱਕ ਲਿਜਾਣ ਦੀ ਲੋੜ ਹੈ।ਇਹ ਨਸਲਕੁਸ਼ੀ ਕਿਉਂ ਅਤੇ ਕਿਵੇਂ ਹੈ, ਇਸ ਬਾਰੇ ਕਾਵਿਕ ਸ਼ਬਦਾਂ ਨਾਲ ਵਿਸ਼ਾ ਸਮੇਟਦੇ ਹਾਂ;

ਜਦ 'ਸੱਤਾ ਦੇ ਸਿੰਘਾਸਣ' ਉੱਪਰ
ਆ ਬੈਠਣ 'ਆਦਮਖ਼ੋਰ'
ਦਹਾੜਨ ਲਹੂ ਪਿਆਸੇ ਮੁਕੱਦਮ
ਆਦਮ-ਬੋ ਕਰ ਰਹੀ ਹੋਵੇ ਜਨੂੰਨੀ ਭੀੜ
ਸਭ ਸ਼ੈਤਾਨ ਟੁੱਟ ਪੈਣ ਬੇਗੁਨਾਹਾਂ 'ਤੇ
ਖੇਡਣ ਲਾਚਾਰ ਅਤੇ ਬੇਵੱਸਾਂ ਦੀ
ਖ਼ੂਨ ਦੀ ਹੋਲੀ
ਅਤੇ ਧਰਤ ਭਾਰਤ ਦੀ
ਥਾਂ-ਥਾਂ ਹੋ ਜਾਏ ਲਹੂ-ਲੁਹਾਣ....
ਹੋਰ ਕਿਸ ਨੂੰ ਆਖੇਂਗੇ ਨਸਲਕੁਸ਼ੀ?
ਜਦ ਰੱਖਿਅਕ ਹੀ ਬਣ ਜਾਣ ਭੱਖਿਅਕ
ਘੜਨ ਸਾਜਿਸ਼ ਖੁਰਾ-ਖੋਜ ਮਿਟਾਉਣ ਦੀ
ਕਰਨ ਜਨੂੰਨੀਆਂ ਦੀ ਪੁਸ਼ਤ-ਪਨਾਹੀ
ਦੇਣ ਖੁੱਲ੍ਹ ਮੌਤ ਦੇ ਤਾਂਡਵ ਦੀ
ਦਿਸੇ ਜਿਥੇ ਵੀ 'ਖਾਸ' ਨਸਲ ਧਰਮ ਦਾ ਬੰਦਾ
ਜਿਉਂਦੇ-ਜੀ ਸਾੜਨ ਸ਼ਰੇ-ਬਾਜ਼ਾਰ
ਨਾ ਬਖ਼ਸ਼ਣ ਉਸਦਾ ਘਰ ਪਰਿਵਾਰ...
ਹੋਰ ਕਿਸ ਨੂੰ ਆਖੇਂਗੇ ਨਸਲਕੁਸ਼ੀ?



CITY OF SURREY
the future lives here.

Proclamation

1984 Sikh Genocide Remembrance Month

November 2020

WHEREAS more than 250,000 Sikhs live and work in the City of Surrey and the surrounding areas, making vital contributions to the well-being of our community; and

WHEREAS the City of Surrey should reaffirm its commitment to the values we cherish – justice, equality, freedom, and human rights; and

WHEREAS organized and systematic violence was carried out against the Sikh population throughout India in November 1984; and

WHEREAS such heinous actions against the Sikhs were a clear violation of human rights and constituted genocide as defined under the laws of the United Nations; and

WHEREAS it is important to the Surrey community that we acknowledge such history in order to declare such acts as unacceptable;

NOW, THEREFORE, BE IT RESOLVED that I, Doug McCallum, do hereby declare November 2020 as "1984 Sikh Genocide Remembrance Month" in the City of Surrey.

Mayor Doug McCallum
City of Surrey



JACK LAYTON, MP, DÉPUTÉ
TORONTO – DANFORTH
LEADER, NEW DEMOCRATIC PARTY
CHEF, NOUVEAU PARTI DÉMOCRATIQUE

March 23, 2010

RE: Statement by New Democrat Leader Jack Layton on Kamal Nath

The New Democratic Party of Canada is concerned that a divisive and controversial Indian politician, Kamal Nath, has been invited to Canada.

The voices of a great many Indo-Canadians from all across the country have been very clear: they are especially hurt by the presence in Canada of a man who allegedly organized anti-Sikh pogroms.

Mr. Nath has been accused of participating in, orchestrating, inciting and leading angry mobs in Delhi in November 1984. Over the past 26 years, the wounds of 1984 have not healed.

Out of respect for the Canadian Sikh community, I am urging my caucus not to attend events featuring Kamal Nath.

Sincerely,

Jack Layton.

The Hon. Jack Layton, M.P. P.C
Leader of the New Democratic Party of Canada

OTTAWA
House of Commons
Chambre des communes
Ottawa, ON K1A 0A6
Tel./tél. (613) 995-7204
Fax/Téléc. (613) 995-5355

TORONTO
221 Broadview Avenue, Suite 100
Toronto, Ontario M4M 2G3
Tel./tél. (416) 405-8914
Fax/Téléc. (416) 405-8916
TDD: (416) 405-8917

laytoj@parl.gc.ca

ਸਿੱਖ ਇਤਿਹਾਸ ਅਣਗਿਣਤ ਕੁਰਬਾਨੀਆਂ, ਸਿਦਕ ਅਤੇ ਅਡੋਲਤਾ ਦੀ ਅਜਿਹੀ ਲਾਸਾਨੀ ਗਾਥਾ ਹੈ, ਜਿਸ ਦੀ ਮਿਸਾਲ ਦੁਨੀਆਂ ਦੇ ਕਿਸੇ ਹੋਰ ਕੋਨੇ ਵਿੱਚ ਨਹੀਂ ਮਿਲਦੀ। ਵੀਹਵੀਂ ਸਦੀ ਦੇ ਆਰੰਭ ਵਿੱਚ ਗੁਰਦੁਆਰਾ ਸੁਧਾਰ ਲਹਿਰ ਦੌਰਾਨ ਵਾਪਰਿਆ 'ਸਾਕਾ ਪੰਜਾ ਸਾਹਿਬ' ਸਿੱਖੀ ਦੀ ਨਿਸ਼ਕਾਮ ਸੇਵਾ ਅਤੇ ਭਾਈਚਾਰਕ ਸਾਂਝ ਦਾ ਸਿਖਰ ਹੋ ਨਿਬੜਿਆ। ਭੁੱਖੇ-ਭਾਣੇ ਕੈਦੀ ਸਿੰਘਾਂ ਨੂੰ ਲੰਗਰ ਛਕਾਉਣ ਖ਼ਾਤਰ ਆਪਣੀਆਂ ਹਿੱਕਾਂ ਅੱਗੇ ਤੇਜ਼ ਰਫ਼ਤਾਰ ਰੇਲ ਗੱਡੀ ਨੂੰ ਰੋਕ ਦੇਣ ਵਾਲੇ ਸ਼ਹੀਦ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਜੀ ਦਾ ਬਲੀਦਾਨ ਸਿਰਫ਼ ਇਤਿਹਾਸ ਦਾ ਪੰਨਾ ਹੀ ਨਹੀਂ, ਸਗੋਂ ਕੌਮ ਲਈ ਸਦਾ ਪ੍ਰੇਰਨਾ ਦਾ ਚਾਨਣ-ਮੁਨਾਰਾ ਹੈ। ਇਸ ਲੇਖ ਰਾਹੀਂ ਪ੍ਰਮਿੰਦਰ ਸਿੰਘ ਪ੍ਰਵਾਨਾ ਨੇ ਉਸ ਖ਼ੂਨੀ ਅਤੇ ਰੂਹ ਕੰਬਾਊ ਸਾਕੇ ਦੀ ਪੂਰੀ ਪਿੱਠਭੂਮੀ ਅਤੇ ਸ਼ਹੀਦਾਂ ਦੇ ਜੀਵਨ ਨੂੰ ਬੜੀ ਸ਼ਰਧਾ ਤੇ ਸੁਹਿਰਦਤਾ ਨਾਲ ਉਲੀਕਿਆ ਹੈ, ਤਾਂ ਜੋ ਅਜੋਕੀ ਨਵੀਂ ਪੀੜ੍ਹੀ ਆਪਣੇ ਸੁਨਹਿਰੀ ਤੇ ਗੌਰਵਮਈ ਵਿਰਸੇ ਨਾਲ ਜੁੜ ਸਕੇ। -ਸਤਨਾਮ ਸਿੰਘ ਖਾਲਸਾ

ਸਾਕਾ ਪੰਜਾ ਸਾਹਿਬ

ਸਿੱਖੀ ਸਿਦਕ, ਸੇਵਾ ਅਤੇ ਲਾਸਾਨੀ ਸ਼ਹਾਦਤ ਦਾ ਸੁਨਹਿਰੀ ਇਤਿਹਾਸ

ਗੁਰਮਤਿ ਫ਼ਲਸਫ਼ਾ ਅਤੇ ਇਤਿਹਾਸਕ ਪਿਛੋਕੜ

ਸਿੱਖ ਧਰਮ ਦੇ ਬਾਨੀ ਜਗਤ ਗੁਰੂ ਸ੍ਰੀ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੁੱਚੀ ਮਨੁੱਖਤਾ ਨੂੰ ਆਪਸੀ ਪ੍ਰੇਮ, ਨਿਸ਼ਕਾਮ ਸੇਵਾ, ਸ਼ਰਧਾ ਅਤੇ ਬਰਾਬਰਤਾ ਦਾ ਅਮੋਲਕ ਸੁਨੇਹਾ ਬਖ਼ਸ਼ਿਸ਼ ਕੀਤਾ:

'ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥' (ਅੰਗ 612)

ਭਾਵ ਹੇ ਮੇਰੇ ਮਿੱਤਰ, ਮੇਰੀ ਬੇਨਤੀ ਸੁਣ, ਮੈਂ ਤੇਰੇ ਚਰਨਾਂ ਦੀ ਧੂੜ ਤੋਂ ਕੁਰਬਾਨ ਜਾਂਦਾ ਹਾਂ। ਮੈਂ ਆਪਣਾ ਇਹ ਮਨ ਤੇਰਾ ਆਗਿਆਕਾਰ ਬਣਾਉਣ ਲਈ ਤਿਆਰ ਹਾਂ। ਹੇ ਮਿੱਤਰ! ਸਾਡਾ ਇੱਕੋ ਹੀ ਪ੍ਰਭੂ-ਪਿਤਾ ਹੈ, ਅਸੀਂ ਸਾਰੇ ਉਸੇ ਇੱਕੋ ਪਿਤਾ ਦੇ ਬੱਚੇ ਹਾਂ ਅਤੇ ਆਪਸ ਵਿੱਚ ਗੁਰ-ਭਾਈ ਹਾਂ।

ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਮਾਜ ਨੂੰ ਜ਼ਾਤ-ਪਾਤ ਦੇ ਭੇਦਭਾਵ ਤੋਂ ਮੁਕਤ ਕਰਕੇ ਜ਼ੁਲਮ ਅਤੇ ਅਨਿਆਂ ਦੇ ਵਿਰੁੱਧ ਹਿੱਕ ਡਾਹ ਕੇ ਲੜਨ, ਆਪਾ ਵਾਰਨ ਅਤੇ ਨਿਰਸੁਆਰਥ ਸੇਵਾ ਦੀ ਜੁਗਤ ਸਿਖਾਈ। ਬਰਾਬਰਤਾ ਦਾ ਇਹ ਇਲਾਹੀ ਸੁਨੇਹਾ ਸੁਣ ਕੇ ਹਰ ਵਰਗ ਦੇ ਲੋਕ ਸਿੱਖੀ ਵੱਲ ਖਿੱਚੇ ਚਲੇ ਆਏ। ਸਿੱਖ ਪੰਥ ਦੀ ਵਧਦੀ ਹਰਮਨਪਿਆਰਤਾ ਨੂੰ ਵੇਖ ਕੇ ਮੁਗ਼ਲ ਹਕੂਮਤ ਨੇ ਜਬਰੀ ਧਰਮ ਪਰਿਵਰਤਨ ਅਤੇ ਅਕਹਿ ਤਸ਼ੱਦਦ ਦਾ ਦੌਰ ਸ਼ੁਰੂ ਕੀਤਾ ਅਤੇ ਸਿੱਖਾਂ ਦਾ ਖੁਰਾ-ਖੋਜ ਮਿਟਾਉਣ ਦੀਆਂ ਸਹੁੰਆਂ ਖਾਧੀਆਂ ਗਈਆਂ। ਹਕੂਮਤੀ ਜ਼ੁਲਮਾਂ ਤੋਂ ਬਚਦਿਆਂ ਸਿੰਘਾਂ ਨੇ ਜੰਗਲਾਂ, ਪਹਾੜਾਂ, ਬੇਲਿਆਂ ਅਤੇ ਰੇਗਿਸਤਾਨਾਂ ਵਿੱਚ ਦਿਨ ਕੱਟੇ। ਇਸ ਔਖੇ ਸਮੇਂ ਗੁਰਧਾਮਾਂ ਦੀ ਸੇਵਾ-ਸੰਭਾਲ ਉਦਾਸੀ ਅਤੇ ਸਹਿਜਧਾਰੀ ਸਿੱਖਾਂ ਨੇ ਨਿਭਾਈ। ਮਹਾਰਾਜਾ ਰਣਜੀਤ ਸਿੰਘ ਦੇ ਰਾਜਕਾਲ ਦੌਰਾਨ ਗੁਰਦੁਆਰਾ ਸਾਹਿਬਾਨ ਦੀ ਨਵ-ਉਸਾਰੀ ਹੋਈ ਅਤੇ ਵੱਡੀਆਂ ਜਾਇਦਾਦਾਂ ਗੁਰਧਾਮਾਂ ਦੇ ਨਾਂ ਲੱਗੀਆਂ। ਪਰ ਮਹਾਰਾਜਾ ਦੇ ਅਕਾਲ ਚਲਾਣੇ ਉਪਰੰਤ ਡੋਗਰਿਆਂ ਦੀਆਂ ਸਾਜ਼ਿਸ਼ਾਂ ਕਾਰਨ ਪ੍ਰਬੰਧ ਵਿਗੜਦਾ ਚਲਾ ਗਿਆ। ਅੰਗਰੇਜ਼ ਹਕੂਮਤ ਸਿੰਘਾਂ ਦੀ ਰੂਹਾਨੀ ਸ਼ਕਤੀ ਨੂੰ ਕਮਜ਼ੋਰ ਕਰਨਾ ਚਾਹੁੰਦੀ ਸੀ। ਇਸ ਮਕਸਦ ਨਾਲ ਈਸਾਈ ਕੇਂਦਰ ਖੋਲ੍ਹੇ ਗਏ ਤਾਂ ਜੋ ਲੋਕਾਂ ਦਾ ਧਿਆਨ ਭਟਕਾ ਕੇ ਬਗ਼ਾਵਤ ਦੀ ਚੰਗਿਆੜੀ ਮੱਠੀ ਕੀਤੀ ਜਾ ਸਕੇ। ਕੁਝ ਨੌਜਵਾਨ ਪ੍ਰਭਾਵ ਹੇਠ ਆਉਣ ਲੱਗੇ, ਪਰ ਸਿੱਖ ਆਗੂਆਂ ਨੇ ਬੜੀ ਮੁਸ਼ੱਕਤ ਨਾਲ ਉਨ੍ਹਾਂ ਨੂੰ ਸੰਭਾਲਿਆ।

ਗੁਰਦੁਆਰਾ ਸੁਧਾਰ ਲਹਿਰ ਅਤੇ ਮਹੰਤਾਂ ਦੀ ਮਨਮਰਜ਼ੀ

ਗੁਰਧਾਮਾਂ ਦੇ ਪ੍ਰਬੰਧ ਵਿੱਚ ਅੰਗਰੇਜ਼ੀ ਹਕੂਮਤ ਦੀ ਸਿੱਧੀ ਦਖ਼ਲਅੰਦਾਜ਼ੀ ਸੀ। ਪਵਿੱਤਰ ਅਸਥਾਨਾਂ ਨੂੰ ਕੁਰੀਤੀਆਂ ਤੋਂ ਮੁਕਤ ਕਰਵਾਉਣ ਅਤੇ ਪੰਥਕ ਮਰਯਾਦਾ ਬਹਾਲ ਕਰਨ ਲਈ 1920 ਤੋਂ 1925 ਈਸਵੀ ਦਰਮਿਆਨ 'ਗੁਰਦੁਆਰਾ ਪ੍ਰਬੰਧ ਸੁਧਾਰ ਲਹਿਰ' ਪੂਰੇ ਜ਼ੋਰਾਂ 'ਤੇ ਚੱਲੀ। ਅੰਗਰੇਜ਼ ਸ਼ਹਿ ਪ੍ਰਾਪਤ ਮਹੰਤ ਗੁਰਦੁਆਰਿਆਂ ਨੂੰ ਆਪਣੀ ਜੱਦੀ ਜਾਇਦਾਦ ਸਮਝਣ ਲੱਗ ਪਏ ਸਨ। ਪਵਿੱਤਰ ਅਸਥਾਨਾਂ ਅੰਦਰ ਤੰਬਾਕੂ, ਸਿਗਰਟ, ਸ਼ਰਾਬ ਅਤੇ ਹੋਰ ਨਸ਼ਿਆਂ ਦੀ ਵਰਤੋਂ ਖੁੱਲ੍ਹੇਆਮ ਹੋਣ ਲੱਗੀ। ਵੇਸਵਾਵਾਂ ਦੇ ਨਾਚ-ਗਾਣੇ ਚੱਲੇ, ਬੀਬੀਆਂ ਦੀ ਬੇਪਤੀ ਹੋਈ ਅਤੇ ਮਨਮੱਤਾਂ ਤੇ ਕਰਮਕਾਂਡਾਂ ਦਾ ਬੋਲਬਾਲਾ ਹੋ ਗਿਆ। ਗੁਰਮਤਿ ਮਰਯਾਦਾ ਨੂੰ ਛਿੱਕੇ ਟੰਗ ਕੇ ਗੁਰਧਾਮਾਂ ਨੂੰ ਠਾਕੁਰਦੁਆਰਿਆਂ ਵਿੱਚ ਤਬਦੀਲ ਕੀਤਾ ਜਾਣ ਲੱਗਾ।

ਇਸ ਲਹਿਰ ਨੇ ਕੌਮ ਵਿੱਚ ਨਵੀਂ ਰੂਹ ਫੂਕ ਦਿੱਤੀ। ਨਨਕਾਣਾ ਸਾਹਿਬ, ਤਰਨਤਾਰਨ ਸਾਹਿਬ, ਪੰਜਾ ਸਾਹਿਬ, ਗੰਗਸਰ ਸਾਹਿਬ (ਜੈਤੋ) ਦੇ ਸ਼ਹੀਦੀ ਸਾਕੇ ਅਤੇ ਗੁਰੂ ਕਾ ਬਾਗ਼, ਭਾਈ ਫੇਰੂ, ਗੁਰਦੁਆਰਾ ਬਾਬੇ ਦੀ ਬੇਰ (ਸਿਆਲਕੋਟ), ਰਕਾਬਗੰਜ (ਦਿੱਲੀ) ਅਤੇ ਚਾਬੀਆਂ ਦੇ ਮੋਰਚੇ ਨੇ ਵੀਹਵੀਂ ਸਦੀ ਅੰਦਰ ਖ਼ਾਲਸਈ ਜਜ਼ਬੇ ਤੇ ਸ਼ਾਂਤਮਈ ਸ਼ਹਾਦਤਾਂ ਦੀ ਅਦੁੱਤੀ ਮਿਸਾਲ ਕਾਇਮ ਕੀਤੀ।

ਗੁਰੂ ਕਾ ਬਾਗ਼ ਮੋਰਚਾ: ਸ਼ਾਂਤਮਈ ਸਿਦਕ ਦੀ ਪ੍ਰੀਖਿਆ

ਅੰਮ੍ਰਿਤਸਰ ਤੋਂ ਕਰੀਬ 13 ਕਿਲੋਮੀਟਰ ਦੂਰ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ-ਛੋਹ ਪ੍ਰਾਪਤ ਗੁਰਦੁਆਰਾ ਗੁਰੂ ਕਾ ਬਾਗ਼ (ਘੁੱਕੇਵਾਲੀ) ਸਥਿਤ ਹੈ। ਇਸ ਗੁਰਦੁਆਰੇ ਦਾ ਪ੍ਰਬੰਧ ਮਹੰਤ ਸੁੰਦਰ ਦਾਸ ਕੋਲ ਸੀ। 8 ਅਗਸਤ 1922 ਨੂੰ ਜਦੋਂ ਸਿੰਘ ਗੁਰੂ ਕੇ ਲੰਗਰਾਂ ਵਾਸਤੇ ਬਾਗ਼ ਵਿੱਚੋਂ ਸੁੱਕੀਆਂ ਲੱਕੜਾਂ ਵੱਢਣ ਗਏ, ਤਾਂ ਮਹੰਤ ਨੇ ਸਰਕਾਰ ਨਾਲ ਮਿਲ ਕੇ ਸਿੰਘਾਂ ਨੂੰ ਗ੍ਰਿਫ਼ਤਾਰ ਕਰਵਾ ਦਿੱਤਾ। ਅਦਾਲਤ ਨੇ ਛੇ-ਛੇ ਮਹੀਨੇ ਦੀ ਕੈਦ ਅਤੇ ਜੁਰਮਾਨਾ ਸੁਣਾਇਆ।

25 ਅਗਸਤ 1922 ਤੋਂ ਸਿੰਘਾਂ ਦੀਆਂ ਧੜੱਲੇਦਾਰ ਗ੍ਰਿਫ਼ਤਾਰੀਆਂ ਸ਼ੁਰੂ ਹੋਈਆਂ ਅਤੇ ਇੱਥੋਂ ਹੀ ਇਤਿਹਾਸਕ ਸ਼ਾਂਤਮਈ ਮੋਰਚੇ ਦਾ ਮੁੱਢ ਬੱਝਿਆ। ਹਜ਼ਾਰਾਂ ਸਿੰਘਾਂ ਨੇ ਪੂਰਨ ਸ਼ਾਂਤਮਈ ਰਹਿ ਕੇ ਅੰਗਰੇਜ਼ ਪੁਲਿਸ ਅਧਿਕਾਰੀ ਬੀ.ਟੀ. ਦੀਆਂ ਲਾਠੀਆਂ ਅਤੇ ਘੋੜ-ਸਵਾਰ ਪੁਲਿਸ ਦੇ ਘੋੜਿਆਂ ਦੇ ਸੁੰਮਾਂ ਨੂੰ ਆਪਣੀਆਂ ਛਾਤੀਆਂ 'ਤੇ ਖਿੜੇ-ਮੱਥੇ ਝੱਲਿਆ। 26 ਅਗਸਤ 1922 ਨੂੰ ਪੰਥਕ ਆਗੂਆਂ—ਭਾਈ ਜਸਵੰਤ ਸਿੰਘ, ਭਾਈ ਮਹਿਤਾਬ ਸਿੰਘ, ਪ੍ਰੋਫ਼ੈਸਰ ਸਾਹਿਬ ਸਿੰਘ, ਗਿਆਨੀ ਸੁਰਮੁੱਖ ਸਿੰਘ ਝਬਾਲ, ਬਾਬਾ ਕੇਹਰ ਸਿੰਘ ਪੱਟੀ, ਮਾਸਟਰ ਤਾਰਾ ਸਿੰਘ ਅਤੇ ਭਾਈ ਰਵੇਲ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ। 30 ਅਗਸਤ ਨੂੰ 60 ਸਿੰਘਾਂ ਦੇ ਜੱਥੇ 'ਤੇ ਪੁਲਿਸ ਨੇ ਸੁੱਤੇ ਪਿਆਂ 'ਤੇ ਅੰਨ੍ਹੇਵਾਹ ਡਾਂਗਾਂ ਵਰ੍ਹਾਈਆਂ। 31 ਅਗਸਤ 1922 ਤੋਂ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਰੋਜ਼ਾਨਾ 100 ਸਿੰਘਾਂ ਦਾ ਸ਼ਾਂਤਮਈ ਜੱਥਾ ਗ੍ਰਿਫ਼ਤਾਰੀ ਲਈ ਰਵਾਨਾ ਹੋਣ ਲੱਗਾ। ਸਰਕਾਰ ਸਿੰਘਾਂ ਨੂੰ ਗੋਬਿੰਦਗੜ੍ਹ ਕਿਲ੍ਹੇ ਵਿੱਚ ਬੰਦ ਕਰਦੀ ਰਹੀ, ਪਰ ਜਦੋਂ ਗਿਣਤੀ ਵਧ ਗਈ ਤਾਂ ਉਨ੍ਹਾਂ ਨੂੰ ਰੇਲ ਗੱਡੀਆਂ ਰਾਹੀਂ ਅਟਕ ਅਤੇ ਰਾਵਲਪਿੰਡੀ ਦੀਆਂ ਜੇਲ੍ਹਾਂ ਵਿੱਚ ਭੇਜਣਾ ਸ਼ੁਰੂ ਕਰ ਦਿੱਤਾ ਗਿਆ।

ਅਟਕ ਜੇਲ੍ਹ ਵੱਲ ਕੈਦੀਆਂ ਦੀ ਰਵਾਨਗੀ ਅਤੇ ਪੰਜਾ ਸਾਹਿਬ ਦਾ ਸੰਕਲਪ

ਗੁਰੂ ਕਾ ਬਾਗ਼ ਮੋਰਚੇ ਵਿੱਚ ਸਾਬਕਾ ਫ਼ੌਜੀ ਪੈਨਸ਼ਨਰਾਂ ਦਾ ਇੱਕ ਜੱਥਾ ਵੀ ਗ੍ਰਿਫ਼ਤਾਰ ਹੋਇਆ ਸੀ, ਜਿਸ ਦੀ ਅਗਵਾਈ ਸੂਬੇਦਾਰ ਅਮਰ ਸਿੰਘ (ਧਾਲੀਵਾਲ, ਕਪੂਰਥਲਾ) ਅਤੇ ਮਾਸਟਰ ਚਤਰ ਸਿੰਘ (ਹਵਾਲਦਾਰ 19 ਨੰਬਰ ਪਲਟਨ) ਕਰ ਰਹੇ ਸਨ। ਮੈਜਿਸਟਰੇਟ ਨਵਾਬ ਅਸਲਮ ਹਯਾਤ ਖ਼ਾਨ ਨੇ ਇਨ੍ਹਾਂ ਯੋਧਿਆਂ ਨੂੰ ਢਾਈ-ਢਾਈ ਸਾਲ ਦੀ ਸਖ਼ਤ ਕੈਦ ਅਤੇ ਜੁਰਮਾਨੇ ਦੀ ਸਜ਼ਾ ਸੁਣਾਈ। 29 ਅਕਤੂਬਰ 1922 ਦੀ ਰਾਤ ਨੂੰ ਇਹ ਜੱਥਾ ਵਿਸ਼ੇਸ਼ ਰੇਲ ਗੱਡੀ ਰਾਹੀਂ ਅੰਮ੍ਰਿਤਸਰ ਤੋਂ ਅਟਕ ਜੇਲ੍ਹ ਲਈ ਰਵਾਨਾ ਕੀਤਾ ਗਿਆ। 30 ਅਕਤੂਬਰ ਨੂੰ ਇਹ ਗੱਡੀ ਗੁਜਰਾਂਵਾਲਾ ਪੁੱਜੀ, ਜਿੱਥੇ ਭਾਈ ਅਮਰੀਕ ਸਿੰਘ, ਡਾ. ਮਹਾਂ ਸਿੰਘ, ਸਰਦਾਰ ਨਰਾਇਣ ਸਿੰਘ ਵਕੀਲ ਅਤੇ ਸੰਗਤਾਂ ਨੇ ਜੱਥੇ ਦਾ ਨਿੱਘਾ ਸਵਾਗਤ ਕਰਦਿਆਂ ਫਲ ਅਤੇ ਮਿਠਾਈਆਂ ਭੇਟ ਕੀਤੀਆਂ।

ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)
(510) 415-9377

ਜਦੋਂ ਗੁਰਦੁਆਰਾ ਪੰਜਾ ਸਾਹਿਬ ਦੀ ਸੰਗਤ ਨੂੰ ਪਤਾ ਲੱਗਾ ਕਿ ਭੁੱਖੇ-ਤਿਹਾਏ ਸਿੰਘਾਂ ਵਾਲੀ ਸਪੈਸ਼ਲ ਰੇਲ ਗੱਡੀ ਹਸਨ ਅਬਦਾਲ ਸਟੇਸ਼ਨ ਤੋਂ ਲੰਘਣੀ ਹੈ, ਤਾਂ ਸੰਗਤ ਨੇ ਰੇਲ ਰੋਕ ਕੇ ਵੀਰਾਂ ਨੂੰ ਲੰਗਰ ਛਕਾਉਣ ਦੀ ਵਿਉਂਤ ਬਣਾਈ। ਜਦੋਂ ਸਟੇਸ਼ਨ ਮਾਸਟਰ ਨਾਲ ਗੱਲ ਕੀਤੀ ਗਈ ਤਾਂ ਉਸਨੇ ਸਾਫ਼ ਇਨਕਾਰ ਕਰਦਿਆਂ ਕਿਹਾ ਕਿ ਗੱਡੀ ਕਿਸੇ ਵੀ ਹਾਲਤ ਵਿੱਚ ਨਹੀਂ ਰੁਕੇਗੀ, ਸਿੱਧੀ ਅਟਕ ਜਾਵੇਗੀ। ਇਹ ਸੁਣ ਕੇ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਨੇ ਦ੍ਰਿੜ੍ਹ ਸੰਕਲਪ ਲਿਆ: 'ਗੱਡੀ ਜ਼ਰੂਰ ਰੁਕੇਗੀ, ਅਸੀਂ ਆਪਣੇ ਵੀਰਾਂ ਨੂੰ ਲੰਗਰ ਛਕਾ ਕੇ ਹੀ ਰੇਲ ਨੂੰ ਅੱਗੇ ਜਾਣ ਦੇਵਾਂਗੇ।'

ਲੋਹੇ ਦੇ ਪਹੀਆਂ ਮੂਹਰੇ ਅਡੋਲ ਛਾਤੀਆਂ: ਸਾਕੇ ਦਾ ਖ਼ੂਨੀ ਮੰਜ਼ਰ

ਹਸਨ ਅਬਦਾਲ ਸਟੇਸ਼ਨ 'ਤੇ ਗੱਡੀ ਨੂੰ ਥਰੂ ਲੰਘਾਉਣ ਦਾ ਸਿਗਨਲ ਹੋ ਚੁੱਕਾ ਸੀ। ਗੱਡੀ ਰੁਕਣ ਦੀ ਕੋਈ ਉਮੀਦ ਨਾ ਦੇਖ ਕੇ ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਦੀ ਅਗਵਾਈ ਵਿੱਚ ਸਿੱਖ ਸੰਗਤਾਂ ਰੇਲਵੇ ਲਾਈਨ 'ਤੇ ਚੌਂਕੜੇ ਮਾਰ ਕੇ ਬੈਠ ਗਈਆਂ। ਰੇਲ ਡਰਾਈਵਰ ਨੇ ਚਿਤਾਵਨੀ ਭਰੀਆਂ ਲਗਾਤਾਰ ਸੀਟੀਆਂ ਵਜਾਈਆਂ, ਪਰ ਮੌਤ ਦੇ ਭੈਅ ਤੋਂ ਮੁਕਤ ਹੋ ਚੁੱਕੇ ਸੂਰਬੀਰ ਟੱਸ ਤੋਂ ਮੱਸ ਨਾ ਹੋਏ। ਰੇਲ ਤੇਜ਼ ਰਫ਼ਤਾਰ ਨਾਲ ਅੱਗੇ ਵਧੀ। ਭਾਈ ਪ੍ਰਤਾਪ ਸਿੰਘ ਅਤੇ ਭਾਈ ਕਰਮ ਸਿੰਘ ਸਭ ਤੋਂ ਅੱਗੇ ਲੀਹਾਂ 'ਤੇ ਲੇਟ ਗਏ। ਲੋਹੇ ਦਾ ਇੰਜਣ ਹੱਡੀਆਂ ਚੀਰਦਾ ਹੋਇਆ ਦੋਹਾਂ ਸਿੰਘਾਂ ਦੇ ਸਰੀਰਾਂ ਨੂੰ ਪਿੰਜ ਕੇ ਲੰਘ ਗਿਆ ਅਤੇ ਆਖ਼ਰ ਗੱਡੀ ਰੁਕ ਗਈ। ਕਈ ਹੋਰ ਸਿੰਘ ਵੀ ਫੱਟੜ ਹੋਏ। ਗੰਭੀਰ ਜ਼ਖ਼ਮੀ ਹਾਲਤ ਵਿੱਚ ਜਦੋਂ ਸੰਗਤ ਨੇ ਦੋਹਾਂ ਆਗੂਆਂ ਨੂੰ ਸੰਭਾਲਣਾ ਚਾਹਿਆ, ਤਾਂ ਉਨ੍ਹਾਂ ਮਰਦੇ ਦਮ ਵੀ ਇਹੀ ਬੋਲ ਕਹੇ: 'ਪਹਿਲਾਂ ਗੱਡੀ ਵਿੱਚ ਬੈਠੇ ਭੁੱਖੇ ਵੀਰਾਂ ਨੂੰ ਲੰਗਰ ਛਕਾਓ, ਸਾਡੀ ਸੰਭਾਲ ਬਾਅਦ ਵਿੱਚ ਕਰਨਾ।' ਸੰਗਤ ਨੇ ਕੈਦੀ ਸਿੰਘਾਂ ਨੂੰ ਲੰਗਰ ਛਕਾਇਆ। ਦੋਹਾਂ ਜ਼ਖ਼ਮੀ ਸਿੰਘਾਂ ਨੂੰ ਗੁਰਦੁਆਰਾ ਪੰਜਾ ਸਾਹਿਬ ਲਿਆਂਦਾ ਗਿਆ, ਜਿੱਥੇ ਉਹ ਸ਼ਹਾਦਤ ਦਾ ਜਾਮ ਪੀ ਕੇ ਗੁਰੂ ਚਰਨਾਂ ਵਿੱਚ ਜਾ ਬਿਰਾਜੇ।

ਇਸ ਸਾਕੇ ਵਿੱਚ ਜ਼ਖ਼ਮੀ ਹੋਣ ਵਾਲੇ ਸਿੰਘ:

ਭਾਈ ਗੰਗਾ ਸਿੰਘ (ਪਿੰਡ ਮੱਜਾ, ਜ਼ਿਲ੍ਹਾ ਅਟਕ)
ਭਾਈ ਚਰਨ ਸਿੰਘ (ਪਿੰਡ ਮੱਜਾ, ਜ਼ਿਲ੍ਹਾ ਅਟਕ)
ਭਾਈ ਨਿਹਾਲ ਸਿੰਘ (ਪਿੰਡ ਲਾਲਪੁਰਾ/ਝਬਾਲ, ਜ਼ਿਲ੍ਹਾ ਅੰਮ੍ਰਿਤਸਰ – ਸੇਵਾਦਾਰ ਗੁਰਦੁਆਰਾ ਪੰਜਾ ਸਾਹਿਬ)
ਭਾਈ ਭਾਗ ਸਿੰਘ (ਪਿੰਡ ਘੜਿਆਲ, ਜ਼ਿਲ੍ਹਾ ਕੈਂਬਲਪੁਰ – ਹਲਵਾਈ ਗੁਰਦੁਆਰਾ ਪੰਜਾ ਸਾਹਿਬ)
ਭਾਈ ਫ਼ਕੀਰ ਸਿੰਘ (ਨਿਵਾਸੀ ਪੰਜਾ ਸਾਹਿਬ)
ਭਾਈ ਕਲਿਆਣ ਸਿੰਘ (ਪਿੰਡ ਮਤਿਹਾਰੀ, ਜ਼ਿਲ੍ਹਾ ਮੁਜ਼ੱਫ਼ਰਾਬਾਦ, ਕਸ਼ਮੀਰ)
ਰੇਲ ਡਰਾਈਵਰ ਦੀ ਗਵਾਹੀ

ਇਸ ਘਟਨਾ ਤੋਂ ਬਾਅਦ ਸਰਕਾਰ ਨੇ ਹਾਈ ਕੋਰਟ ਦੇ ਜੱਜ ਰਾਹੀਂ ਜਾਂਚ ਕਰਵਾਈ ਕਿ ਹੁਕਮਾਂ ਦੇ ਬਾਵਜੂਦ ਰੇਲ ਕਿਵੇਂ ਰੁਕੀ। ਡਰਾਈਵਰ (ਜੋ ਜ਼ਿਲ੍ਹਾ ਗੁਜਰਾਤ ਦਾ ਅਰਾਈਂ ਮੁਸਲਮਾਨ ਸੀ) ਨੇ ਆਪਣੇ ਬਿਆਨ ਵਿੱਚ ਕਿਹਾ:

'ਮੈਨੂੰ ਗੱਡੀ ਨਾ ਰੋਕਣ ਦਾ ਸਖ਼ਤ ਹੁਕਮ ਸੀ, ਇਸ ਲਈ ਮੈਂ ਪੂਰੀ ਰਫ਼ਤਾਰ ਨਾਲ ਚਲਾ ਰਿਹਾ ਸੀ। ਪਰ ਜਿਵੇਂ ਹੀ ਗੱਡੀ ਸਿੰਘਾਂ ਨਾਲ ਟਕਰਾਈ, ਮੈਨੂੰ ਇੰਝ ਮਹਿਸੂਸ ਹੋਇਆ ਜਿਵੇਂ ਰੇਲ ਕਿਸੇ ਵਿਸ਼ਾਲ ਪਰਬਤ ਨਾਲ ਜਾ ਵੱਜੀ ਹੋਵੇ। ਗੱਡੀ ਤੁਰੰਤ ਥੰਮ੍ਹ ਗਈ। ਤਕਨੀਕੀ ਜਾਂਚ ਤੋਂ ਸਾਬਤ ਹੋਇਆ ਕਿ ਬਰੇਕ ਨਹੀਂ ਸੀ ਲੱਗੀ।'

ਅੰਗਰੇਜ਼ ਹਕੂਮਤ ਨੇ ਬੌਖਲਾਹਟ ਵਿੱਚ ਆ ਕੇ ਡਰਾਈਵਰ ਨੂੰ ਨੌਕਰੀ ਤੋਂ ਬਰਖ਼ਾਸਤ ਕਰ ਦਿੱਤਾ। ਹਰ ਸਾਲ 15 ਕੱਤਕ ਨੂੰ ਗੁਰਦੁਆਰਾ ਪੰਜਾ ਸਾਹਿਬ ਵਿਖੇ ਇਨ੍ਹਾਂ ਸ਼ਹੀਦਾਂ ਦੀ ਯਾਦ ਬੜੀ ਸ਼ਰਧਾ ਨਾਲ ਮਨਾਈ ਜਾਂਦੀ ਹੈ।

ਸ਼ਹੀਦਾਂ ਦਾ ਸੰਖੇਪ ਜੀਵਨ ਬਿਓਰਾ

1. ਸ਼ਹੀਦ ਭਾਈ ਪ੍ਰਤਾਪ ਸਿੰਘ ਜੀ

ਭਾਈ ਪ੍ਰਤਾਪ ਸਿੰਘ ਜੀ ਦਾ ਜਨਮ 26 ਮਾਰਚ 1899 ਨੂੰ ਪਿੰਡ ਅਕਾਲਗੜ੍ਹ (ਜ਼ਿਲ੍ਹਾ ਗੁਜਰਾਂਵਾਲਾ) ਵਿਖੇ ਪਿਤਾ ਸ੍ਰ. ਸਰੂਪ ਸਿੰਘ (ਜੋ ਸਰਾਫ਼ੀ ਦਾ ਕਾਰੋਬਾਰ ਕਰਦੇ ਸਨ) ਅਤੇ ਮਾਤਾ ਪ੍ਰੇਮ ਕੌਰ ਜੀ ਦੀ ਕੁੱਖੋਂ ਹੋਇਆ। ਆਪ ਬਚਪਨ ਤੋਂ ਹੀ ਭਜਨ-ਬੰਦਗੀ ਅਤੇ ਸੇਵਾ-ਸਿਮਰਨ ਵਿੱਚ ਲੀਨ ਰਹਿੰਦੇ ਸਨ। ਨੌਵੀਂ ਜਮਾਤ ਪਾਸ ਕਰਨ ਉਪਰੰਤ 1916 ਵਿੱਚ ਆਪ ਜੀ ਦਾ ਵਿਆਹ ਬੀਬੀ ਹਰਨਾਮ ਕੌਰ (ਪਿੰਡ ਲਹੀਆਂ ਵਾਲਾ) ਨਾਲ ਹੋਇਆ।

ਕੁਝ ਸਮਾਂ ਮੰਡੀ ਭਲਵਾਲ (ਸਰਗੋਧਾ) ਵਿਖੇ ਅਧਿਆਪਕ ਰਹੇ, ਫਿਰ ਕਰਾਚੀ ਆੜ੍ਹਤ ਦੀ ਦੁਕਾਨ 'ਤੇ ਕੰਮ ਕੀਤਾ। ਸਿੰਘ ਸਭਾ ਲਹਿਰ ਦੇ ਪ੍ਰਭਾਵ ਹੇਠ ਅੰਮ੍ਰਿਤਪਾ

ਪਲੀਤ ਹੋ ਰਹੇ ਪੰਜਾਬ ਦੇ ਪਾਣੀ

ਪੰਜਾਬ ਵਿੱਚ ਪਾਣੀਆਂ ਦੀ ਵੰਡ ਅਤੇ ਹੋਰ ਸਬੰਧਿਤ ਮੁੱਦਿਆਂ ਬਾਰੇ ਅਖ਼ਬਾਰਾਂ, ਸੋਸ਼ਲ ਮੀਡੀਆ ਅਤੇ ਹੋਰਨਾਂ ਸਾਧਨਾਂ ਰਾਹੀਂ ਭਖਵੀਂ ਬਹਿਸ ਛਿੜਨ ਦੇ ਬਾਵਜੂਦ ਪਲੀਤ ਹੋ ਰਹੇ ਪੰਜਾਬ ਦੇ ਪਾਣੀਆਂ ਦਾ ਅਹਿਮ ਪੱਖ ਇਸ ਬਹਿਸ 'ਚ ਸ਼ਾਮਿਲ ਨਹੀਂ ਹੋਇਆ। ਸਰਕਾਰਾਂ ਅਤੇ ਆਮ ਲੋਕ ਤਾਜ਼ੇ ਪਾਣੀ ਦੇ ਸਰੋਤਾਂ ਦੇ ਗੰਧਲੇ ਹੋਣ ਪ੍ਰਤੀ ਬੇਖ਼ਬਰ ਤਾਂ ਹਨ ਹੀ ਸਗੋਂ ਉਹ ਇਨ੍ਹਾਂ ਸਰੋਤਾਂ ਨੂੰ ਪਲੀਤ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਹੇ। ਕੁਦਰਤ ਨੇ ਪੰਜਾਬ ਦੀ ਧਰਤੀ ਨੂੰ ਸਾਫ਼ ਪਾਣੀਆਂ ਦੇ ਅਨਮੋਲ ਖ਼ਜ਼ਾਨੇ ਬਖ਼ਸ਼ੇ ਹਨ। ਹਿਮਾਲਿਆ ਦੇ ਬਰਫ਼ੀਲੇ ਪਹਾੜਾਂ ਵਿੱਚੋਂ ਨਿਕਲ ਕੇ ਦਰਿਆ ਇਸ ਧਰਤੀ ਵੱਲ ਵਹਿੰਦੇ ਹਨ, ਜਿਸ ਸਦਕਾ ਪੰਜਾਬ ਦੇ ਬਹੁਤੇ ਹਿੱਸੇ ਵਿੱਚ ਇਨ੍ਹਾਂ ਦਾ ਮਿੱਠਾ ਪਾਣੀ ਧਰਤੀ ਹੇਠਾਂ ਸਿੰਮਿਆ ਹੋਇਆ ਹੈ। ਇਸੇ ਕਾਰਨ ਇਹ ਪਾਣੀ ਮਨੁੱਖੀ ਜੀਵਨ, ਬਨਸਪਤੀ ਅਤੇ ਜੀਵ-ਜੰਤੂਆਂ ਲਈ ਅਤਿ ਗੁਣਕਾਰੀ ਹੈ, ਪਰ ਅੱਜ ਪਾਣੀਆਂ ਦੇ ਸੋਮਿਆਂ ਨੂੰ ਦੂਸ਼ਿਤ ਕਰਨਾ ਆਮ ਵਰਤਾਰਾ ਬਣ ਚੁੱਕਾ ਹੈ। ਸਿੱਟੇ ਵਜੋਂ, ਪਾਣੀ ਦੇ ਬਹੁਤੇ ਸਰੋਤ ਖ਼ਤਰਨਾਕ ਪੱਧਰ ਤੱਕ ਗੰਧਲੇ ਹੋ ਚੁੱਕੇ ਹਨ। ਪੰਜਾਬ ਦੇ ਕੁਝ ਇਲਾਕਿਆਂ ਵਿੱਚ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਪੈਦਾ ਹੋ ਚੁੱਕੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਦੇ ਹੋਰਨਾਂ ਖੇਤਰਾਂ ਵਿੱਚ ਵੀ ਫੈਲਣ ਦਾ ਡਰ ਹੈ। ਸਰਕਾਰਾਂ, ਆਮ ਲੋਕਾਂ ਅਤੇ ਵੱਖ-ਵੱਖ ਅਦਾਰਿਆਂ ਵੱਲੋਂ ਪਾਣੀਆਂ ਨੂੰ ਪਲੀਤ ਕਰਨ ਵਿੱਚ ਨਿਭਾਈ ਭੂਮਿਕਾ ਉੱਤੇ ਚਾਨਣਾ ਪਾਉਣਾ ਬਣਦਾ ਹੈ ਤਾਂ ਜੋ ਪਾਣੀਆਂ ਬਾਰੇ ਇਹ ਅਹਿਮ ਮੁੱਦਾ ਵੀ ਪ੍ਰਮੁੱਖਤਾ ਨਾਲ ਉਠਾਇਆ ਜਾ ਸਕੇ।

ਪੰਜਾਬ ਦੇ ਸ਼ਹਿਰਾਂ ਵਿੱਚ ਸੀਵਰੇਜ ਤਾਂ ਪੈ ਚੁੱਕੇ ਹਨ, ਪਰ ਬਹੁਤੇ ਸ਼ਹਿਰਾਂ ਵਿੱਚ ਸੀਵਰੇਜ ਦੇ ਗੰਦੇ ਪਾਣੀ ਦੀ ਸੁਚੱਜੀ ਨਿਕਾਸੀ ਲਈ ਟਰੀਟਮੈਂਟ ਪਲਾਂਟ ਨਹੀਂ ਲਗਾਏ ਗਏ। ਜਿਨ੍ਹਾਂ ਥਾਵਾਂ ਉੱਤੇ ਇਹ ਪਲਾਂਟ ਲੱਗੇ ਵੀ ਹਨ, ਉਹ ਸਹੀ ਢੰਗ ਨਾਲ ਕੰਮ ਨਹੀਂ ਕਰ ਰਹੇ। ਇਸ ਨੂੰ ਸੂਬੇ ਦੀ ਸ਼ਹਿਰੀ ਵਿਕਾਸ ਯੋਜਨਾ ਦੀ ਵੱਡੀ ਅਣਗਹਿਲੀ ਹੀ ਕਿਹਾ ਜਾ ਸਕਦਾ ਹੈ। ਨਤੀਜੇ ਵਜੋਂ ਸ਼ਹਿਰਾਂ ਦੇ ਸੀਵਰੇਜ ਦਾ ਗੰਦਾ ਪਾਣੀ ਸਿੱਧਾ ਨਦੀਆਂ ਅਤੇ ਨਾਲਿਆਂ ਵਿੱਚ ਸੁੱਟਿਆ ਜਾ ਰਿਹਾ ਹੈ, ਜੋ ਦਰਿਆਵਾਂ ਦੇ ਸਾਫ਼ ਪਾਣੀ ਨੂੰ ਗੰਧਲਾ ਕਰਨ ਦਾ ਮੁੱਖ ਕਾਰਨ ਬਣ ਰਿਹਾ ਹੈ। ਉਦਾਹਰਣ ਵਜੋਂ, ਸੂਬੇ ਦੇ ਸਾਰੇ ਵੱਡੇ ਸ਼ਹਿਰਾਂ, ਜਿਵੇਂ ਜਲੰਧਰ ਦੇ ਸੀਵਰੇਜ ਦਾ ਪਾਣੀ ਬਿਆਸ ਅਤੇ ਲੁਧਿਆਣੇ ਦਾ ਪਾਣੀ ਸਤਲੁਜ ਵਿੱਚ ਪਾਇਆ ਜਾ ਰਿਹਾ ਹੈ। ਇਸੇ ਤਰ੍ਹਾਂ ਰੂਪਨਗਰ ਤੇ ਨੰਗਲ ਦਾ ਗੰਦਾ ਪਾਣੀ ਸਤਲੁਜ ਤੇ ਸਰਹਿੰਦ ਨਹਿਰ ਵਿੱਚ ਸੁੱਟਿਆ ਜਾਂਦਾ ਹੈ। ਚੰਡੀਗੜ੍ਹ ਅਤੇ ਮੁਹਾਲੀ ਦੇ ਨਾਲ-ਨਾਲ ਪਟਿਆਲਾ ਸ਼ਹਿਰ ਦਾ ਸੀਵਰੇਜ ਦਾ ਪਾਣੀ ਘੱਗਰ ਦਰਿਆ ਦੇ ਹਵਾਲੇ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸ਼ਹਿਰਾਂ ਅਤੇ ਕਸਬਿਆਂ ਦੇ ਆਸ-ਪਾਸ ਲੱਗੀਆਂ ਫੈਕਟਰੀਆਂ ਦਾ ਜ਼ਹਿਰੀਲਾ ਅਤੇ ਰਸਾਇਣਾਂ ਵਾਲਾ ਪਾਣੀ ਵੀ ਬਿਨਾਂ ਕਿਸੇ ਰੋਕ-ਟੋਕ ਤੋਂ ਸੀਵਰੇਜ ਦੇ ਪਾਣੀ ਵਿੱਚ ਹੀ ਮਿਲਾ ਦਿੱਤਾ ਜਾਂਦਾ ਹੈ। ਇਸ ਦੀਆਂ ਪ੍ਰਮੁੱਖ ਉਦਾਹਰਣਾਂ ਲੁਧਿਆਣੇ ਦਾ ਬੁੱਢਾ ਨਾਲਾ ਅਤੇ ਹਿਮਾਚਲ ਪ੍ਰਦੇਸ਼ ਦੇ ਬੱਦੀ ਤੇ ਨਾਲਾਗੜ੍ਹ ਦੀਆਂ ਫੈਕਟਰੀਆਂ ਦਾ ਜ਼ਹਿਰੀਲੇ ਰਸਾਇਣਾਂ ਵਾਲੀ ਪਾਣੀ ਹੈ, ਜੋ ਸਰਸਾ ਨਦੀ ਰਾਹੀਂ ਹੁੰਦਾ ਹੋਇਆ ਸਤਲੁਜ ਦਰਿਆ ਤੇ ਸਰਹਿੰਦ ਨਹਿਰ ਵਿੱਚ ਜਾ ਡਿੱਗਦਾ ਹੈ। ਕਈ ਥਾਵਾਂ ਉੱਤੇ ਤਾਂ ਫੈਕਟਰੀ ਮਾਲਕਾਂ ਵੱਲੋਂ ਡੂੰਘੇ ਬੋਰ ਕਰਵਾ ਕੇ ਜ਼ਹਿਰੀਲੇ ਰਸਾਇਣਾਂ ਵਾਲਾ ਪਾਣੀ ਸਿੱਧਾ ਧਰਤੀ ਹੇਠਲੇ ਸਾਫ਼ ਪਾਣੀ ਵਿੱਚ ਪਹੁੰਚਾ ਦਿੱਤੇ ਜਾਣ ਦੀਆਂ ਖ਼ਬਰਾਂ ਹਨ।

ਪੰਜਾਬ ਦੇ ਪਾਣੀਆਂ ਨੂੰ ਪਲੀਤ ਕਰਨ ਵਿੱਚ ਸੂਬੇ ਦੀ ਖੇਤੀਬਾੜੀ ਦਾ ਵੀ ਹਿੱਸਾ ਹੈ। ਹਰੇ ਇਨਕਲਾਬ ਦੀ ਆਮਦ ਦੇ ਨਾਲ ਹੀ ਖੇਤੀ ਵਿਗਿਆਨੀਆਂ ਅਤੇ ਮਾਹਿਰਾਂ ਵੱਲੋਂ ਵੱਧ ਝਾੜ ਦੇਣ ਵਾਲੀਆਂ ਨਵੀਆਂ ਕਿਸਮਾਂ ਨੂੰ ਉਗਾਉਣ ਲਈ ਰਸਾਇਣਕ ਖਾਦਾਂ ਦੀ ਵਰਤੋਂ ਦੀ ਸਿਫ਼ਾਰਸ਼ ਕੀਤੀ ਗਈ ਸੀ। ਹਰੇ ਇਨਕਲਾਬ ਦੀ ਇਸ ਤਕਨਾਲੋਜੀ ਨੂੰ ਕਾਮਯਾਬ ਕਰਨ ਲਈ ਕਿਸਾਨਾਂ ਨੂੰ ਇੱਕ ਪੈਕੇਜ ਦਿੱਤਾ ਗਿਆ ਸੀ, ਜਿਸ ਵਿੱਚ ਨਵੇਂ ਬੀਜ, ਰਸਾਇਣਕ ਖਾਦਾਂ, ਕੀੜੇਮਾਰ ਦਵਾਈਆਂ/ਕੀਟਨਾਸ਼ਕਾਂ ਦੀ ਵਰਤੋਂ, ਯਕੀਨੀ ਸਿੰਚਾਈ ਪ੍ਰਬੰਧ ਅਤੇ ਮਸ਼ੀਨੀਕਰਨ ਸ਼ਾਮਿਲ ਸਨ। ਖੇਤੀ ਦਾ ਵਪਾਰੀਕਰਨ ਹੋ ਚੁੱਕਾ ਸੀ, ਇਸ ਲਈ ਫ਼ਸਲਾਂ ਦੇ ਬਚਾਅ ਲਈ ਕੀੜੇਮਾਰ ਦਵਾਈਆਂ ਦੀ ਅੰਨ੍ਹੇਵਾਹ ਵਰਤੋਂ ਉੱਤੇ ਜ਼ੋਰ ਦਿੱਤਾ ਗਿਆ।

ਰਸਾਇਣਕ ਖਾਦਾਂ ਅਤੇ ਕੀਟਨਾਸ਼ਕਾਂ ਦੀ ਵਰਤੋਂ ਨਾਲ ਕੁਝ ਹੱਦ ਤੱਕ ਫ਼ਸਲੀ ਨੁਕਸਾਨ ਨੂੰ ਰੋਕਣ ਵਿੱਚ ਕਾਮਯਾਬੀ ਤਾਂ ਮਿਲੀ, ਪਰ ਇਨ੍ਹਾਂ ਜ਼ਹਿਰੀਲੇ ਪਦਾਰਥਾਂ ਦਾ ਵੱਡਾ ਹਿੱਸਾ ਧਰਤੀ ਉੱਤੇ ਡਿੱਗ ਪੈਂਦਾ ਹੈ ਜੋ ਸਿੰਚਾਈ ਦੇ ਪਾਣੀ ਨਾਲ ਰਲ ਕੇ ਜ਼ਮੀਨ ਦੇ ਹੇਠਾਂ ਚਲਾ ਜਾਂਦਾ ਹੈ। ਹੌਲੀ-ਹੌਲੀ ਇਹ ਤੱਤ ਮਿੱਟੀ ਨੂੰ ਜ਼ਹਿਰੀਲਾ ਬਣਾਉਂਦੇ ਹੋਏ ਧਰਤੀ ਹੇਠਲੇ ਪਾਣੀ ਵਿੱਚ ਸ਼ਾਮਿਲ ਹੋ ਜਾਂਦੇ ਹਨ। ਇਸ ਤਰ੍ਹਾਂ ਪੰਜਾਬ ਦੇ ਧਰਤੀ ਹੇਠਲੇ ਪਾਣੀ ਵਿੱਚ ਇਨ੍ਹਾਂ ਘਾਤਕ ਜ਼ਹਿਰਾਂ ਦੀ ਭਾਰੀ ਮਿਲਾਵਟ ਹੋ ਚੁੱਕੀ ਹੈ। ਇੱਕ ਸਮਾਂ ਅਜਿਹਾ ਵੀ ਆਇਆ ਜਦੋਂ ਇਕੱਲੇ ਪੰਜਾਬ ਵਿੱਚ ਦੇਸ਼ ਭਰ ਵਿੱਚ ਵਰਤੇ ਜਾਂਦੇ ਕੁੱਲ ਕੀਟਨਾਸ਼ਕਾਂ ਦਾ 25 ਫ਼ੀਸਦੀ ਹਿੱਸਾ ਖਪਤ ਹੋਣ ਲੱਗ ਪਿਆ ਸੀ। ਇਸ ਵਰਤਾਰੇ ਲਈ ਉਹ ਖੇਤੀ ਵਿਗਿਆਨੀ ਵੀ ਜ਼ਿੰਮੇਵਾਰ ਹਨ, ਜਿਨ੍ਹਾਂ ਨੇ ਇਨ੍ਹਾਂ ਕੀਟਨਾਸ਼ਕਾਂ ਦੀ ਅੰਨ੍ਹੇਵਾਹ ਵਰਤੋਂ ਦੇ ਮਾੜੇ ਪ੍ਰਭਾਵਾਂ ਵੱਲ ਪਹਿਲਾਂ ਕੋਈ ਧਿਆਨ ਨਹੀਂ ਦਿੱਤਾ।

ਡਾ. ਕੇਸਰ ਸਿੰਘ ਭੰਗੂ

ਪਾਣੀਆਂ ਦੀ ਗੁਣਵੱਤਾ ਦੇ ਸੰਦਰਭ ਵਿੱਚ ਭਾਰਤ ਸਰਕਾਰ ਦੇ ਸੈਂਟਰਲ ਗਰਾਊਂਡ ਵਾਟਰ ਬੋਰਡ (ਉੱਤਰ-ਪੱਛਮੀ ਖੇਤਰ) ਅਤੇ ਜਲ ਸਾਧਨ ਤੇ ਵਾਤਾਵਰਨ ਡਾਇਰੈਕਟੋਰੇਟ, ਪੰਜਾਬ (ਚੰਡੀਗੜ੍ਹ) ਦੀ 2021 ਦੀ ਰਿਪੋਰਟ ਕਾਫ਼ੀ ਪ੍ਰਸੰਗਿਕ ਹੈ। ਇਸ ਰਿਪੋਰਟ ਵਿੱਚ ਸੂਬੇ ਦੇ ਸਾਰੇ ਵਿਕਾਸ ਬਲਾਕਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਅਧਿਐਨ ਕਰਨ ਲਈ 750 ਆਬਜ਼ਰਵੇਸ਼ਨ (ਨਿਗਰਾਨੀ) ਖੂਹਾਂ ਤੋਂ ਅੰਕੜੇ ਇਕੱਠੇ ਕਰਕੇ ਪੇਸ਼ ਕੀਤੇ ਗਏ। ਰਿਪੋਰਟ ਵਿੱਚ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ ਪੰਜਾਬ ਦੇ ਪਾਣੀਆਂ ਵਿੱਚ ਵਧ ਰਹੇ ਪ੍ਰਦੂਸ਼ਣ ਦੇ ਮੁੱਖ ਕਾਰਨਾਂ ਵਿੱਚ ਸ਼ਹਿਰੀਕਰਨ, ਉਦਯੋਗੀਕਰਨ ਅਤੇ ਖਾਦਾਂ ਤੇ ਕੀਟਨਾਸ਼ਕਾਂ ਦੀ ਬੇਲੋੜੀ ਵਰਤੋਂ ਸ਼ਾਮਿਲ ਹੈ। ਇਸ ਰਿਪੋਰਟ ਮੁਤਾਬਿਕ ਧਰਤੀ ਹੇਠਲੇ 50 ਤੋਂ 60 ਫ਼ੀਸਦੀ ਤੱਕ ਦਾ ਪਾਣੀ 60 ਮੀਟਰ ਦੀ ਡੂੰਘਾਈ ਤੱਕ ਉੱਤਰੀ, ਉੱਤਰ-ਪੂਰਬੀ ਅਤੇ ਕੇਂਦਰੀ ਪੰਜਾਬ ਵਿੱਚ ਆਮ ਤੌਰ 'ਤੇ ਠੀਕ ਹੈ। ਇਨ੍ਹਾਂ ਇਲਾਕਿਆਂ ਵਿੱਚ ਅੰਮ੍ਰਿਤਸਰ, ਗੁਰਦਾਸਪੁਰ, ਹੁਸ਼ਿਆਰਪੁਰ, ਜਲੰਧਰ, ਕਪੂਰਥਲਾ, ਨਵਾਂਸ਼ਹਿਰ, ਰੂਪਨਗਰ, ਲੁਧਿਆਣਾ, ਫ਼ਤਿਹਗੜ੍ਹ ਸਾਹਿਬ ਅਤੇ ਐੱਸ ਏ ਐੱਸ ਨਗਰ (ਮੁਹਾਲੀ) ਜ਼ਿਲ੍ਹੇ ਆਉਂਦੇ ਹਨ, ਪਰ ਉੱਤਰ-ਪੱਛਮੀ ਅਤੇ ਕੇਂਦਰੀ ਪੰਜਾਬ ਦੇ ਤਰਨ ਤਾਰਨ, ਪਟਿਆਲਾ, ਸੰਗਰੂਰ, ਬਰਨਾਲਾ ਅਤੇ ਮੋਗਾ ਜ਼ਿਲ੍ਹਿਆਂ ਦਾ 20 ਤੋਂ 30 ਫ਼ੀਸਦੀ ਪਾਣੀ ਹੀ ਮਾਮੂਲੀ ਤੌਰ 'ਤੇ ਠੀਕ ਹੈ। ਇਸ ਤੋਂ ਇਲਾਵਾ, ਦੱਖਣੀ ਅਤੇ ਦੱਖਣ-ਪੱਛਮੀ ਪੰਜਾਬ ਦਾ ਲਗਪਗ 15 ਤੋਂ 25 ਫ਼ੀਸਦੀ ਧਰਤੀ ਹੇਠਲਾ ਪਾਣੀ ਖ਼ਾਰਾ ਹੈ ਅਤੇ ਸਿੰਜਾਈ ਲਈ ਬਿਲਕੁਲ ਯੋਗ ਨਹੀਂ ਹੈ। ਇਹ ਪਾਣੀ ਮੁੱਖ ਤੌਰ 'ਤੇ ਸ੍ਰੀ ਮੁਕਤਸਰ ਸਾਹਿਬ, ਬਠਿੰਡਾ, ਮਾਨਸਾ ਅਤੇ ਸੰਗਰੂਰ ਜ਼ਿਲ੍ਹਿਆਂ ਦੇ ਕੁਝ ਹਿੱਸਿਆਂ ਵਿੱਚ ਮਿਲਦਾ ਹੈ।

ਇੰਝ ਹੀ ਸੂਬਾਈ ਅਤੇ ਕੇਂਦਰੀ ਗਰਾਊਂਡ ਵਾਟਰ ਬੋਰਡਾਂ ਨੇ ਮੁੱਖ ਤੌਰ 'ਤੇ ਤਿੰਨ ਰਸਾਇਣਕ ਤੱਤਾਂ ਦੇ ਆਧਾਰ ਉੱਤੇ ਪਾਣੀ ਦੀ ਗੁਣਵੱਤਾ ਦਾ ਅਧਿਐਨ ਕੀਤਾ ਹੈ, ਜਿਨ੍ਹਾਂ ਵਿੱਚ ਆਰਸੈਨਿਕ, ਫਲੋਰਾਈਡ ਅਤੇ ਖ਼ਾਰਾਪਣ ਸ਼ਾਮਿਲ ਹਨ। ਇਸ ਮਕਸਦ ਲਈ ਪੰਜਾਬ ਦੇ 22 ਜ਼ਿਲ੍ਹਿਆਂ ਵਿੱਚ ਵੱਖ-ਵੱਖ ਥਾਵਾਂ ਉੱਤੇ ਨਿਗਰਾਨੀ ਲਈ ਖੂਹਾਂ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਇਨ੍ਹਾਂ ਵਿੱਚੋਂ 302 ਥਾਵਾਂ ਤੋਂ ਪਾਣੀ ਦੇ ਨਮੂਨੇ ਲੈ ਕੇ ਉਨ੍ਹਾਂ ਦਾ ਰਸਾਇਣਕ ਵਿਸ਼ਲੇਸ਼ਣ ਕੀਤਾ ਗਿਆ। ਸੂਬੇ ਦੇ ਧਰਤੀ ਹੇਠਲੇ ਪਾਣੀ ਦੇ ਬਹੁਤੇ ਨਮੂਨੇ ਮਾਪਦੰਡਾਂ ਉੱਤੇ ਫੇਲ੍ਹ ਪਾਏ ਗਏ ਕਿਉਂਕਿ ਇਨ੍ਹਾਂ ਵਿੱਚ ਮੈਗਨੀਸ਼ੀਅਮ, ਸੋਡੀਅਮ, ਪੋਟਾਸ਼ੀਅਮ, ਬਾਇਕਾਰਬੋਨੇਟ, ਕਲੋਰਾਈਡ, ਸਲਫੇਟ ਅਤੇ ਨਾਈਟ੍ਰੇਟ ਆਦਿ ਤੱਤ ਮਨੁੱਖੀ ਜੀਵਨ, ਪਸ਼ੂ-ਪੰਛੀਆਂ ਅਤੇ ਬਨਸਪਤੀ ਲਈ ਨਿਰਧਾਰਿਤ ਮਾਤਰਾ ਨਾਲੋਂ ਜਾਂ ਤਾਂ ਬਹੁਤ ਘੱਟ ਸਨ ਜਾਂ ਖ਼ਤਰਨਾਕ ਹੱਦ ਤੱਕ ਵੱਧ।

ਜ਼ਹਿਰਾਂ ਅਤੇ ਰਸਾਇਣਾਂ ਦੀ ਇਹ ਭਾਰੀ ਮਾਤਰਾ ਪਾਣੀ ਵਿੱਚ ਵੱਡੀ ਪੱਧਰ ਉੱਤੇ ਮਿਲਾਵਟ ਨੂੰ ਦਰਸਾਉਂਦੀ ਹੈ, ਜੋ ਉਦਯੋਗਿਕ ਇਕਾਈਆਂ, ਸ਼ਹਿਰੀ ਸੀਵਰੇਜ ਅਤੇ ਖੇਤੀਬਾੜੀ ਵਿੱਚ ਵਰਤੇ ਜਾਂਦੇ ਰਸਾਇਣਕ ਪਦਾਰਥਾਂ ਕਾਰਨ ਪੈਦਾ ਹੋਈ ਹੈ। ਧਰਤੀ ਹੇਠਲੇ ਪਾਣੀ ਦੇ ਪ੍ਰਦੂਸ਼ਣ ਕਾਰਨ ਕਈ ਪਿੰਡਾਂ ਅਤੇ ਸ਼ਹਿਰਾਂ ਵਿੱਚ ਪੀਣ ਵਾਲੇ ਪਾਣੀ ਦੀ ਗੰਭੀਰ ਸਮੱਸਿਆ ਪੈਦਾ ਹੁੰਦੀ ਜਾ ਰਹੀ ਹੈ। ਹਾਲਾਤ ਇਹ ਬਣ ਚੁੱਕੇ ਹਨ ਕਿ ਲੋਕਾਂ ਨੂੰ ਆਪਣੇ ਘਰਾਂ ਵਿੱਚ ਪਾਣੀ ਸਾਫ਼ ਕਰਨ ਵਾਲੇ ਯੰਤਰ (ਆਰ ਓ ਸਿਸਟਮ) ਲਗਵਾਉਣੇ ਪੈ ਰਹੇ ਹਨ। ਕਈ ਪਿੰਡਾਂ ਵਿੱਚ ਟੂਟੀਆਂ ਦੇ ਪਾਣੀ ਦੀ ਸਪਲਾਈ ਨਾਲੋਂ ਵੱਖਰੇ ਤੌਰ ਉੱਤੇ ਆਰ ਓ ਸਿਸਟਮ ਲਗਾਉਣੇ ਪਏ ਹਨ। ਇਸ ਸਭ ਦੇ ਬਾਵਜੂਦ ਪੰਜਾਬ ਦੇ ਲੋਕ ਪਲੀਤ ਅਤੇ ਗੰਧਲੇ ਪਾਣੀਆਂ ਕਾਰਨ ਕੈਂਸਰ ਵਰਗੀਆਂ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਪਰੋਕਤ ਤੱਥਾਂ ਤੋਂ ਬਿਲਕੁਲ ਸਪੱਸ਼ਟ ਹੈ ਕਿ ਸਰਕਾਰਾਂ, ਸਰਕਾਰੀ ਅਦਾਰਿਆਂ, ਕਾਰਪੋਰੇਟ ਘਰਾਣਿਆਂ, ਵਪਾਰੀਆਂ, ਸਨਅਤਕਾਰਾਂ, ਕੀਟਨਾਸ਼ਕਾਂ ਉੱਤੇ ਆਧਾਰਿਤ ਖੇਤੀਬਾੜੀ ਅਤੇ ਆਮ ਲੋਕਾਂ ਨੇ ਪਾਣੀਆਂ ਦੀ ਹੱਦੋਂ ਵੱਧ ਦੁਰਵਰਤੋਂ ਹੀ ਨਹੀਂ ਕੀਤੀ ਸਗੋਂ ਸੂਬੇ ਦੇ ਜਲ ਸੋਮਿਆਂ ਨੂੰ ਖ਼ਤਰਨਾਕ ਪੱਧਰ ਤੱਕ ਪਲੀਤ ਵੀ ਕੀਤਾ ਹੈ। ਅਫ਼ਸੋਸ ਇਸ ਗੱਲ ਦਾ ਹੈ ਕਿ ਇਹ ਘਾਤਕ ਵਰਤਾਰਾ ਸਰਕਾਰਾਂ, ਪ੍ਰਸ਼ਾਸਨ ਅਤੇ ਸਮਾਜ ਦੀਆਂ ਅੱਖਾਂ ਸਾਹਮਣੇ ਬੇਰੋਕ ਲਗਾਤਾਰ ਜਾਰੀ ਹੈ। ਪਾਣੀਆਂ ਦੀ ਗੁਣਵੱਤਾ ਨੂੰ ਮਨੁੱਖੀ ਕਾਰਵਾਈਆਂ ਨੇ ਹੀ ਵਿਗਾੜਿਆ ਹੈ। ਇਸ ਲਈ ਇਸ ਨੂੰ ਸੁਧਾਰਨ ਦੀ ਜ਼ਿੰਮੇਵਾਰੀ ਵੀ ਮਨੁੱਖਾਂ ਅਤੇ ਮਨੁੱਖੀ ਸੰਸਥਾਵਾਂ ਦੀ ਹੀ ਬਣਦੀ ਹੈ।

ਸਥਿਤੀ ਨੂੰ ਹਾਲੇ ਵੀ ਸੁਧਾਰਿਆ ਜਾ ਸਕਦਾ ਹੈ ਕਿਉਂਕਿ ਅੱਜ ਮਨੁੱਖਤਾ ਕੋਲ ਲੋੜੀਂਦੇ ਸਾਧਨ ਅਤੇ ਉੱਨਤ ਤਕਨਾਲੋਜੀ ਦੋਵੇਂ ਮੌਜੂਦ ਹਨ। ਜੇਕਰ ਸਮੂਹਿਕ ਤੌਰ ਉੱਤੇ ਹੰਭਲਾ ਮਾਰਿਆ ਜਾਵੇ ਤਾਂ ਪਾਣੀਆਂ ਨੂੰ ਸਵੱਛ ਬਣਾ ਕੇ ਪੰਜਾਬ ਦੇ ਲੋਕਾਂ, ਜੀਵ-ਜੰਤੂਆਂ ਅਤੇ ਬਨਸਪਤੀ ਦੀ ਜ਼ਿੰਦਗੀ ਨੂੰ ਸਿਹਤਮੰਦ ਬਣਾਉਣ ਦੇ ਨਾਲ-ਨਾਲ ਵਾਤਾਵਰਨ ਨੂੰ ਵੀ ਬਚਾਇਆ ਜਾ ਸਕਦਾ ਹੈ। ਇਸ ਲਈ ਲੋਕਾਂ ਵਿੱਚ ਚੇਤਨਾ ਪੈਦਾ ਕਰਨ ਅਤੇ ਠੋਸ ਕੋਸ਼ਿਸ਼ਾਂ ਕਰਨ ਦੀ ਲੋੜ ਹੈ। ਪੰਜਾਬ ਦੇ ਲੋਕਾਂ ਨੂੰ ਜਾਗਰੂਕ ਹੋਣਾ ਪਵੇਗਾ ਅਤੇ ਲੋਕ-ਪੱਖੀ ਜਥੇਬੰਦੀਆਂ ਨੂੰ ਇਸ ਦਿਸ਼ਾ ਵਿੱਚ ਅੱਗੇ ਆ ਕੇ ਹੰਭਲਾ ਮਾਰਨਾ ਚਾਹੀਦਾ ਹੈ। ਇਨ੍ਹਾਂ ਜਥੇਬੰਦੀਆਂ ਦੀ ਸਰਗਰਮੀ ਨਾਲ ਹੀ ਸਰਕਾਰ ਨੂੰ ਪਾਣੀਆਂ ਨੂੰ ਸਾਫ਼ ਰੱਖਣ ਲਈ ਮਜਬੂਰ ਅਤੇ ਸਰਗਰਮ ਕੀਤਾ ਜਾ ਸਕਦਾ ਹੈ। ਜੇਕਰ ਲੋਕ ਜਾਗਰੂਕ ਹੋ ਜਾਣ ਅਤੇ ਸਰਕਾਰਾਂ ਗੰਭੀਰ ਹੋ ਜਾਣ ਤਾਂ ਹੀ ਧਰਤੀ ਹੇਠਲੇ ਅਤੇ ਦਰਿਆਵਾਂ-ਨਾਲਿਆਂ ਦੇ ਪਾਣੀ ਨੂੰ ਸਾਫ਼-ਸੁਥਰਾ ਰੱਖਣਾ ਸੰਭਵ ਹੋ ਸਕਦਾ ਹੈ।

(ਸਹਿਯੋਗ ਲਈ ਪ੍ਰੋਫੈਸਰ ਸੁੱਚਾ ਸਿੰਘ ਗਿੱਲ ਦਾ ਬਹੁਤ ਬਹੁਤ ਧੰਨਵਾਦ)

***ਸਾਬਕਾ ਪ੍ਰੋਫੈਸਰ ਤੇ ਡੀਨ ਪੰਜਾਬੀ ਯੂਨੀਵਰਸਿਟੀ, ਪਟਿਆਲਾ।**

ਪਰਾਲੀ, ਪ੍ਰਦੂਸ਼ਣ ਅਤੇ ਪੰਜਾਬ

ਪੰਜਾਬ ਵਿੱਚ ਪਰਾਲੀ ਦੇ ਨਿਬੇੜੇ ਲਈ ਖ਼ਰਚ ਕੀਤੇ ਜਾ ਰਹੇ ਹਜ਼ਾਰਾਂ ਕਰੋੜ ਰੁਪਏ ਹੁਣ ਵੀ 10 ਰੁਪਏ ਦੀ ਮਾਚਿਸ ਦੀ ਡੱਬੀ ਅੱਗੇ ਹਾਰ ਰਹੇ ਹਨ। ਪਰਾਲੀ ਨੂੰ ਅੱਗ ਲੱਗਣ ਦੀ ਇਸ ਮੁੜ-ਮੁੜ ਵਾਪਰਦੀ ਸਮੱਸਿਆ ਦਾ ਕੌੜਾ ਸੱਚ ਇਹ ਹੈ ਕਿ ਰਹਿੰਦ-ਖੂੰਹਦ ਨੂੰ ਵਿਗਿਆਨਕ ਤਰੀਕੇ ਨਾਲ ਨਿਬੇੜਨ ਨਾਲੋਂ ਇਸ ਨੂੰ ਸਾੜਨਾ ਵਧੇਰੇ ਸਸਤਾ, ਤੇਜ਼ ਅਤੇ ਸੁਵਿਧਾਜਨਕ ਹੈ। ਜਦੋਂ ਤੱਕ ਇਹ ਆਰਥਿਕ ਸਮੀਕਰਨ ਨਹੀਂ ਬਦਲਦਾ, ਕੇਵਲ ਸਬਸਿਡੀਆਂ ਅਤੇ ਸਜ਼ਾਵਾਂ ਦੇਣ ਨਾਲ ਸੀਮਤ ਨਤੀਜੇ ਹੀ ਮਿਲਣਗੇ। ਪੰਜਾਬ ਵਿੱਚ 15 ਸਤੰਬਰ ਤੋਂ 24 ਅਕਤੂਬਰ ਦਰਮਿਆਨ ਪਰਾਲੀ ਸਾੜਨ ਦੀਆਂ 574 ਘਟਨਾਵਾਂ ਦਰਜ ਕੀਤੀਆਂ ਗਈਆਂ ਹਨ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 561 ਸੀ। ਤਰਨ ਤਾਰਨ ਵਿੱਚ 270 ਅਤੇ ਅੰਮ੍ਰਿਤਸਰ ਵਿੱਚ 144 ਅੱਗ ਲੱਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ, ਜੋ ਕਿ ਇਸ ਮਾਮਲੇ ਵਿੱਚ ਖ਼ਾਸ ਧਿਆਨ

ਕਿੰਨਾ ਬਦਲ ਗਿਆ ਪੰਜਾਬ

ਗੁਰਪ੍ਰੀਤ ਸਿੰਘ ਗਰੇਵਾਲ

ਰਵਿੰਦਰ ਕੌਰ ਨੂੰ ਜਣੇਪੇ ਲਈ ਤਾਰਾ ਮੰਡਲ ਹਸਪਤਾਲ ਲਿਜਾਇਆ ਗਿਆ। ਹਸਪਤਾਲ 'ਚ ਚਿੱਟੇ ਕੱਪੜਿਆਂ ਵਾਲੇ ਡਾਕਟਰਾਂ ਦੇ ਆਸੇ ਪਾਸੇ ਕਾਲੇ ਕੱਪੜਿਆਂ ਵਾਲੇ ਬਾਊਂਸਰ ਵੀ ਸਨ। ਇਨ੍ਹਾਂ ਬਾਊਂਸਰਾਂ ਦਾ ਹਸਪਤਾਲ 'ਚ ਪੂਰਾ ਦਬਦਬਾ ਹੈ। ਤਾਰਾ ਮੰਡਲ ਹਸਪਤਾਲ 'ਚ ਜਣੇਪਾ ਕਰਵਾਉਣਾ 'ਸਟੇਟਸ ਸਿੰਬਲ' ਹੈ ਕਿਉਂਕਿ ਬਿੱਲ ਲੱਖਾਂ 'ਚ ਬਣਦਾ ਹੈ। ਰਵਿੰਦਰ ਕੌਰ ਨੇ ਗੀਮਾ ਨਾਂਅ ਦੀ ਧੀ ਨੂੰ ਜਨਮ ਦਿੱਤਾ। ਜਣੇਪੇ ਮਗਰੋਂ ਜਦੋਂ ਰਵਿਦੰਰ ਕੌਰ ਆਪਣੇ ਘਰ ਆਈ ਤਾਂ ਪਰਿਵਾਰਕ ਮੈਂਬਰਾਂ ਤੋਂ ਇਲਾਵਾ 'ਜਾਪਾ' ਵੀ ਹਾਜ਼ਰ ਸੀ। ਕੋਲਕਾਤਾ ਤੋਂ ਆਈ 'ਜਾਪਾ' ਨੇ ਪੰਜਾਹ ਹਜ਼ਾਰ ਰੁਪਏ ਮਹੀਨਾ ਲੈ ਕੇ ਜੱਚਾ-ਬੱਚਾ ਦੀ ਸੰਭਾਲ ਕਰਨੀ ਸੀ। ਅਮੀਰ ਲੋਕਾਂ 'ਚ 'ਜਾਪਾ' ਰੱਖਣ ਦਾ ਰਿਵਾਜ ਹੈ। ਜਾਪਾ ਦੀ ਤਨਖਾਹ ਅਤੇ ਕੰਮ ਵਾਲੀ ਖ਼ਬਰ ਜਦੋਂ ਘਰ ਦੇ ਮਾਲੀ ਪਨਵਾਸੀ ਦਾਸ ਤੱਕ ਪਹੁੰਚੀ ਤਾਂ ਉਸ ਦੇ ਮੁੰਹੋਂ ਚਾਣਚੱਕ ਹੀ ਨਿਕਲਿਆ 'ਹਮਾਰ ਦੇਸ ਮੇਂ ਤੋ ਮੰਮੀ ਪਾਪਾ.... ਮੁਫ਼ਤ ਕੇ ਜਾਪਾ।'

ਪੰਜਾਬੀਆਂ ਦੀ ਜ਼ਿੰਦਗੀ ਦਾ ਰੂਪ ਰੰਗ ਬੜੀ ਤੇਜ਼ੀ ਨਾਲ ਬਦਲਿਆ ਹੈ। ਪਿੰਡਾਂ 'ਚੋਂ ਹਲ, ਹਾਰਾ ਤੇ ਹਾਸਾ ਅਲੋਪ ਹੋ ਗਿਆ ਹੈ। ਮਸ਼ੀਨੀਕਰਨ ਨੇ ਪੇਂਡੂ ਖਿੱਤਾ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਜੰਡ ਹੇਠਾਂ ਦਾਣੇ ਭੁੰਨਦੀ ਭੱਠੀ ਵਾਲੀ ਭਿੰਦੋ ਰੁੱਸ ਗਈ ਹੈ। ਪੋਪਕੌਰਨ, ਮੋਮੋਜ਼, ਨੂਡਲਜ਼, ਚਿੱਪਸ, ਪਾਸਤਾ ਆ ਗਏ ਹਨ, ਛਾਅ ਗਏ ਹਨ। ਹੁਣ ਕਪਾਹ ਦੀਆਂ ਛਿਟੀਆਂ 'ਤੇ ਕਿੱਥੇ ਰਿੱਝਦੀ ਹੈ ਗੁੜ ਅਤੇ ਇਲੈਚੀਆਂ ਵਾਲੀ ਚਾਹ? ਹੁਣ ਤਾਂ ਪਿੰਡ/ ਸ਼ਹਿਰ ਪੈ ਗਏ ਕਿਸੇ ਹੋਰ ਈ ਰਾਹ। ਹੁਣ ਤਾਂ ਪਿੰਡਾਂ ਸ਼ਹਿਰਾਂ 'ਚ ਦੋ ਹੀ ਸ਼ਬਦ ਸੁਣਨ ਨੂੰ ਮਿਲਦੇ ਹਨ 'ਵਿਦਾਊਟ ਸ਼ੂਗਰ।' ਪੰਜ ਆਬ ਤਾਂ ਹੁਣ ਢਾਈ ਆਬ ਰਹਿ ਗਿਆ ਹੈ ਜਿਹੜਾ 50362 ਵਰਗ ਕਿ.ਮੀ. 'ਚ ਫੈਲਿਆ ਹੈ। ਇਕ ਕਰੋੜ ਤੋਂ ਵੱਧ ਪੰਜਾਬੀ ਕੈਨੇਡਾ, ਅਮਰੀਕਾ, ਇੰਗਲੈਂਡ, ਯੂਰਪ, ਆਸਟ੍ਰੇਲੀਆ, ਨਿਊਜ਼ੀਲੈਂਡ ਆਦਿ ਮੁਲਕਾਂ 'ਚ ਜਾ ਵਸੇ ਹਨ। ਵਿਦੇਸ਼ਾਂ 'ਚ ਵਸੇ ਪੰਜਾਬੀ ਪੰਜਾਬ ਆਉਂਦੇ ਰਹਿੰਦੇ ਹਨ। ਮੂਰਥਲ (ਹਰਿਆਣਾ) ਦੇ ਢਾਬੇ ਪੰਜਾਬੀਆਂ ਦੇ ਸਿਰ 'ਤੇ ਹੀ ਝਾੜੂ ਨਾਲ ਨੋਟ ਇਕਠੇ ਕਰਦੇ ਹਨ। ਜਿਵੇਂ ਪੰਜਾਬੀ ਪਰਿਵਾਸ ਕਰਕੇ ਬਾਹਰਲੇ ਦੇਸ਼ਾਂ 'ਚ ਜਾ ਵਸੇ ਹਨ, ਤਿਵੇਂ ਹੀ ਯੂ.ਪੀ., ਬਿਹਾਰ, ਉੱਤਰਾਖੰਡ, ਨਿਪਾਲ ਤੋਂ ਆ ਕੇ ਲੋਕ ਪੰਜਾਬ 'ਚ ਵਸ ਗਏ ਹਨ। ਇਹੀ ਕਾਰਨ ਹੈ ਕਿ ਹੁਣ ਪੰਜਾਬ 'ਚ ਵਿਸਾਖੀ, ਦੀਵਾਲੀ ਵਾਂਗ ਛੱਠ ਪੂਜਾ ਅਤੇ ਗਣੇਸ਼ ਉਤਸਵ ਦੀ ਧੂਮ ਵੀ ਹੁੰਦੀ ਹੈ। ਪੰਜਾਬ ਦੇ ਬਾਜ਼ਾਰਾਂ ਦਾ ਰੰਗ ਰੂਪ ਵੀ ਬਦਲ ਗਿਆ ਹੈ। ਥਾਂ-ਥਾਂ ਵੱਡੇ ਵੱਡੇ ਸ਼ਾਪਿੰਗ ਮਾਲ ਖੁੱਲ੍ਹ ਗਏ ਹਨ। ਹੁਣ ਪੰਜਾਬੀ ਡਾਕੀਏ ਨੂੰ ਨਹੀਂ ਉਡੀਕਦੇ ਕਿਉਂਕਿ ਹੁਣ ਡਲਿਵਰੀ ਬੁਆਏ ਹਾਜ਼ਰ ਹੈ। ਹੁਣ ਤਾਂ ਚੱਪੇ-ਚੱਪੇ 'ਤੇ ਫਾਸਟ ਫੂਡ ਦੀ ਸਰਦਾਰੀ ਹੈ। ਦਰਜਨਾਂ ਤਰ੍ਹਾਂ ਦੇ ਜੂਸ, ਐਨਰਜੀ ਡਰਿੰਕ, ਕੋਲਡ ਡਰਿੰਕ ਵਿਕ ਰਹੇ ਹਨ। ਹੱਟੀ ਵਾਲਾ ਬਾਣੀਆ ਤੇ ਬੰਟੇ ਵਾਲਾ ਬੱਤਾ ਪਤਾ ਨਹੀਂ ਕਿੱਥੇ ਗਵਾਚ ਗਿਆ ਹੈ। ਪਿੰਡਾਂ 'ਚ ਵੀ ਆਨਲਾਈਨ ਸਾਮਾਨ ਪਹੁੰਚ ਰਿਹਾ ਹੈ। ਜਿਵੇਂ ਕੈਨੇਡਾ ਦੇ ਸਟੋਰਾਂ 'ਚ ਪੀਪੇ ਵਾਲੇ ਬਿਸਕੁਟ ਪਹੁੰਚ ਗਏ ਹਨ, ਤਿਵੇਂ ਹੀ ਪੰਜਾਬ ਦੇ ਢਾਬਿਆਂ 'ਤੇ ਸਿਲਵਰ ਦਾ ਵੱਡਾ ਪਤੀਲਾ ਬਰਿਆਨੀ ਲੈ ਕੇ ਹਾਜ਼ਰ ਹੈ। ਵੈਸੇ ਤਾਂ ਪੰਜਾਬ 'ਚ ਗਹਿਣਿਆਂ, ਕੱਪੜਿਆਂ ਅਤੇ ਜੁੱਤੀਆਂ ਦੀਆਂ ਦੁਕਾਨਾਂ ਦੀ ਦਿੱਖ ਵੀ ਦਿਲਕਸ਼ ਹੈ, ਪਰ ਤਿੰਨ ਹੋਰ ਦੁਕਾਨਾਂ ਦੀ ਖੂਬਸੂਰਤੀ ਵੀ ਖਾਸ ਖਿੱਚ ਪਾਉਂਦੀ ਹੈ। 1. ਸ਼ਰਾਬ ਦੇ ਠੇਕੇ 2. ਏ.ਸੀ.ਅਹਾਤੇ 3. ਜਿੰਮ। ਇਯਾਲੀ (ਲੁਧਿਆਣਾ) ਅਤੇ ਮੁਹਾਲੀ ਦੇ ਕੁਝ ਹਿੱਸੇ ਤਾਂ ਵਿਦੇਸ਼ੀ ਧਰਤੀ ਹੋਣ ਦਾ ਭੁਲੇਖਾ

ਪਾਉਂਦੇ ਹਨ। ਪੰਜਾਬ 'ਚ ਲੋੜ ਤੋਂ ਵੱਧ ਕੰਸਟਰੱਕਸ਼ਨ ਹੋ ਰਹੀ ਹੈ। ਘਰ-ਘਰ ਕਾਂਡੀ ਤੇਸੀ ਤਾਂ ਖੜਕ ਰਹੀ ਹੈ ਪਰ ਮੁਹੱਬਤ ਦੀ ਘਾਟ ਰੜਕ ਰਹੀ ਹੈ। ਜਦੋਂ ਤੋਂ ਸੋਸ਼ਲ ਮੀਡੀਆ ਆਇਆ ਹੈ ਪੰਜਾਬੀਆਂ ਦੀ ਸੁਮੱਚੇ ਸੰਸਾਰ 'ਚ ਧੰਨ-ਧੰਨ ਹੋ ਗਈ ਹੈ। ਹਰ ਛੋਟਾ ਵੱਡਾ ਪ੍ਰਸ਼ਾਸਨਿਕ ਅਤੇ ਪੁਲਿਸ ਅਧਿਕਾਰੀ ਲਾਈਵ ਹੈ। ਹਰ ਛੋਟਾ ਵੱਡਾ ਰਾਜਸੀ ਆਗੂ ਵੀ ਲਾਈਵ ਹੈ। ਹਰ ਛੋਟਾ ਵੱਡਾ ਕਲਾਕਾਰ ਵੀ ਲਾਈਵ ਹੈ। ਮੋਹ ਮਾਇਆ ਵਿਰੋਧੀ ਬਾਬੇ ਵੀ ਲਾਈਵ ਹਨ। ਹਰ ਬੰਦਾ ਕੁਝ ਕਹਿਣਾ ਚਾਹੁੰਦਾ ਹੈ। ਹਰ ਬੰਦਾ ਚਰਚਾ 'ਚ ਰਹਿਣਾ ਚਾਹੁੰਦਾ ਹੈ। ਮੁਟਿਆਰਾਂ ਵੀ ਡਿਜੀਟਲ ਪਲੇਟਫਾਰਮ 'ਤੇ ਟੀਸੀ ਵਾਲਾ ਬੇਰ ਤੋੜ ਰਹੀਆਂ ਹਨ। ਮੁਟਿਆਰਾਂ ਦਾ ਘੁੰਡ 'ਚੋਂ ਨਿਕਲ ਕੇ ਅੰਬਰ ਦੀ ਉਡਾਣ ਭਰਨਾ ਸ਼ਲਾਘਾਯੋਗ ਹੈ, ਪਰ ਭਾਸ਼ਾ ਤਾਂ ਸੱਭਿਅਕ ਹੋਵੇ, ਵਿਵਹਾਰ ਤਾਂ ਸ਼ਾਲੀਨ ਹੋਵੇ। ਕਈ ਪੰਜਾਬਣਾਂ ਦੇ ਕਤਲ ਵੀ ਹੋ ਗਏ ਕਿਉਂਕਿ ਉਨ੍ਹਾਂ ਵੱਲੋਂ ਧਨ ਇਕੱਤਰ ਕਰਨ ਦੇ ਚੱਕਰ 'ਚ ਬੜੀ ਹੀ ਅਸ਼ਲੀਲ ਅਤੇ ਇਤਰਾਜ਼ਯੋਗ ਭਾਸ਼ਾ ਵਰਤੀ ਗਈ। ਡਿਜੀਟਲ ਦੁਨੀਆ ਦਾ ਪੰਪ ਛਕ ਕੇ ਕਤਲ ਹੋਈ ਇਕ ਮੁਟਿਆਰ ਦੇ ਸੱਤ ਲੱਖ ਫੋਲੋਅਰ ਸਨ, ਸਸਕਾਰ 'ਤੇ ਸੱਤ ਹੀ ਪਹੁੰਚੇ। ਕੈਨੇਡਾ 'ਚ ਵੀ ਹੁਣੇ ਜਿਹੇ ਇਕ ਮੁਟਿਆਰ ਦਾ ਕਤਲ ਹੋਇਆ ਹੈ ਜਿਹੜੀ ਪੰਜਾਬ ਦੇ ਆਗੂਆਂ ਬਾਰੇ ਅਸੱਭਿਅਕ ਭਾਸ਼ਾ ਵਰਤਦੀ ਸੀ। ਪੰਜਾਬੀਆਂ ਦੋ ਗੌਹੇ ਨਾਲ ਲਿੱਪੇ ਵਿਹੜੇ ਗ਼ਾਇਬ ਹੋ ਗਏ ਹਨ, ਹੁਣ ਟਾਈਲਾਂ ਹਨ ਅਤੇ ਮਕਰਾਨਾ ਦਾ ਮਾਰਬਲ। ਕਿਸੇ ਦੌਰ 'ਚ ਟਰਾਂਜ਼ਿਸਟਰ ਅਤੇ ਪਾਣੀ ਵਾਲਾ ਡੱਬਾ ਲੈ ਕੇ ਸਵੇਰੇ-ਸਵੇਰੇ ਬਾਹਰ ਜੰਗਲ ਪਾਣੀ ਲਈ ਜਾਂਦੇ ਪੰਜਾਬੀ ਹੁਣ ਮੋਬਾਈਲ ਦੇ ਮੁਰੀਦ ਹਨ। ਚਾਟੀ ਅਤੇ ਬਾਟੀ ਦੀ ਥਾਂ ਹੁਣ ਬੇਨਚਾਈਨਾ ਕਰਾਕਰੀ ਆ ਗਈ ਹੈ। ਹੁਣ ਸਾਂਝੇ ਟੱਬਰ ਟੁੱਟ ਗਏ ਹਨ। ਚਾਰ ਜੀਆਂ ਦਾ ਟੱਬਰ, ਦੋ ਵਿਦੇਸ਼। ਲੁਧਿਆਣਾ ਦੇ ਪਿੰਡ ਬਿਰਕ (ਵਿਰਕ ਨਹੀਂ) ਦੇ ਕਿਸਾਨ ਬਿੰਦਰ ਜੀ ਆਪਣੇ ਦੋ ਭਰਾਵਾਂ ਨਾਲ ਰਲ ਕੇ ਸਾਂਝੀ ਖੇਤੀ ਕਰਦੇ ਹਨ। ਸਾਰਾ ਟੱਬਰ, ਸਭ ਮਿਹਨਤੀ। ਘਰ 'ਚ ਤਵੇ 'ਤੇ ਨਹੀਂ ਤਵੀ 'ਤੇ ਰੋਟੀ ਪੱਕਦੀ ਹੈ। ਸਾਂਝੀ ਖੇਤੀ ਸਾਂਝਾ ਘਰ ਕਦੇ ਸਾਡੀ ਵਿਰਾਸਤ ਸੀ। ਸਰਵਣ ਪੁੱਤਰ ਦੀ ਧਰਤੀ 'ਤੇ ਬਿਰਧ ਆਸ਼ਰਮ ਵਧ ਰਹੇ ਹਨ। ਕਈਆਂ 'ਚ ਤਾਂ ਫਾਈਵ ਸਟਾਰ ਹੋਟਲਾਂ ਵਰਗੀਆਂ ਸਹੂਲਤਾਂ ਹਨ। ਸਕੂਲ 'ਚ ਮਾਸਟਰ ਜੀ ਦੀ ਥਾਰ ਅਤੇ ਭੈਣ ਜੀ ਦੀ ਕਾਰ ਖੜ੍ਹੀ ਹੈ। ਹੁਣ ਖੱਦਰ ਦੇ ਕੁੜਤੇ ਵਾਲੇ ਮਾਸਟਰ ਜੀ ਨਹੀਂ ਲੱਭਦੇ ਜਿਨ੍ਹਾਂ ਦੇ ਸਾਈਕਲ ਨਾਲ ਥੈਲਾ ਲਟਕਦਾ ਸੀ। ਹੁਣ ਤਾਂ ਹੋਟਲਾਂ ਦੀ ਦਿੱਖ ਵਰਗੇ ਸਕੂਲ ਹਨ। ਮਾਸਟਰ- ਭੈਣਜੀਆਂ, ਮਾਪੇ ਬੱਚੇ ਬਰੈਂਡਿਡ ਵਸਤਰਾਂ ਵਾਲੇ ਹੋ ਗਏ ਹਨ। ਸਾਡੇ ਵਿਰਸੇ ਦੀ ਵਿਲੱਖਣ ਖੂਬੀ ਤਮੀਜ਼ ਅਤੇ ਤਹਿਜ਼ੀਬ ਪਤਾ ਨਹੀਂ ਕਿੱਥੇ ਖੰਭ ਲਾ ਕੇ ਉੱਡ ਗਈ ਹੈ। ਕਿਰਤ ਅਤੇ ਕੋਧਰੇ ਦੀ ਰੋਟੀ ਦੀ ਗੱਲ ਚੰਗੀ ਭਲੀ ਹੋ ਰਹੀ ਸੀ। ਪਤਾ ਹੀ ਨਹੀਂ ਲੱਗਾ ਕਦੋਂ ਚਿੱਟੇ ਅਤੇ ਕੱਟੇ ਦੀ ਆਮਦ ਹੋਈ, ਗੈਂਗਵਾਰ ਹੋਣ ਲੱਗੀ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਇਕ ਓ.ਐਸ.ਡੀ. ਨੂੰ ਇਕ ਬੰਦਾ ਮਿਲਣ ਆਇਆ। ਉਹ ਬੱਸ 'ਚ ਚੰਡੀਗੜ੍ਹ ਆਇਆ ਸੀ ਅਤੇ ਉਸ ਨੇ ਪਰਤਣਾ ਵੀ ਬੱਸ 'ਚ ਹੀ ਸੀ। ਲੁਧਿਆਣਾ ਨਾਲ ਸੰਬੰਧ ਰੱਖਦੇ ਓ.ਐਸ.ਡੀ. ਨੇ ਇਸ ਬੰਦੇ ਦਾ ਆਦਰ ਮਾਣ ਕੀਤਾ ਤੇ ਕੰਮ ਵੀ ਕਰਵਾਇਆ। ਜਦੋਂ ਉਹ ਚਲਾ ਗਿਆ ਤਾਂ ਓ.ਐਸ.ਡੀ. ਨੇ ਕਮਰੇ 'ਚ ਬੈਠੇ ਆਪਣੇ ਮਿੱਤਰ ਨੂੰ ਦੱਸਿਆ ਕਿ ਇਹ ਬੰਦਾ ਦੋ ਵਾਰੀ ਐਮ.ਐਲ.ਏ. ਰਿਹਾ ਹੈ। ਕਿਸੇ ਦੌਰ 'ਚ ਬੱਸ ਦੀਆਂ ਦੋ ਸੀਟਾਂ ਐਮ.ਐਲ.ਏ. ਅਤੇ ਐਮ.ਪੀ. ਲਈ ਰਿਜ਼ਰਵ ਹੁੰਦੀਆਂ ਸਨ। ਅੱਜ ਤਾਂ ਬੀ.ਐਮ.ਡਬਲਯੂ, ਮਰਸੀਡੀਜ਼, ਡਿਫੈਂਡਰ, ਟਿੱਪਰ, ਫਾਰਮ ਹਾਊਸ, ਸ਼ਾਪਿੰਗ ਮਾਲ ਆਦਿ ਵਾਲੇ ਐਮ.ਐਲ.ਏ., ਐਮ.ਪੀ. ਹਨ। ਅਜੋਕੇ 'ਹਾਈ-ਫਾਈ' ਅਤੇ 'ਵਾਈ ਫਾਈ ਪੰਜਾਬੀ', 'ਗੂਗਲ', 'ਆਈ ਫੋਨ', 'ਯੂ ਟਿਊਬ', 'ਬਲੌਗਰ', 'ਵੱਟਸਐਪ', 'ਸਨੈਪ ਚੈਟ', 'ਸੈਲਫ਼ੀ', 'ਬਲੱਡ ਪ੍ਰੈੱਸ਼ਰ', 'ਸ਼ੂਗਰ', 'ਮੈਂ ਮ', 'ਪੰਪ', 'ਬਰੋ', 'ਸਿਸ', 'ਮਿਸ', 'ਪਿੱਕ' ਆਦਿ ਸ਼ਬਦ ਆਮ ਵਰਤਦੇ ਹਨ। ਹੁਣ ਤਾਂ ਪਿੰਡਾਂ ਦੀਆਂ ਸੱਥਾਂ 'ਚ ਵੀ ਇਹ ਕਥਨ ਕਦੇ-ਕਦੇ ਹੀ ਸੁਣਨ ਨੂੰ ਮਿਲਦੇ ਹਨ, 'ਸਾਰੇ ਗੈਸ ਬੁਝਾ ਦਿਓ ਜੀ ਸਾਡਾ ਕੁੜਮ ਬੈਟਰੀ ਵਰਗਾ', 'ਚਤਰਾਂ ਨੂੰ ਚਤਰਾਈਆਂ', 'ਗਿਆਨੀ ਨੂੰ ਗਿਆਨ', 'ਤੈਨੂੰ ਤੇਰੇ ਪੇਟ ਦੀ ਤੇਰਾ ਥਾਲੀ ਵੱਲ ਧਿਆਨ', 'ਨਿੱਤ ਨਿੱਤ ਨੀ ਬਾਜ਼ਾਰੀਂ ਔਣਾ ਬਿੱਲੋ ਖਾ ਲੈ ਨਾਸ਼ਪਤੀਆਂ।' ਤਾਕਤ ਦੇ ਅਸਲ ਬਾਦਸ਼ਾਹ ਕਿੱਕਰ ਸਿੰਘ ਦੀ ਧਰਤੀ 'ਤੇ ਸਾਹ ਲੈ ਰਹੇ ਪੰਜਾਬੀਆਂ ਨੇ ਬਹੁਤ ਤਰੱਕੀ ਕੀਤੀ ਹੈ, ਪਰ ਕਈ ਥਾਈਂ ਪੰਜਾਬੀ ਵੱਡੀ ਮਾਰ ਖਾ ਗਏ ਹਨ। ਇਹ ਕਹਾਵਤ ਹੀ ਨਹੀਂ ਸਾਡੀ ਤਾਕਤ ਦੀ ਝਲਕ ਵੀ ਹੈ, 'ਚਿੜੀਆ ਜੋਬਨ ਤੀਨ ਸਾਲ.... ਬੈਲ 9 ਸਾਲਾ, ਮਰਦ ਘੋੜਾ 100 ਸਾਲਾ ਜੇ ਮਿਲੇ ਮਸਾਲਾ।' ਸਿਹਤ ਪੱਖੋਂ ਪੰਜਾਬੀ ਮਾਰ ਖਾ ਗਏ ਹਨ ਤਦੇ ਤਾਂ ਰੋਗਾਂ ਤੇ ਰੋਗੀਆਂ ਦੀ ਭਰਮਾਰ ਹੈ। ਪੰਜਾਬੀਆਂ ਨੂੰ ਸਾਵੀਂ ਖੁਰਾਕ ਨਾਲ ਹੀ ਜੁੜਨ ਦੀ ਲੋੜ ਹੈ, ਇਹ ਪਲੇਟਰ ਸਟਾਰਟਰ ਸਭ ਸ਼ੋਸ਼ੇਬਾਜ਼ੀਆਂ ਹਨ।

ਪੰਜਾਬੀਆਂ ਨੂੰ ਕਿਰਤ ਕਰਨ ਤੇ ਕਿਤਾਬਾਂ ਪੜ੍ਹਨ ਦੀ ਲੋੜ ਹੈ। ਰਾਣਾ ਸੋਢੀ ਵਰਗੇ ਬੰਦੇ ਪਤਾ ਨੀ ਕਿੱਥੇ ਚਲੇ ਗਏ? ਨੰਗਲ 'ਚ ਇਕ ਸਮਾਰਟ ਨੌਜਵਾਨ ਰਾਣਾ ਸੋਢੀ ਹੁੰਦਾ ਸੀ, ਜਿਸ ਨੇ ਨਾਗਮਣੀ ਅਤੇ ਹੋਰ ਰਸਾਲਿਆਂ ਦੀ ਵੱਡੀ ਸੰਖਿਆ ਸਾਂਭੀ ਹੁੰਦੀ ਸੀ। ਰਾਣਾ ਸੋਢੀ ਦਾ ਵੱਡਾ ਭਰਾ ਸ਼ਾਇਰ ਪਰਮਿੰਦਰ ਸੋਢੀ ਜਪਾਨ ਜਾ ਵਸਿਆ ਹੈ, ਸ਼ਾਇਰ ਪਰਮਿੰਦਰ ਸੋਢੀ ਕੋਲ 4000 ਕਿਤਾਬਾਂ ਹਨ। ਰਾਣਾ ਸੋਢੀ ਅਤੇ ਪਰਮਿੰਦਰ ਸੋਢੀ ਦੇ ਪਿਤਾ ਸਵਰਗੀ ਹੈੱਡਮਾਸਟਰ ਰਾਜਿੰਦਰ ਸੋਢੀ ਚੰਡੀਗੜ੍ਹ ਜਾ ਕੇ ਕਿਤਾਬਾਂ ਇੰਜ ਖਰੀਦਦੇ ਸਨ, ਜਿਵੇਂ ਅਸੀਂ ਸਬਜ਼ੀ ਖਰੀਦਦੇ ਹਾਂ। ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਰਾਣਾ ਕੇ.ਪੀ. ਸਿੰਘ ਦੀ ਨਿੱਜੀ ਲਾਇਬ੍ਰੇਰੀ ਵੀ ਦੇਖਣ ਵਾਲੀ ਹੈ। ਬੌਧਿਕ ਵਿਕਾਸ ਲਈ ਪੁਸਤਕਾਂ ਪੜ੍ਹਣੀਆਂ ਹੀ ਪੈਣਗੀਆਂ। ਪੰਜਾਬੀਆਂ ਨੂੰ ਕੁਦਰਤੀ ਜੀਵਨ ਵੱਲ ਪਰਤਣਾ ਪਵੇਗਾ, ਕਿਉਂਕਿ ਫਸਲੀ ਚੱਕਰ ਪੌਣ ਪਾਣੀ ਦਾ ਦੁਸ਼ਮਣ ਬਣ ਗਿਆ ਹੈ।

ਨਾ ਤਾਂ ਇਹ ਪਹਿਲੀ ਘਟਨਾ ਹੈ ਤੇ ਨਾ ਆਖ਼ਰੀ...

ਅਰਵਿੰਦਰ ਜੌਹਲ

ਪੰਜਾਬ ਵਿੱਚ ਇਸ ਵੇਲੇ ਚੋਣਾਂ ਦਾ ਮਾਹੌਲ ਭਖਣਾ ਸ਼ੁਰੂ ਹੋ ਗਿਆ ਹੈ ਅਤੇ ਸਾਰੀਆਂ ਪਾਰਟੀਆਂ ਆਪੋ-ਆਪਣੇ ਸਿਆਸੀ ਜਮ ?ਹਾਂ-ਘਟਾਉ 'ਚ ਰੁੱਝੀਆਂ ਹੋਈਆਂ ਹਨ। ਇਸ ਦੌਰਾਨ ਮਾਨਸਾ ਵਿੱਚ ਨਸ਼ਿਆਂ ਖ਼ਿਲਾਫ਼ ਆਵਾਜ਼ ਉਠਾਉਣ ਵਾਲੇ ਪਰਵਿੰਦਰ ਸਿੰਘ ਝੋਟਾ ਦੀ 13 ਅਕਤੂਬਰ ਨੂੰ ਅਚਾਨਕ ਦਿਨ ਦਿਹਾੜੇ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ, ਜਿਸ ਮਗਰੋਂ ਇਸ ਘਟਨਾ ਵਿਰੁੱਧ ਪੰਜਾਬ ਭਰ 'ਚ ਲੋਕਾਂ ਨੇ ਰੋਸ ਪ੍ਰਦਰਸ਼ਨ ਕੀਤੇ।

ਇਸ ਹੱਤਿਆ ਨੇ ਸੂਬੇ ਨੂੰ ਦਰਪੇਸ਼ ਨਸ਼ੇ ਦੀ ਸਮੱਸਿਆ ਦਾ ਖ਼ੌਫ਼ਨਾਕ ਚਿਹਰਾ ਇੱਕ ਵਾਰ ਫਿਰ ਸਾਹਮਣੇ ਲੈ ਆਂਦਾ ਹੈ। ਪਰਵਿੰਦਰ ਦੀ ਹੱਤਿਆ ਕਰਨ ਵਾਲਾ ਕੈਮਿਸਟ ਅਸ਼ਵਨੀ ਕੁਮਾਰ ਆਪਣੀ ਦੁਕਾਨ 'ਤੇ ਮੈਡੀਕਲ ਨਸ਼ੇ ਵੇਚਦਾ ਸੀ ਅਤੇ ਪਰਵਿੰਦਰ ਉਸ ਨੂੰ ਤਾੜਨਾ ਕਰਨ ਗਿਆ ਸੀ ਕਿ ਉਹ ਇਹ ਧੰਦਾ ਬੰਦ ਕਰ ਦੇਵੇ। ਉਸ ਮੌਕੇ ਵਧੀ ਤਲਖ਼ੀ ਦੌਰਾਨ ਅਸ਼ਵਨੀ ਕੁਮਾਰ ਨੇ ਆਪਣੀ ਪਿਸਤੌਲ ਕੱਢ ਲਈ ਅਤੇ ਪਰਵਿੰਦਰ ਨੂੰ ਗੋਲੀਆਂ ਮਾਰ ਕੇ ਮਾਰ ਦਿੱਤਾ। ਪਰਵਿੰਦਰ ਇਹ ਸਾਰਾ ਮੰਜ਼ਰ ਸੋਸ਼ਲ ਮੀਡੀਆ ਪਲੈਟਫਾਰਮ 'ਤੇ ਲਾਈਵ ਦਿਖਾ ਰਿਹਾ ਸੀ। ਉਸ ਨੂੰ ਗੋਲੀਆਂ ਮਾਰੇ ਜਾਣ ਦੀ ਸਾਰੀ ਘਟਨਾ ਕੈਮਰੇ 'ਚ ਕੈਦ ਹੋ ਗਈ।

ਇਸ ਤਰ੍ਹਾਂ ਦੀ ਇਹ ਨਾ ਤਾਂ ਕੋਈ ਪਹਿਲੀ ਘਟਨਾ ਹੈ ਤੇ ਨਾ ਹੀ ਆਖ਼ਰੀ। ਪਰਵਿੰਦਰ ਦੀ ਹੱਤਿਆ ਤੋਂ ਤਿੰਨ ਦਿਨ ਬਾਅਦ ਹੀ ਸ੍ਰੀ ਹਰਗੋਬਿੰਦਪੁਰ ਨੇੜਲੇ ਪਿੰਡ ਮਾੜੀ ਪਨੂੰਆ ਵਿੱਚ ਨਸ਼ਾ ਵੇਚਣ ਤੋਂ ਰੋਕੇ ਜਾਣ 'ਤੇ ਹੋਏ ਝਗੜੇ 'ਚ ਤਸਕਰਾਂ ਨੇ ਪਿੰਡ ਦੇ ਤਿੰਨ ਨੌਜਵਾਨਾਂ 'ਤੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਦਿੱਤਾ, ਜਿਸ ਵਿੱਚ ਬਿਕਰਮਜੀਤ ਸਿੰਘ ਨਾਂ ਦੇ ਨੌਜਵਾਨ ਦੀ ਜ਼ਖ਼ਮਾਂ ਦੀ ਤਾਬ ਨਾ ਝੱਲਦਿਆਂ ਮੌਤ ਹੋ ਗਈ ਅਤੇ ਦੋ ਹੋਰ ਨੌਜਵਾਨ ਜ਼ਖ਼ਮੀ ਹੋ ਗਏ। ਸੱਤ ਸਾਲ ਪਹਿਲਾਂ 29 ਮਾਰਚ 2019 ਨੂੰ ਡਰੱਗ ਲਾਇਸੈਂਸਿੰਗ ਅਧਿਕਾਰੀ ਨੇਹਾ ਸ਼ੋਰੀ ਨੂੰ ਉਸ ਦੇ ਖਰੜ ਸਥਿਤ ਦਫ਼ਤਰ ਵਿੱਚ ਮੋਰਿੰਡਾ ਦੇ ਕੈਮਿਸਟ ਬਲਵਿੰਦਰ ਸਿੰਘ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ ਸੀ। ਨੇਹਾ ਸ਼ੋਰੀ ਦੇ ਪਰਿਵਾਰ ਨੇ ਇਹ ਦੋਸ਼ ਲਾਇਆ ਸੀ ਕਿ ਉਨ੍ਹਾਂ ਦੀ ਧੀ ਦੇ ਕਤਲ ਪਿੱਛੇ ਡਰੱਗ ਮਾਫ਼ੀਆ ਦਾ ਹੱਥ ਹੈ।

ਜ਼ਾਹਿਰ ਹੈ ਕਿ ਪੰਜਾਬ ਵਿੱਚ ਨਸ਼ਿਆਂ ਨੇ ਇਹ ਵਿਕਰਾਲ ਰੂਪ ਕੋਈ ਅੱਜ ਨਹੀਂ ਧਾਰਿਆ। ਅੱਜ ਸਭ ਸਿਆਸੀ ਪਾਰਟੀਆਂ ਇੱਕ ਦੂਜੇ ਤੋਂ ਅੱਗੇ ਵਧ ਕੇ ਇਸ ਸਮੱਸਿਆ ਬਾਰੇ ਬਿਆਨ ਦੇ ਰਹੀਆਂ ਹਨ, ਪਰ ਯਾਦ ਕਰੋ ਅਕਤੂਬਰ 2012 ਵਿੱਚ ਪੰਜਾਬ ਯੂਨੀਵਰਸਿਟੀ ਵਿੱਚ ਹੋਏ ਇੱਕ ਸਮਾਗਮ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਇਹ ਬਿਆਨ ਦਿੱਤਾ ਸੀ ਕਿ ਪੰਜਾਬ ਵਿੱਚ 10 'ਚੋਂ 7 ਨੌਜਵਾਨ ਨਸ਼ਿਆਂ ਦੀ ਗ੍ਰਿਫ਼ਤ ਵਿੱਚ ਹਨ। ਰਾਹੁਲ ਗਾਂਧੀ ਦੇ ਇਸ ਬਿਆਨ ਨੂੰ ਲੈ ਕੇ ਸਿਆਸੀ ਤੂਫ਼ਾਨ ਉੱਠ ਖੜ੍ਹਾ ਹੋਇਆ ਸੀ। ਰਾਹੁਲ ਗਾਂਧੀ ਦੇ ਬਿਆਨ ਵਿਚਲੇ ਅੰਕੜਿਆਂ ਦਾ ਸਰੋਤ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਪ੍ਰੋ. ਰਣਵਿੰਦਰ ਸਿੰਘ ਸੰਧੂ ਵੱਲੋਂ ਸਾਲ 2007-09 ਦੌਰਾਨ ਨਸ਼ਿਆਂ ਬਾਰੇ ਕੀਤੇ ਗਏ ਇੱਕ ਅਧਿਐਨ ਦੀ ਰਿਪੋਰਟ ਸੀ, ਪਰ ਇਸ ਮਾਮਲੇ ਦੇ ਤੂਲ ਫੜਨ ਮਗਰੋਂ ਪ੍ਰੋ. ਸੰਧੂ ਨੇ ਸਪੱਸ਼ਟ ਕੀਤਾ ਸੀ ਕਿ ਉਨ੍ਹਾਂ ਦੇ ਅਧਿਐਨ ਵਿੱਚ ਨਸ਼ੀਲੇ ਪਦਾਰਥਾਂ ਦੇ ਆਦੀ ਵਿਅਕਤੀਆਂ ਵਿੱਚੋਂ 73 ਫ਼ੀਸਦੀ 16 ਤੋਂ 35 ਸਾਲ ਉਮਰ ਵਰਗ ਦੇ ਸਨ। ਉਨ੍ਹਾਂ ਦਾਅਵਾ ਕੀਤਾ ਸੀ ਕਿ ਹੇਠਲੇ ਪੱਧਰ ਦੀ ਅਫ਼ਸਰਸ਼ਾਹੀ ਨੇ ਇਸ ਦੀ ਗ਼ਲਤ ਵਿਆਖਿਆ ਕਰਦਿਆਂ ਅਦਾਲਤੀ ਹਲਫ਼ਨਾਮਿਆਂ ਵਿੱਚ ਇਸ ਨੂੰ ਸਾਰੇ ਨੌਜਵਾਨ ਵਰਗ ਨਾਲ ਜੋੜ ਕੇ ਪੇਸ਼ ਕਰ ਦਿੱਤਾ ਜਾ ਰਿਹਾ ਹੈ। ਭਾਵੇਂ ਇਹ ਅੰਕੜੇ ਵਧਾ-ਚੜ੍ਹਾ ਕੇ ਪੇਸ਼ ਕੀਤੇ ਗਏ, ਪਰ ਫਿਰ ਵੀ ਇਹ ਸਮੱਸਿਆ ਦੀ ਨਿਸ਼ਾਨਦੇਹੀ ਤਾਂ ਕਰਦੇ ਹੀ ਸਨ। ਮਾਮਲੇ ਨੂੰ ਗੰਭੀਰਤਾ ਨਾਲ ਲੈਣ ਦੀ ਬਜਾਏ ਇਸ ਨੂੰ ਸਮੁੱਚੇ ਪੰਜਾਬੀਆਂ ਦੇ ਸਨਮਾਨ ਨੂੰ ਠੇਸ ਪਹੁੰਚਾਉਣ ਨਾਲ ਜੋੜ ਕੇ ਮਸਲੇ ਤੋਂ ਅੱਖਾਂ ਮੀਟਣ ਵਾਲਾ ਰਵੱਈਆ ਅਖ਼ਤਿਆਰ ਕਰ ਲਿਆ ਗਿਆ ਅਤੇ ਅੱਜ ਉਹੀ 'ਕੌਮੀ ਚੁਟਕਲਾ' ਸੂਬੇ ਦੀ ਸਿਆਹ ਹਕੀਕਤ ਦਾ ਰੂਪ ਧਾਰ ਕੇ ਸਾਡੇ ਸਾਹਮਣੇ ਆ ਖਲੋਤਾ ਹੈ। ਸੰਨ 2016 ਵਿੱਚ ਨਸ਼ਿਆਂ ਦੇ ਮੁੱਦੇ 'ਤੇ ਬਣੀ ਹਿੰਦੀ ਫਿਲਮ 'ਉੜਤਾ ਪੰਜਾਬ' ਨੂੰ ਲੈ ਕੇ ਉਦੋਂ ਇੱਕ ਵਾਰੀ ਫਿਰ ਸੱਤਾਧਾਰੀ ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਕਟਹਿਰੇ ਵਿੱਚ ਸੀ। ਉਸ ਵੇਲੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੌਲੀਵੁੱਡ ਅਤੇ ਮੀਡੀਆ ਦੀ ਆਲੋਚਨਾ ਕਰਦਿਆਂ ਕਿਹਾ ਸੀ ਕਿ ਪੰਜਾਬ ਅਤੇ ਖ਼ਾਸ ਕਰ ਕੇ ਇੱਥੋਂ ਦੇ ਨੌਜਵਾਨਾਂ ਨੂੰ ਬਦਨਾਮ ਕਰਨ ਲਈ ਨਸ਼ਿਆਂ ਦੀ ਸਮੱਸਿਆ ਨੂੰ ਫਿਲਮ 'ਚ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਗਿਆ ਹੈ। ਵਿਰੋਧੀ ਪਾਰਟੀਆਂ ਨੇ ਉਦੋਂ ਦੋਸ਼ ਲਾਏ ਸਨ ਕਿ ਸੱਤਾਧਾਰੀ ਧਿਰ ਨੇ ਸੈਂਸਰ ਬੋਰਡ 'ਤੇ ਫਿਲਮ 'ਚ ਕਈ ਕੱਟ ਲਾਉਣ ਅਤੇ ਪੰਜਾਬ ਤੇ ਸੂਬਾਈ ਚੋਣਾਂ ਸਬੰਧੀ ਹਵਾਲੇ ਕੱਢਣ ਲਈ ਦਬਾਅ ਪਾਇਆ ਸੀ। ਜੇ ਤੁਹਾਨੂੰ ਯਾਦ ਹੋਵੇ ਤਾਂ ਸੈਂਸਰ ਬੋਰਡ ਦੇ ਤਤਕਾਲੀ ਮੁਖੀ ਪਹਿਲਾਜ ਨਿਹਲਾਨੀ ਨੇ ਫਿਲਮ ਦੇ ਨਿਰਮਾਤਾ ਅਨੁਰਾਗ ਕਸ਼ਯਪ ਉੱਤੇ ਦੋਸ਼ ਲਾਇਆ ਸੀ ਕਿ ਉਸ ਨੇ ਇੱਕ ਸਿਆਸੀ ਪਾਰਟੀ ਤੋਂ ਪੈਸੇ ਲੈ ਕੇ ਜਾਣ-ਬੁੱਝ ਕੇ ਫਿਲਮ 'ਚ ਪੰਜਾਬ ਦੇ ਅਕਸ ਨੂੰ ਵਿਗਾੜ ਕੇ ਪੇਸ਼ ਕੀਤਾ ਹੈ।

ਹੁਣ ਪਰਵਿੰਦਰ ਦੀ ਹੱਤਿਆ ਮਗਰੋਂ ਪੰਜਾਬ ਵਿੱਚ ਵੱਡੇ ਪੱਧਰ 'ਤੇ ਹੋਏ ਰੋਸ ਵਿਖਾਵਿਆਂ ਤੋਂ ਇਹ ਗੱਲ ਤਾਂ ਸਾਬਿਤ ਹੁੰਦੀ ਹੈ ਕਿ ਨਸ਼ਿਆਂ ਨੂੰ ਠੱਲ੍ਹ ਪਾਉਣ 'ਚ ਨਾਕਾਮ ਰਹਿਣ ਕਾਰਨ ਲੋਕਾਂ ਵਿੱਚ ਕਿੰਨਾ ਰੋਹ ਹੈ। ਸੂਬੇ ਦੀਆਂ ਜੇਲ੍ਹਾਂ ਵਿੱਚ ਨਸ਼ੇ ਕਥਿਤ ਤੌਰ 'ਤੇ ਆਮ ਉਪਲਬਧ ਹੋਣ ?ਬਾਰੇ ਭਾਜਪਾ ਆਗੂ ਸੁਨੀਲ ਜਾਖੜ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਮਾਮਲੇ ਦੀ ਐੱਨ ਆਈ ਏ ਤੋਂ ਜਾਂਚ ਕਰਵਾਉਣ ਦੀ ਮੰਗ ਕੀਤੀ ਹੈ।

ਸੂਬੇ ਵਿੱਚ ਬੀਤੇ ਸਮਿਆਂ 'ਚ ਵੱਖ-ਵੱਖ ਪਾਰਟੀਆਂ ਇਸੇ ਮੁੱਦੇ 'ਤੇ ਵਾਅਦੇ ਕਰ ਕੇ ਸਰਕਾਰ ਬਣਾਉਣ 'ਚ ਸਫ਼ਲ ਰਹੀਆਂ ਹਨ। ਕੈਪਟਨ ਅਮਰਿੰਦਰ ਸਿੰਘ ਨੇ ਸਾਲ 2015 'ਚ ਤਖ਼ਤ ਸ੍ਰੀ ਦਮਦਮਾ ਸਾਹਿਬ ਨੇੜੇ ਬਠਿੰਡਾ ਰੈਲੀ ਵਿੱਚ ਹੱਥ 'ਚ ਗੁਟਕਾ ਸਾਹਿਬ ਫੜ ਕੇ ਸਹੁੰ ਚੁੱਕੀ ਸੀ, "ਕਾਂਗਰਸ ਪਾਰਟੀ ਸੱਤਾ 'ਚ ਆਉਂਦਿਆਂ ਹੀ ਮੈਂ ਚਾਰ ਹਫ਼ਤਿਆਂ 'ਚ ਨਸ਼ਿਆਂ ਦਾ ਲੱਕ ਤੋੜ ਦੂੰਗਾ।" ਸਾਲ 2017 'ਚ ਉਨ੍ਹਾਂ ਦੀ ਪਾਰਟੀ ਦੀ ਸਰਕਾਰ ਵੀ ਬਣੀ, ਪਰ ਕਾਂਗਰਸ ਪੰਜ ਸਾਲਾਂ 'ਚ ਵੀ ਨਸ਼ਿਆਂ ਦਾ ਲੱਕ ਨਾ ਤੋੜ ਸਕੀ, ਸੂਬੇ ਵਿੱਚ ਨਸ਼ਿਆਂ ਦੀ ਅਲਾਮਤ ਫੈਲਦੀ ਹੀ ਗਈ ਅਤੇ ਅੱਲ੍ਹੜ ਉਮਰ ਦੇ ਬੱਚੇ ਵੀ ਵੱਖ-ਵੱਖ ਤਰ੍ਹਾਂ ਦੇ ਨਸ਼ਿਆਂ ਦੀ ਮਾਰ ਹੇਠ ਆਉਣ ਲੱਗੇ। ਹਾਲਾਂਕਿ ਬਾਅਦ ਵਿੱਚ ਤਿੱਖੀ ਆਲੋਚਨਾ ਹੋਣ 'ਤੇ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਸੀ, "ਲੱਕ ਤੋੜਨ ਦਾ ਮਤਲਬ ਇਹ ਨਹੀਂ ਕਿ ਮੈਂ ਨਸ਼ੇ ਖ਼ਤਮ ਕਰ ਦੂੰਗਾ।" ਫਿਰ ਆਮ ਆਦਮੀ ਪਾਰਟੀ ਨੇ 2022 ਵਿੱਚ ਸਰਕਾਰ ਬਣਨ ਤੋਂ ਪਹਿਲਾਂ ਵਾਅਦਾ ਕੀਤਾ ਸੀ ਕਿ ਸਰਕਾਰ ਬਣਦਿਆਂ ਹੀ ਇਹ ਕੁਝ ਮਹੀਨਿਆਂ (ਤਿੰਨ ਤੋਂ ਛੇ ਮਹੀਨੇ) 'ਚ ਹੀ ਪੰਜਾਬ ਵਿੱਚੋਂ ਨਸ਼ਾ ਖ਼ਤਮ ਕਰ ਦੇਵੇਗੀ ਪਰ ਉਹ ਵਾਅਦਾ ਵੀ ਵਫ਼ਾ ਨਾ ਹੋ ਸਕਿਆ ਤੇ ਸਥਿਤੀ ਹੁਣ ਸਭ ਦੇ ਸਾਹਮਣੇ ਹੈ। ਵੇਲਾ ਹੈ ਕਿ ਸਿਆਸਤਦਾਨ

ਇਮਾਨਦਾਰੀ ਨਾਲ ਆਪਣੇ ਅੰਦਰ ਝਾਤੀ ਮਾਰਨ ਅਤੇ ਸਮੁੱਚੇ ਭ੍ਰਿਸ਼ਟ ਤੰਤਰ, ਜਿਸ ਲਈ ਉਹ ਖ਼ੁਦ ਜ਼ਿੰਮੇਵਾਰ ਹਨ, ਬਾਰੇ ਜਵਾਬਦੇਹੀ ਤੋਂ ਬਚਣ ਲਈ ਅੰਕੜਿਆਂ ਦੀ ਖੇਡ ਨਾ ਖੇਡਣ। ਸ਼ਾਇਦ ਇਉਂ ਪੰਜਾਬ ਦਾ ਕੁਝ ਭਲਾ ਹੋ ਸਕੇ। ਦਰਅਸਲ, ਹਰ ਸਿਆਸਤਦਾਨ ਦਾ ਤਰਕ ਹੁੰਦਾ ਹੈ ਕਿ ਉਨ੍ਹਾਂ ਦੇ ਵੇਲੇ ਏਨੇ ਤਸਕਰਾਂ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਤੇ ਏਨੀ ਮਾਤਰਾ 'ਚ ਨਸ਼ੇ ਦੀ ਬਰਾਮਦਗੀ ਹੋਈ। ਹਾਲ ਹੀ ਵਿੱਚ 30 ਸਤੰਬਰ ਨੂੰ ਨਸ਼ਾ ਮੁਕਤ ਪੰਜਾਬ ਯਾਤਰਾ ਦੀ ਸਮਾਪਤੀ ਮੌਕੇ ਜਲੰਧਰ ਵਿੱਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪੰਜਾਬ ਨੂੰ ਨਸ਼ਿਆਂ ਤੋਂ ਮੁਕਤ ਕਰਨ ਦਾ ਵਾਅਦਾ ਕਰਦਿਆਂ ਕਿਹਾ ਸੀ ਕਿ ਉਨ੍ਹਾਂ ਦੀ ਪਾਰਟੀ ਸੂਬੇ ਵਿੱਚ ਆਉਂਦੀਆਂ ਚੋਣਾਂ ਇਸੇ ਮੁੱਦੇ 'ਤੇ ਲੜੇਗੀ। ਉਨ੍ਹਾਂ ਪੰਜਾਬੀਆਂ ਨੂੰ ਭਰੋਸਾ ਦਿੱਤਾ ਕਿ 31 ਦਸੰਬਰ 2029 ਤੱਕ ਉਹ ਸੂਬੇ ਨੂੰ ਨਸ਼ਾ ਮੁਕਤ ਕਰਨ ਦਾ ਟੀਚਾ ਹਾਸਲ ਕਰ ਲੈਣਗੇ। ਖ਼ੈਰ, ਉਨ੍ਹਾਂ ਨੇ ਸੱਤਾ 'ਚ ਆਉਣ ਦੀ ਸੂਰਤ ਵਿੱਚ ਚਾਰ ਹਫ਼ਤਿਆਂ ਜਾਂ ਚਾਰ ਮਹੀਨਿਆਂ ਦੀ ਥਾਂ ਲਗਭਗ ਦੋ ਸਾਲਾਂ ਦੇ ਅੰਦਰ ਅੰਦਰ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਸਿਆਸੀ ਵਾਅਦਾ ਕੀਤਾ ਹੈ। ਹਾਲਾਂਕਿ ਕੇਂਦਰ ਸਰਕਾਰ ਨੇ ਦੇਸ਼ 'ਚ ਨਸ਼ਿਆਂ ਦਾ ਖ਼ਾਤਮਾ ਕਰਨ ਲਈ 'ਨਸ਼ਾ ਮੁਕਤ ਭਾਰਤ ਅਭਿਆਨ' ਤਹਿਤ ਇਸ ਦਾ ਟੀਚਾ ਵੀ 31 ਦਸੰਬਰ 2029 ਰੱਖਿਆ ਹੈ। ਜਦੋਂ ਸਮੁੱਚਾ ਦੇਸ਼ ਹੀ ਨਸ਼ਾ ਮੁਕਤ ਹੋ ਗਿਆ ਤਾਂ ਪੰਜਾਬ ਕਿਹੜਾ ਇਸ ਤੋਂ ਬਾਹਰ ਹੈ?

ਨਸ਼ੇ ਦੇ ਮੁੱਦੇ ਨੂੰ ਲੈ ਕੇ ਜਦੋਂ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਜਾਂਦਾ ਹੈ ਤਾਂ ਭਾਜਪਾ ਵੀ ਜਵਾਬਦੇਹੀ ਤੋਂ ਨਹੀਂ ਬਚ ਸਕਦੀ ਕਿਉਂਕਿ ਉਹ ਲਗਾਤਾਰ ਦਸ ਸਾਲ ਗੱਠਜੋੜ ?ਸਦਕਾ ਸੂਬੇ ਦੀ ਸੱਤਾ 'ਚ ਭਾਈਵਾਲ ਰਹੀ ਹੈ। ਇਸ ਦੇ ਨਾਲ ਹੀ 2014 ਤੋਂ ਭਾਜਪਾ ਲਗਾਤਾਰ ਕੇਂਦਰ ਦੀ ਸੱਤਾ 'ਤੇ ਕਾਬਜ਼ ਹੈ। ਸੋਚਣ ਵਾਲੀ ਗੱਲ ਇਹ ਹੈ ਕਿ ਹੁਣ ਉਹ ਇੰਨੇ ਕੁ ਸਮੇਂ 'ਚ ਨਸ਼ਿਆਂ 'ਤੇ ਕਿਵੇਂ ਕਾਬੂ ਪਾ ਲਵੇਗੀ? 11 ਅਕਤੂਬਰ 2021 ਨੂੰ ਪੰਜਾਬ ਵਿੱਚ ਬੀ ਐੱਸ ਐੱਫ, ਜੋ ਕੇਂਦਰ ਸਰਕਾਰ ਦੇ ਅਧੀਨ ਹੈ, ਦਾ ਅਧਿਕਾਰ ਖੇਤਰ ਕੌਮਾਂਤਰੀ ਸਰਹੱਦ ਦੇ 15 ਕਿਲੋਮੀਟਰ ਦੇ ਘੇਰੇ ਤੋਂ ਵਧਾ ਕੇ 50 ਕਿਲੋਮੀਟਰ ਤੱਕ ਕਰ ਦਿੱਤਾ ਗਿਆ ਸੀ। ਮੌਜੂਦਾ ਸਥਿਤੀ 'ਚ ਦੁਸ਼ਮਣ ਦੇਸ਼ ਵੱਲੋਂ ਸਰਹੱਦ ਪਾਰ ਤੋਂ ਨਸ਼ਿਆਂ ਤੇ ਹਥਿਆਰਾਂ ਦੀ ਤਸਕਰੀ ਲਈ ਡਰੋਨਾਂ ਦੀ ਵਰਤੋਂ ਕੀਤੀ ਜਾਂਦੀ ਹੈ। ਪੰਜਾਬ ਸਰਕਾਰ ਦਾ ਗਿਲਾ ਹੈ ਕਿ ਪੰਜਾਬ ਨੂੰ ਕੇਂਦਰ ਵੱਲੋਂ ਐਂਟੀ ਡਰੋਨ ਸਿਸਟਮ ਨਹੀਂ ਦਿੱਤਾ ਜਾ ਰਿਹਾ ਤੇ ਨਾ ਹੀ ਇਸ ਲਈ ਫੰਡ ਮੁਹੱਈਆ ਕਰਵਾਇਆ ਜਾ ਰਿਹਾ ਹੈ। ਹਾਲਾਂਕਿ ਕੌਮੀ ਸੁਰੱਖਿਆ ਲਈ ਪੰਜਾਬ ਬਹੁਤ ਅਹਿਮ ਸਰਹੱਦੀ ਸੂਬਾ ਹੈ।

ਵੱਖ-ਵੱਖ ਸਿਆਸੀ ਪਾਰਟੀਆਂ ਨੂੰ ਇੱਕ-ਦੂਜੇ 'ਤੇ ਤੋਹਮਤਬਾਜ਼ੀ ਕਰਨ ਦੀ ਥਾਂ ਇਸ ਗੰਭੀਰ ਮੁੱਦੇ 'ਤੇ ਸਾਂਝੀ ਲੜਾਈ ਲੜਨ ਲਈ ਸਾਂਝੀ ਰਣਨੀਤੀ ਉਲੀਕਣ ਦੀ ਲੋੜ ਹੈ। ਨਸ਼ਿਆਂ ਦੇ ਮੁੱਦੇ 'ਤੇ ਜਵਾਬਦੇਹੀ ਤੋਂ ਬਚਣ ਲਈ ਅੰਕੜਿਆਂ ਦੀ ਖੇਡ ਨਹੀਂ ਸਗੋਂ ਠੋਸ ਕਾਰਵਾਈ ਕਰਨ ਦੀ ਲੋੜ ਹੈ ਕਿਉਂਕਿ ਲੋਕ ਮਹਿਜ਼ ਵੋਟਰ ਨਹੀਂ ਹੁੰਦੇ, ਕਿਸੇ ਪਰਿਵਾਰ ਦੇ ਜੀਅ ਹੁੰਦੇ ਹਨ।

ਗੈਂਗਸਟਰਾਂ ਦਾ ਵਧਦਾ ਖ਼ੌਫ਼

ਮੁੰਬਈ ਵਿੱਚ ਬੌਲੀਵੁੱਡ ਅਦਾਕਾਰ ਟਾਈਗਰ ਸ਼ਰੌਫ 'ਤੇ ਹੋਇਆ ਹਮਲਾ ਗੈਂਗਸਟਰਾਂ ਵੱਲੋਂ ਕਾਨੂੰਨ ਦੀਆਂ ਧੱਜੀਆਂ ਉਡਾਉਣ ਦੀ ਇੱਕ ਡਰਾਉਣੀ ਉਦਾਹਰਣ ਹੈ। ਇਹ ਬਿਲਕੁਲ ਸਾਫ਼ ਹੈ ਕਿ ਮਹਾਰਾਸ਼ਟਰ ਵਰਗੇ ਸੂਬਿਆਂ ਵਿੱਚ ਸੰਗਠਿਤ ਅਪਰਾਧ ਅਜੇ ਵੀ ਕਾਨੂੰਨ ਵਿਵਸਥਾ ਲਈ ਇੱਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਰਾਜਸਥਾਨ ਦੇ ਕੋਟਾ ਰੇਲਵੇ ਸਟੇਸ਼ਨ ਤੋਂ ਤਿੰਨ ਸ਼ੱਕੀਆਂ ਦੀ ਹੋਈ ਗ੍ਰਿਫ਼ਤਾਰੀ ਸ਼ਲਾਘਾਯੋਗ ਹੈ। ਇਸ ਦੇ ਨਾਲ ਹੀ ਅਜਿਹੇ ਹਮਲਿਆਂ ਪਿੱਛੇ ਕੰਮ ਕਰ ਰਹੇ ਅਪਰਾਧਿਕ ਨੈੱਟਵਰਕਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਲਈ ਦ੍ਰਿੜ੍ਹਤਾ ਨਾਲ ਯਤਨ ਕੀਤੇ ਜਾਣੇ ਚਾਹੀਦੇ ਹਨ। ਇਹ ਘਟਨਾ ਇਸ ਲਈ ਵੀ ਹੋਰ ਅਹਿਮ ਹੋ ਜਾਂਦੀ ਹੈ ਕਿਉਂਕਿ ਇਸ ਤੋਂ ਪਹਿਲਾਂ ਫਿਲਮਸਾਜ਼ ਰੋਹਿਤ ਸ਼ੈੱਟੀ ਅਤੇ ਫਿਲਮ ਸਿਤਾਰੇ ਸਲਮਾਨ ਖ਼ਾਨ ਨੂੰ ਡਰਾਉਣ ਲਈ ਗੋਲੀਬਾਰੀ ਕੀਤੀ ਜਾ ਚੁੱਕੀ ਹੈ। ਅਜਿਹੇ ਮਾਮਲੇ ਦੱਸਦੇ ਹਨ ਕਿ ਧਮਕੀਆਂ, ਫਿਰੌਤੀ ਅਤੇ ਹਿੰਸਾ ਕੋਈ ਇੱਕਾ-ਦੁੱਕਾ ਮਾਮਲੇ ਨਹੀਂ ਸਗੋਂ ਇਹ ਕਿਸੇ ਡੂੰਘੀ ਅਤੇ ਖ਼ਤਰਨਾਕ ਸਮੱਸਿਆ ਦੇ ਲੱਛਣ ਹਨ।

ਪੁਲੀਸ ਦੀ ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਾ ਹੈ ਕਿ ਇੱਕ ਸ਼ੱਕੀ ਦਾ ਸਬੰਧ ਲਾਰੈਂਸ ਬਿਸ਼ਨੋਈ ਗੈਂਗ ਦੇ ਇੱਕ ਕਥਿਤ ਸਾਥੀ ਨਾਲ ਹੈ। ਭਾਵੇਂ ਬਿਸ਼ਨੋਈ 2015 ਤੋਂ ਜੇਲ੍ਹ ਵਿੱਚ ਬੰਦ ਹੈ, ਪਰ ਉਸ ਦੇ ਸਾਥੀ ਨਾ ਸਿਰਫ਼ ਭਾਰਤ ਸਗੋਂ ਵਿਦੇਸ਼ਾਂ ਵਿੱਚ ਵੀ ਸਰਗਰਮ ਹਨ। ਉਸ ਦੇ ਇੱਕ ਕਰੀਬੀ ਸਾਥੀ ਕਰਮਵੀਰ ਸਿੰਘ ਨੂੰ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਸੀ, ਜਿਸ ਨੂੰ ਪਿਛਲੇ ਮਹੀਨੇ ਪੰਜਾਬ ਪੁਲੀਸ ਨੇ ਗ੍ਰਿਫ਼ਤਾਰ ਕਰ ਲਿਆ ਸੀ। ਇਸੇ ਤਰ੍ਹਾਂ ਅਪਰਾਧਿਕ ਗਰੋਹਾਂ ਅਤੇ ਦਹਿਸ਼ਤੀ ਸਮੂਹਾਂ ਵਿਚਕਾਰ ਗੱਠਜੋੜ ਨਾਲ ਸਬੰਧਿਤ ਮਾਮਲੇ ਵਿੱਚ ਬਿਸ਼ਨੋਈ ਦੇ ਭਰਾ ਅਨਮੋਲ ਨੂੰ ਅਮਰੀਕਾ ਤੋਂ ਡਿਪੋਰਟ ਕੀਤੇ ਜਾਣ ਤੋਂ ਬਾਅਦ ਨਵੰਬਰ 2025 ਵਿੱਚ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ (ਐੱਨ ਆਈ ਏ) ਵੱਲੋਂ

ਚੰਗਾ ਚਰਿੱਤਰ ਕਿਵੇਂ ਕਾਇਮ ਹੋਵੇ ?

ਸੰਸਾਰ ਭਰ 'ਚ ਵਸਦੇ ਸਿੱਖਾਂ ਨੇ ਆਪਣੇ ਸਮਾਜਿਕ, ਰਾਜਨੀਤਕ, ਆਰਥਿਕ ਤੇ ਤਕਨੀਕ ਦੇ ਪੱਧਰ 'ਤੇ ਕੀਤੇ ਜਾ ਰਹੇ ਕਾਰਜਾਂ ਨਾਲ ਸਿੱਖ ਕੌਮ ਦੀ ਵੱਖਰੀ ਪਛਾਣ ਤੇ ਕਿਰਦਾਰ ਸਥਾਪਤ ਕੀਤਾ ਹੈ। ਸਿੱਖਾਂ ਵਲੋਂ ਚਲਾਏ ਜਾ ਰਹੇ ਲੰਗਰਾਂ ਨੇ ਆਮ ਲੋਕਾਂ 'ਚ ਇਹ ਜਾਣਨ ਦੀ ਖਿੱਚ ਪੈਦਾ ਕੀਤੀ ਹੈ ਕਿ ਇੰਨੇ ਵੱਡੇ ਪੱਧਰ 'ਤੇ ਮੁਫ਼ਤ ਭੋਜਨ ਕਿਵੇਂ ਛਕਾਇਆ ਜਾ ਸਕਦਾ ਹੈ। ਇਸ ਪਿੱਛੇ ਕਿਹੜੀ ਵਿਚਾਰਧਾਰਾ ਕੰਮ ਕਰ ਰਹੀ ਹੈ, ਜਿਸ ਨੇ ਦੂਜਿਆਂ ਪ੍ਰਤੀ ਪਰਉਪਕਾਰ ਦੀ ਭਾਵਨਾ ਨੂੰ ਨਿਰੰਤਰ ਜਾਰੀ ਰੱਖਿਆ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਸਮੁੱਚੀ ਸਿੱਖ ਕੌਮ ਦਾ ਕੇਂਦਰੀ ਧੁਰਾ ਹਨ, ਜਿਸ 'ਚ ਸਮਾਜਿਕ ਬੁਰਾਈਆਂ ਤੋਂ ਦੂਰ ਰਹਿ ਕੇ ਅਜਿਹੇ ਸਦਗੁਣ ਪੈਦਾ ਕਰਨ 'ਤੇ ਜ਼ੋਰ ਦਿੱਤਾ ਗਿਆ ਹੈ, ਜੋ ਸਮਾਜ 'ਚ ਆਦਰਸ਼ ਪੈਦਾ ਕਰਨ ਵਾਲੇ ਹੋਣ। ਕਿਵ ਸਚਿਆਰਾ ਹੋਈਐ ਦੇ ਉਦੇਸ਼ ਨਾਲ ਰਚੇ ਗਏ ਗੁਰੂ ਗ੍ਰੰਥ ਸਾਹਿਬ ਨੇ ਸਿੱਖਾਂ 'ਚ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦੀ ਭਾਵਨਾ ਤੇ ਪਰੰਪਰਾ ਨੂੰ ਜਨਮ ਦਿੱਤਾ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਦਸ ਗੁਰੂ ਸਾਹਿਬਾਨ ਵਲੋਂ ਅਜਿਹੀ ਮਰਿਆਦਾ ਤੇ ਪਰੰਪਰਾ ਨੂੰ ਪਰਪੱਕ ਕਰਨ ਦਾ ਯਤਨ ਕੀਤਾ ਗਿਆ, ਜਿਹੜੀ ਕਿ ਸਮਾਜ 'ਚ ਦੈਵੀ ਆਦਰਸ਼ ਪੈਦਾ ਕਰਨ ਵਾਲੀ ਹੋਵੇ। ਜੋ ਪਰੰਪਰਾ ਸੁਚਾਰੂ ਰੂਪ 'ਚ ਕਾਰਜ ਨਹੀਂ ਕਰ ਸਕੀ, ਉਸ ਨੂੰ ਤੁਰੰਤ ਬੰਦ ਕਰਕੇ ਨਵਾਂ ਰਸਤਾ ਅਖ਼ਤਿਆਰ ਕਰਨ ਦਾ ਮਾਰਗ ਦੱਸਿਆ ਗਿਆ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਦ ਮਸੰਦ ਪ੍ਰਥਾ ਨੂੰ ਖ਼ਤਮ ਕਰਕੇ ਸਿੱਖਾਂ ਨੂੰ ਸਿੱਧੇ ਹੀ ਗੁਰੂ-ਘਰ ਨਾਲ ਜੁੜਨ ਦਾ ਆਦੇਸ਼ ਦਿੱਤਾ ਸੀ। ਇਸੇ ਤਰ੍ਹਾਂ ਸਿੱਖ ਰਹਿਤ ਮਰਯਾਦਾ 'ਚ ਗੁਰੂ ਸਾਹਿਬ ਵਲੋਂ ਸਿਰਜੇ ਆਦਰਸ਼ਾਂ ਦੀ ਸ਼ੁੱਧਤਾ 'ਚ ਵਿਘਨ ਪਾਉਣ ਵਾਲਿਆਂ ਤੋਂ ਦੂਰ ਰਹਿਣ ਦਾ ਹੁਕਮ ਦਿੱਤਾ।

ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸੇ ਦੇ ਰੂਪ 'ਚ ਜਿਹੜਾ ਚਰਿੱਤਰ ਪੈਦਾ ਕੀਤਾ ਸੀ, ਉਸ ਦਾ ਪਹਿਲਾ ਰੂਪ ਬਾਬਾ ਬੰਦਾ ਸਿੰਘ ਬਹਾਦਰ ਰਾਹੀਂ ਸਾਹਮਣੇ ਆਇਆ, ਜਿਨ੍ਹਾਂ ਨੇ ਜ਼ੁਲਮ ਦੀ ਹਕੂਮਤ ਖ਼ਤਮ ਕਰਕੇ ਨੀਵੀਆਂ ਜਾਤਾਂ ਦੇ ਲੋਕਾਂ ਨੂੰ ਸਰਦਾਰੀਆਂ ਬਖ਼ਸ਼ੀਆਂ। ਸਿੱਖਾਂ ਨੇ ਜ਼ੁਲਮ ਦੀ ਹਨੇਰੀ 'ਚੋਂ ਲੰਘਦਿਆਂ ਅਨੇਕਾਂ ਤਸੀਹੇ ਝੱਲੇ, ਪਰ ਗੁਰੂ ਸਾਹਿਬਾਨ ਵਲੋਂ ਦੱਸੇ ਮਾਰਗ 'ਤੇ ਅਡੋਲ ਚਲਦੇ ਰਹੇ। ਸਿੱਖ ਸਥਾਨਕ ਹਾਕਮਾਂ ਤੇ ਬਾਹਰੀ ਹਮਲਾਵਰਾਂ ਦਾ ਟਾਕਰਾ ਕਰਦੇ ਹੋਏ ਹਮੇਸ਼ਾ ਚੜ੍ਹਦੀ ਕਲਾ 'ਚ ਰਹੇ। ਹਮਲਾਵਰਾਂ ਦੇ ਨਾਲ ਆਏ ਲੇਖਕ ਵੀ ਸਿੱਖਾਂ ਦੇ ਚਰਿੱਤਰ ਦੀ ਪ੍ਰਸੰਸਾ ਕੀਤੇ ਬਿਨਾਂ ਨਾ ਰਹਿ ਸਕੇ। 18ਵੀਂ ਸਦੀ ਵਿਚ ਆਮ ਲੋਕਾਂ ਨੇ ਸਿੱਖਾਂ ਦਾ ਜਿਹੜਾ ਚਰਿੱਤਰ ਯੋਧਿਆਂ ਤੇ ਜਰਨੈਲਾਂ ਦੇ ਰੂਪ 'ਚ ਦੇਖਿਆ ਸੀ, ਉਸ 'ਚੋਂ ਗੁਰੂ ਸਾਹਿਬਾਨ ਵਲੋਂ ਘੜੇ ਆਦਰਸ਼ ਮਨੁੱਖ ਦੀ ਤਸਵੀਰ ਸਪੱਸ਼ਟ ਨਜ਼ਰ ਆਉਂਦੀ ਹੈ, ਜਿਸ ਨੇ ਆਮ ਲੋਕਾਂ 'ਚ ਸਿੱਖਾਂ ਪ੍ਰਤੀ ਸਤਿਕਾਰ ਪੈਦਾ ਕਰ ਦਿੱਤਾ, ਜਿਸ ਨੂੰ ਦੇਖ ਕੇ ਬਹੁਤ ਸਾਰੇ ਹਿੰਦੂ ਪਰਿਵਾਰਾਂ 'ਚ ਵੱਡੇ ਪੁੱਤਰ ਨੂੰ ਸਿੱਖ ਸਜਾਉਣ ਦੀ ਭਾਵਨਾ ਪੈਦਾ ਹੋਈ।

19ਵੀਂ ਸਦੀ 'ਚ ਸਿੱਖ ਰਾਜ ਭਾਗ ਦੇ ਮਾਲਕ ਬਣੇ ਤਾਂ ਹੌਲੀ-ਹੌਲੀ ਸਿੱਖਾਂ 'ਚ ਵੀ ਉਹ ਸਾਰੀਆਂ ਕਮੀਆਂ ਪੈਦਾ ਹੋਈਆਂ, ਜੋ ਕਮਜ਼ੋਰ ਮਾਨਸਿਕਤਾ ਵਾਲੇ ਲੋਕਾਂ 'ਚ ਦੇਖੀਆਂ ਜਾਂਦੀਆਂ ਹਨ। ਸਿੱਖ ਵਿਦਵਾਨਾਂ ਨੇ ਇਸ ਦਾ ਵੱਡਾ ਕਾਰਨ ਸਿੱਖਾਂ ਦਾ ਗੁਰਬਾਣੀ ਤੇ ਗੁਰ-ਇਤਿਹਾਸ ਤੋਂ ਦੂਰ ਜਾਣਾ ਦੱਸਿਆ ਹੈ। ਸਿੱਖਾਂ ਦੀ ਰਾਜ ਸੱਤਾ 'ਤੇ ਪਕੜ ਮਜ਼ਬੂਤ ਹੋਈ, ਪਰ ਧਾਰਮਿਕ ਤੌਰ 'ਤੇ ਸਿੱਖ ਕਮਜ਼ੋਰ ਪੈਣ ਲੱਗੇ ਤੇ ਸਿੱਖੀ ਦੇ ਮੂਲ ਆਦਰਸ਼ਾਂ ਨੂੰ ਵੱਡੀ ਢਾਹ ਲੱਗੀ। ਅੰਗਰੇਜ਼ ਸਰਕਾਰ ਵੀ ਚਾਹੁੰਦੀ ਸੀ ਕਿ ਸਿੱਖਾਂ ਦਾ ਚਰਿੱਤਰ ਉਨ੍ਹਾਂ ਦੇ ਰਾਜ ਦੀਆਂ ਲੋੜਾਂ ਦੀ ਪੂਰਤੀ ਕਰਨ ਵਾਲਾ ਹੋਵੇ, ਉਨ੍ਹਾਂ ਵਲੋਂ ਸਿਰਜੇ ਪ੍ਰਬੰਧ ਅਧੀਨ ਸਿੱਖ ਧਾਰਮਿਕ ਤੌਰ 'ਤੇ ਤਿਲਕਣ ਲੱਗੇ ਸਨ। ਅੰਮ੍ਰਿਤਸਰ ਦੇ 4 ਸਿੱਖ ਨੌਜਵਾਨਾਂ ਦਾ ਈਸਾਈ ਧਰਮ ਧਾਰਨ ਕਰਨ ਦਾ ਐਲਾਨ ਸਿੱਖਾਂ ਲਈ ਵੱਡਾ ਧੱਕਾ ਸੀ। ਕੁਝ ਸਿਰੜੀ

ਡਾ. ਪਰਮਵੀਰ ਸਿੰਘ

ਸਿੱਖਾਂ ਨੇ ਅੱਗੇ ਹੋ ਕੇ ਸਿੱਖਾਂ ਵਿਚ ਇਸ ਪ੍ਰਵਿਰਤੀ ਨੂੰ ਰੋਕਣ ਦੇ ਯਤਨ ਸ਼ੁਰੂ ਕੀਤੇ ਤਾਂ ਸਿੰਘ ਸਭਾ ਲਹਿਰ ਹੋਂਦ 'ਚ ਆਈ ਤੇ ਫਿਰ ਗੁਰਦੁਆਰਾ ਸੁਧਾਰ ਲਹਿਰ ਆਰੰਭ ਹੋ ਗਈ।

ਸਿੱਖਾਂ ਦੇ ਮਨਾਂ 'ਚ ਗੁਰਦੁਆਰਾ ਸਾਹਿਬਾਨ ਪ੍ਰਤੀ ਅਥਾਹ ਸ਼ਰਧਾ ਹੈ, ਜਦੋਂ ਉਨ੍ਹਾਂ ਗੁਰਧਾਮਾਂ 'ਚ ਦੁਰਾਚਾਰ ਹੁੰਦੇ ਦੇਖੇ ਤਾਂ ਉਹ ਸ਼ਹਾਦਤਾਂ ਦੇ ਕੇ ਗੁਰਧਾਮਾਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਲਈ ਯਤਨਸ਼ੀਲ ਹੋ ਗਏ। ਮਹੰਤ ਨਰੈਣ ਦਾਸ ਵਲੋਂ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ 'ਤੇ ਸਿੱਖਾਂ ਦੇ ਕੀਤੇ ਕਤਲੇਆਮ ਨੇ ਸਿੱਖਾਂ ਨੂੰ ਅਜਿਹਾ ਝੰਜੋੜਿਆ ਕਿ ਉਹ ਆਪਣੇ ਘਰ, ਜ਼ਮੀਨਾਂ ਤੇ ਸਰੀਰ ਪੰਥ ਦੇ ਨਾਅ 'ਤੇ ਲਾ ਕੇ ਮੈਦਾਨ 'ਚ ਆ ਗਏ ਤਾਂ ਅੰਗਰੇਜ਼ਾਂ ਸਰਕਾਰ ਨੂੰ ਹੱਥਾਂ-ਪੈਰਾਂ ਦੀ ਪੈ ਗਈ। ਅਖੀਰ ਸਰਕਾਰ ਨੂੰ ਝੁਕਣਾ ਪਿਆ ਤੇ ਗੁਰਧਾਮਾਂ ਦਾ ਪ੍ਰਬੰਧ ਸਿੱਖਾਂ ਕੋਲ ਆ ਗਿਆ। ਗੁਰਦੁਆਰਾ ਸਾਹਿਬਾਨ ਵਿਖੇ ਸੰਗਤ ਨੂੰ ਗੁਰਬਾਣੀ ਤੇ ਗੁਰ-ਇਤਿਹਾਸ ਨਾਲ ਜੋੜਨ ਲਈ ਕਥਾ ਦਾ ਵਿਧਾਨ ਪ੍ਰਚਲੱਤ ਹੈ, ਇੱਥੇ ਕਥਾ-ਕੀਰਤਨ ਤੋਂ ਇਲਾਵਾ ਗੁਰਮਤਿ ਕੈਂਪ ਲਾਏ ਜਾਂਦੇ ਹਨ। ਪੰਜਾਬ ਸਿੱਖ ਧਰਮ ਦੀ ਜੜ੍ਹ ਹੈ, ਇੱਥੋਂ ਦੀ ਗੁਰ ਮਰਿਆਦਾ ਤੇ ਪਰੰਪਰਾ ਨੂੰ ਵਿਦੇਸ਼ਾਂ 'ਚ ਵੀ ਕਾਇਮ ਰੱਖਣ ਦੇ ਯਤਨ ਹੋ ਰਹੇ ਹਨ। ਫਿਰ ਵੀ ਜਦੋਂ ਕੋਈ ਸਿੱਖੀ ਸਰੂਪ ਵਾਲਾ ਵਿਅਕਤੀ ਨਸ਼ਾ, ਦੁਸ਼ਕਰਮ ਜਾਂ ਬੱਜਰ ਕੁਰਹਿਤ ਕਰਦਾ ਹੈ ਤਾਂ ਸਮੁੱਚੀ ਕੌਮ ਲਈ ਚਿੰਤਾ ਤੇ ਸ਼ਰਮਿੰਦਗੀ ਦਾ ਕਾਰਨ ਬਣ ਜਾਂਦਾ ਹੈ।

ਸਿੱਖ ਘੱਟ-ਗਿਣਤੀ ਹੁੰਦੇ ਹੋਏ ਵੀ ਆਪਣੀ ਵੱਖਰੀ ਪਛਾਣ ਤੇ ਆਦਰਸ਼ਾਂ ਲਈ ਜਾਣੇ ਜਾਂਦੇ ਹਨ, ਉਹ ਰਾਜ-ਭਾਗ ਦਾ ਹਿੱਸਾ ਤਾਂ ਬਣੇ ਪਰ ਆਪਣੇ ਮਾਣ-ਸਤਿਕਾਰ ਨੂੰ ਕਾਇਮ ਨਾ ਰੱਖ ਸਕੇ। ਸਾਡੇ ਧਾਰਮਿਕ ਤੇ ਸਮਾਜਿਕ ਆਗੂ ਵੀ ਉਨ੍ਹਾਂ ਨੂੰ ਗੁਰਮਤਿ ਵੱਲ ਖਿੱਚਣ ਵਿਚ ਕਾਮਯਾਬ ਨਹੀਂ ਹੋ ਸਕੇ। ਅਕਸਰ ਨੌਜਵਾਨ ਸੋਸ਼ਲ ਮੀਡੀਆ 'ਤੇ ਜੋ ਕੁਝ ਵੇਖਦੇ ਜਾਂ ਸਿੱਖਦੇ ਹਨ, ਉਹੋ ਜਿਹਾ ਵਿਹਾਰ ਕਰਦੇ ਹਨ। ਉਹ ਤਕਨੀਕ ਦੇ ਪ੍ਰਭਾਵ ਅਧੀਨ ਵਧੇਰੇ ਕਾਰਜ ਕਰਨ ਲੱਗੇ ਹਨ ਤੇ ਗੁਰ ਸ਼ਬਦ ਨਾਲੋਂ ਮੀਡੀਆ ਰਾਹੀਂ ਦੱਸੀ ਜਾ ਰਹੀ ਜੀਵਨ ਜਾਚ 'ਤੇ ਵਧੇਰੇ ਵਿਸ਼ਵਾਸ ਕਰਨ ਲੱਗੇ ਹਨ। ਧਾਰਮਿਕ ਅਸਥਾਨ ਜਾਂ ਧਾਰਮਿਕ ਲਿਬਾਸ 'ਚ ਹੋਣ ਵਾਲੇ ਅਨੈਤਿਕ ਕਾਰਜ ਵੀ ਆਮ ਲੋਕਾਂ ਨੂੰ ਵਧੇਰੇ ਪ੍ਰਭਾਵਿਤ ਕਰਦੇ ਹਨ। ਗੁਰੂ ਸਾਹਿਬਾਨ ਨੇ ਸਿੱਖਾਂ ਨੂੰ ਨਿਰਾਸ਼ਾਜਨਕ ਸਥਿਤੀ 'ਚੋਂ ਕੱਢ ਕੇ ਆਸਵੰਦ ਹੋਣ ਲਈ ਪ੍ਰੇਰਿਤ ਕੀਤਾ ਤੇ ਗੁਰੂ ਗ੍ਰੰਥ ਸਾਹਿਬ ਸਿੱਖਾਂ ਲਈ ਸਦੀਵੀ ਪ੍ਰੇਰਨਾ ਸਰੋਤ ਹਨ, ਜਿਨ੍ਹਾਂ ਦੇ ਆਸਰੇ ਉਹ ਹਰ ਇਕ ਸੰਕਟ 'ਚੋਂ ਲੰਘ ਕੇ ਉਚੇਰੇ ਆਦਰਸ਼ ਸਥਾਪਤ ਕਰਨ 'ਚ ਕਾਮਯਾਬ ਹੋ ਸਕਦੇ ਹਨ। ਮਨੁੱਖ ਸੰਗਤ 'ਚ ਬੈਠਾ ਵੀ ਚਰਿੱਤਰ ਵਜੋਂ ਗਿਰਾਵਟ ਦਾ ਸ਼ਿਕਾਰ ਹੋ ਰਿਹਾ ਹੈ। ਇਸ ਰੁਝਾਨ ਨੂੰ ਕਿਵੇਂ ਬਦਲਿਆ ਜਾ ਸਕਦਾ ਹੈ? ਇਹ ਸਵਾਲ ਅੱਜ ਦੇ ਯੁੱਗ 'ਚ ਸਮੁੱਚੀ ਸਿੱਖ ਕੌਮ ਦੇ ਸਾਹਮਣੇ ਹੈ। ਕਦੇ ਗਿਆਨੀ ਗੁਰਬਚਨ ਸਿੰਘ, ਗਿਆਨੀ ਕਰਤਾਰ ਸਿੰਘ ਨੇ ਜਥਿਆਂ ਦੇ ਰੂਪ 'ਚ ਪਿੰਡ-ਪਿੰਡ ਜਾ ਕੇ ਨੌਜਵਾਨਾਂ ਨੂੰ ਸਿੱਖੀ ਵੱਲ ਮੋੜਿਆ ਸੀ। ਇਨ੍ਹਾਂ ਸ਼ਖ਼ਸੀਅਤਾਂ ਤੇ ਸੰਸਥਾਵਾਂ ਦੇ ਅਜਿਹੇ ਯਤਨਾਂ ਨੇ ਸਿੱਖ ਕੌਮ 'ਤੇ ਬਹੁਤ ਪ੍ਰਭਾਵ ਪਾਇਆ, ਜਿਸ ਤੋਂ ਪ੍ਰਭਾਵਿਤ ਹੋ ਕੇ ਅੱਗੇ ਕਾਇਮ ਹੋਏ ਛੋਟੇ-ਛੋਟੇ ਜਥੇ ਪਿੰਡਾਂ ਤੇ ਮੁਹੱਲਾ ਪੱਧਰ 'ਤੇ ਨੌਜਵਾਨਾਂ ਤੇ ਬੱਚਿਆਂ ਨੂੰ ਗੁਰਦੁਆਰੇ ਲਿਆਉਣ ਤੇ ਗੁਰਮਤਿ ਨਾਲ ਜੋੜਨ ਵਿਚ ਸਫਲ ਹੋਏ ਸਨ। ਨੌਜਵਾਨ ਨਸ਼ਿਆਂ ਤੇ ਵਿਕਾਰਾਂ ਤੋਂ ਮੁਕਤ ਹੋ ਕੇ ਸਿੱਖੀ ਵੱਲ ਮੁੜੇ ਸਨ ਤੇ ਇਨ੍ਹਾਂ ਨੌਜਵਾਨਾਂ 'ਚੋਂ ਪੈਦਾ ਹੋਏ ਆਗੂ ਕੌਮ ਪ੍ਰਤੀ ਜ਼ਿੰਮੇਵਾਰੀ ਸਮਝਣ ਲੱਗੇ ਸਨ। ਨੌਜਵਾਨਾਂ ਤੇ ਬੱਚਿਆਂ ਨੂੰ ਤਿਆਗ ਤੇ ਆਤਮ-ਚਿੰਤਨ ਦੀ ਭਾਵਨਾ ਅਧੀਨ ਗੁਰਮਤਿ ਦੀ ਦਿਸ਼ਾ ਵਿਚ ਕੰਮ ਕਰਨ ਨਾਲ ਹੀ ਸ਼ੁੱਧ ਚਰਿੱਤਰ ਤੇ ਸੁਚਾਰੂ ਦਿਸ਼ਾ ਵੱਲ ਮੋੜਿਆ ਜਾ ਸਕਦਾ ਹੈ, ਨਹੀਂ ਤਾਂ ਨੋਟਾਂ ਨਾਲ ਵੋਟਾਂ ਹਾਸਲ ਕਰਕੇ ਦੂਜਿਆਂ 'ਤੇ ਚਿੱਕੜ ਸੁੱਟ ਕੇ ਅੱਗੇ ਵਧਣ ਦੇ ਵਧਦੇ ਰੁਝਾਨ ਤੋਂ ਕਿਸੇ ਚੰਗੇ ਚਰਿੱਤਰ ਦੀ ਆਸ ਨਹੀਂ ਕੀਤੀ ਜਾ ਸਕਦੀ।

ਤਿੰਨ ਵਰਦਾਨ : ਸੱਚ, ਸੰਤੋਖ ਅਤੇ ਵਿਚਾਰ

ਜੇ ਅਸੀਂ ਮੱਧਕਾਲੀ ਸਮੇਂ ਦੇ ਸਾਹਿਤ ਨੂੰ ਬਾਰੀਕੀ ਨਾਲ ਪੜ੍ਹੀਏ ਤਾਂ ਸਾਨੂੰ ਉਸ ਸਮੇਂ ਦੇ ਸਮਾਜ ਦੀ ਸਥਿਤੀ ਬਾਰੇ ਬੜਾ ਕੁਝ ਗਿਆਨ ਪ੍ਰਾਪਤ ਹੋ ਜਾਂਦਾ ਹੈ। ਸਾਨੂੰ ਭਗਤ ਕਬੀਰ ਅਤੇ ਹੋਰ ਸੰਤਾਂ, ਸਮਾਜ ਸੁਧਾਰਕਾਂ ਦੇ ਵਿਚਾਰਾਂ ਬਾਰੇ ਪਤਾ ਚਲਦਾ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੇ ਸਮਾਜ ਦੀ ਚਿੰਤਾ ਬਾਰੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕੀਤਾ ਹੈ। ਉਸ ਸਮੇਂ ਭਾਰਤੀ ਸਮਾਜ, ਅੰਦਰੂਨੀ ਲੜਾਈ ਝਗੜਿਆਂ, ਊਚ-ਨੀਚ, ਜਾਤੀਵਾਦ ਤੋਂ ਤਾਂ ਦੁਖੀ ਹੈ ਹੀ ਸੀ ਪਰ ਉਸ ਨੂੰ ਬਾਹਰੀ ਹਮਲਿਆਂ ਨੇ ਵੀ ਬੁਰੀ ਤਰ੍ਹਾਂ ਝੰਜੋੜ ਰੱਖਿਆ ਸੀ ਕਿਉਂਕਿ ਬਾਹਰੀ ਹਮਲਾਵਰ ਲੁੱਟ ਵਿਚ ਕੋਈ ਕਸਰ ਨਹੀਂ ਸੀ ਛੱਡਦੇ।

ਪ੍ਰਸਿੱਧ ਇਤਿਹਾਸਕਾਰ ਡਾ. ਜਸਬੀਰ ਸਿੰਘ ਸਾਬਰ ਇਕ ਇਤਿਹਾਸਕਾਰ ਡਾ. ਹਰੀ ਰਾਮ ਗੁਪਤਾ ਦੇ ਹਵਾਲੇ ਨਾਲ ਲਿਖਦੇ ਹਨ ਕਿ ਦਸਵੀਂ ਸਦੀ ਤੋਂ ਲੈ ਕੇ 1526 ਈ. ਤੱਕ ਭਾਰਤ 'ਤੇ ਲਗਭਗ 60 ਵੱਡੇ ਹਮਲੇ ਹੋਏ, ਜਿਨ੍ਹਾਂ 'ਚ ਤਿੰਨ ਸਬੁਕਤਦੀਨ ਨੇ, ਸਤਾਰਾਂ ਮੁਹੰਮਦ ਗ਼ੌਰੀ ਨੇ, ਪੰਝੀ ਮੰਗੋਲਾਂ ਨੇ ਤੇ ਪੰਜ ਮੁਗ਼ਲਾਂ ਨੇ ਕੀਤੇ। ਆਖਰੀ ਹਮਲਾ ਬਾਬਰ ਨੇ 1526 ਈ. ਵਿਚ ਕੀਤਾ ਸੀ, ਜਿਸ ਨੇ ਪਾਣੀਪਤ ਦੇ ਮੈਦਾਨ ਵਿਚ ਜੰਗ ਜਿੱਤ ਕੇ ਭਾਰਤ ਦਾ ਇਤਿਹਾਸ ਹੀ ਬਦਲ ਦਿੱਤਾ। ਪਰ ਇਨ੍ਹਾਂ ਬਾਹਰੀ ਹਮਲਿਆਂ ਤੇ ਅੰਦਰੂਨੀ ਨਾ-ਬਰਾਬਰੀਆਂ ਨੇ ਸਮਾਜ ਨੂੰ ਖੋਖਲਾ ਕਰ ਦਿੱਤਾ। ਛੂਆਛਾਤ ਦਾ ਭੂਤ ਅਤੇ ਨੀਵੀਆਂ ਜਾਤਾਂ ਦੇ ਲੋਕਾਂ ਦਾ ਮੰਦਰਾਂ ਵਿਚ ਪ੍ਰਵੇਸ਼ ਨਾ ਕਰਨ ਦੇਣਾ, ਖੂਹਾਂ ਤੋਂ ਪਾਣੀ ਨਾ ਭਰਨ ਦੇਣਾ ਆਦਿ ਕਰਕੇ ਭਗਤ ਨਾਮਦੇਵ ਜੀ, ਭਗਤ ਕਬੀਰ ਜੀ ਅਤੇ ਗੁਰੂ ਰਵਿਦਾਸ ਜੀ ਨੇ ਲੋਕਾਂ ਦਾ ਧਿਆਨ ਇਸ ਨਾ-ਬਰਾਬਰੀ ਵੱਲ ਖਿਚਿਆ ਅਤੇ ਕ੍ਰਾਂਤੀਕਾਰੀ ਸਾਹਿਤ ਨਾਲ ਸਮਾਜ ਨੂੰ ਹਲੂਣਾ ਦਿੱਤਾ।

ਅਜਿਹੀ ਮੰਦੀ ਹਾਲਤ ਵਿਚ ਸਿੱਖ ਧਰਮ ਦਾ ਜਨਮ ਹੋਇਆ ਅਤੇ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪਹਿਲੇ ਗੁਰੂ ਸਾਹਿਬਾਨ ਦੁਆਰਾ ਰਚੀ ਅਤੇ ਇਕੱਤਰ ਕੀਤੀ ਉੱਚ-ਕੋਟੀ ਦੇ ਸੰਤਾਂ, ਭਗਤਾਂ ਦੀ ਬਾਣੀ ਨੂੰ ਸਾਂਝਾ ਰੂਪ ਦੇ ਕੇ ਆਦਿ ਗ੍ਰੰਥ ਦੀ ਰਚਨਾ ਕੀਤੀ। ਗੁਰੂ ਗ੍ਰੰਥ ਸਾਹਿਬ 'ਚ ਦਰਜ ਬਾਣੀ ਤੋਂ ਇਹ ਸਾਬਤ ਹੋਇਆ ਕਿ ਸੱਚ ਕਿਸੇ ਨੇ ਵੀ ਬਿਆਨ ਕੀਤਾ ਹੋਵੇ, ਉਸ ਦਾ ਸਨਮਾਨ ਕਰਨਾ ਬਣਦਾ ਹੈ। ਸੰਪੂਰਨ ਗੁਰੂ ਗ੍ਰੰਥ ਸਾਹਿਬ ਪ੍ਰਮਾਤਮਾ ਦੇ ਅੰਮ੍ਰਿਤ ਨਾਮ ਨੂੰ ਮਨੁੱਖੀ ਜੀਵਨ ਦਾ ਆਧਾਰ ਮੰਨਦਾ ਹੈ ਪਰ ਜਿਸ ਨੀਂਹ 'ਤੇ ਜਿਸ ਇਮਾਰਤ ਦੀ ਉਸਾਰੀ ਦੀ ਆਸ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤੀ, ਉਹ ਇਮਾਰਤ ਸੱਚ, ਸੰਤੋਖ ਤੇ ਵਿਚਾਰ ਦੀ ਹੀ ਹੈ। ਗੁਰੂ ਗ੍ਰੰਥ ਸਾਹਿਬ ਦੇ ਅੰਗ 1429 'ਤੇ ਗੁਰੂ ਅਰਜਨ ਦੇਵ ਜੀ ਵਿਖਿਆਨ ਕਰਦੇ ਹਨ:-

ਥਾਲ ਵਿਚਿ ਤਿੰਨਿ ਵਸਤੂ ਪਈਓ
ਸਤੁ ਸੰਤੋਖੁ ਵੀਚਾਰੋ ॥
ਅੰਮ੍ਰਿਤ ਨਾਮੁ ਠਾਕੁਰ ਕਾ ਪਇਓ
ਜਿਸ ਕਾ ਸਭਸੁ ਅਧਾਰੋ ॥ (ਅੰਗ:1429)

ਸ੍ਰੀ ਗੁਰੂ ਨਾਨਕ ਦੇਵ ਜੀ ਸੱਚ ਨੂੰ ਹੀ ਆਦਿ, ਮੱਧ, ਵਰਤਮਾਨ ਅਤੇ ਭਵਿੱਖ ਸਦੀਵੀ ਮੰਨਦੇ ਹਨ:-

ਆਦਿ ਸਚੁ ਜੁਗਾਦਿ ਸਚੁ ॥
ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ॥ (ਅੰਗ:1)

ਜਪੁ ਜੀ ਸਾਹਿਬ ਦੇ ਅਖੀਰ 'ਚ ਉਹ ਆਪਣੀ ਧਾਰਨਾ ਦੇ ਅਨੁਸਾਰ ਨਿਰੰਕਾਰ ਪ੍ਰਮਾਤਮਾ ਨੂੰ ਸਚਖੰਡ ਦਾ ਹੀ ਨਿਵਾਸੀ ਮੰਨਦੇ ਹਨ।

ਗੁਰਬਾਣੀ ਦਾ ਫੁਰਮਾਨ ਹੈ ਕਿ ਸਭ ਕੁਝ ਸੱਚ ਤੋਂ ਹੇਠਾਂ ਹੈ, ਛੋਟਾ ਹੈ, ਜੇ ਸੱਚ ਤੋਂ ਉੱਪਰ ਕੁਝ ਹੈ ਤਾਂ ਉਹ ਆਚਰਣ ਹੈ। ਗੁਰੂ ਨਾਨਕ ਦੇਵ ਜੀ ਨੇ ਤਾਂ ਸੱਚ ਨੂੰ ਸਾਰੇ ਰੋਗਾਂ ਦੀ ਦਵਾਈ ਮੰਨਿਆ ਹੈ, ਬਸ਼ਰਤੇ ਕਿ ਕਿਸੇ ਨੇ ਸੱਚ ਦਾ ਦਾਮਨ ਕੱਸ ਕੇ ਫੜਿਆ ਹੋਵੇ। ਇਕ ਸਚਿਆਰ ਵਿਅਕਤੀ ਨੂੰ ਗੁਰੂ ਨਾਨਕ ਦੇਵ ਜੀ ਨੇ ਗੁਰਮੁਖ, ਗੁਰੂ ਅਰਜਨ ਦੇਵ ਜੀ ਨੇ ਬ੍ਰਹਮਗਿਆਨੀ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ਾਲਸਾ ਕਿਹਾ ਹੈ। ਇਸੇ ਸਬੰਧ 'ਚ ਗੁਰੂ ਅਰਜਨ ਦੇਵ ਜੀ ਨੇ ਸੱਚ ਆਧਾਰਿਤ ਮਨੁੱਖੀ ਜੀਵਨ ਨੂੰ ਸੁਖੀ ਤੇ ਅਨੰਦ ਭਰਪੂਰ ਜੀਵਨ ਦੱਸਿਆ ਹੈ। ਉਹ ਮੰਨਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਰੂਪੀ ਥਾਲ 'ਚ ਉਨ੍ਹਾਂ ਜਿਹੜੀਆਂ ਤਿੰਨ ਵਸਤੂਆਂ ਰੱਖੀਆਂ ਹਨ, ਸੱਚ ਉਨ੍ਹਾਂ 'ਚੋਂ ਇਕ ਹੈ।

ਪ੍ਰਸਿੱਧ ਇਤਿਹਾਸਕਾਰ ਡਾ. ਜ

ਜ਼ਿੰਦਗੀ ਪ੍ਰਤੀ ਸਾਡਾ ਨਜ਼ਰੀਆ ਕੀ ਹੋਵੇ?

ਗੁਰਚਰਨ ਸਿੰਘ ਨੂਰਪੁਰ

ਆਦਿ-ਜੁਗਾਦਿ ਤੋਂ ਧਰਤੀ 'ਤੇ ਜੀਵਨ ਦਾ ਪ੍ਰਵਾਹ ਚੱਲ ਰਿਹਾ ਹੈ ਤੇ ਚੱਲਦਾ ਰਹੇਗਾ। ਅਸੀਂ ਸਾਰੇ ਇਸ ਕਾਫ਼ਲੇ ਦੇ ਨਾਲ-ਨਾਲ ਚੱਲਣ ਵਾਲੇ ਧਰਤੀ ਦੇ ਯਾਤਰੀ ਹਾਂ, ਜੋ ਇਕ ਸੀਮਤ ਸਮੇਂ ਤੱਕ ਇੱਥੇ ਰਹਿਣ ਲਈ ਆਏ ਹਾਂ ਅਤੇ ਇਕ ਖਾਸ ਸਮੇਂ ਬਾਅਦ ਇੱਥੋਂ ਵਿਦਾ ਹੋ ਜਾਵਾਂਗੇ। ਇਹੋ ਜੀਵਨ ਦੀ ਅਟੱਲ ਸੱਚਾਈ ਹੈ। ਜੀਵਨ ਪ੍ਰਵਾਹ ਦੇ ਨਾਲ ਚੱਲਦਿਆਂ ਤੇ ਵਿਚਰਦਿਆਂ ਸਾਡਾ ਵਿਹਾਰ ਅਜਿਹਾ ਬਣ ਜਾਂਦਾ ਹੈ ਜਿਵੇਂ ਅਸੀਂ ਇਸ ਧਰਤੀ 'ਤੇ ਸਦੀਵੀ ਤੌਰ 'ਤੇ ਰਹਿਣ ਲਈ ਆਏ ਹੋਈਏ, ਪਰ ਸਾਨੂੰ ਹਰ ਪਲ ਜੀਵਨ ਤੇ ਮੌਤ ਬਾਰੇ ਜਾਗਰੂਕ ਰਹਿਣ ਦੀ ਲੋੜ ਹੈ। ਡਾਰਵਿਨ ਅਨੁਸਾਰ ਜੀਵਾਂ ਨੂੰ ਜਿਊਂਦੇ ਰਹਿਣ ਲਈ ਸੰਘਰਸ਼ ਕਰਨਾ ਪੈਂਦਾ ਹੈ, ਜੋ ਇਸ ਸੰਘਰਸ਼ 'ਚੋਂ ਜੇਤੂ ਹੋ ਕੇ ਨਿਕਲਦੇ ਹਨ, ਕੁਦਰਤ ਉਨ੍ਹਾਂ ਨੂੰ ਜੀਵਨ ਦੇ ਮੌਕੇ ਪ੍ਰਦਾਨ ਕਰਦੀ ਹੈ। ਡਾਰਵਿਨ ਨੇ ਇਸ ਨੂੰ ਕੁਦਰਤੀ ਚੋਣ (ਨੇਚੁਰਲ ਸਿਲੈਕਸ਼ਨ) ਦਾ ਨਾਂਅ ਦਿੱਤਾ ਹੈ। ਇਸ ਹਿਸਾਬ ਨਾਲ ਅਸੀਂ ਕੁਦਰਤ ਦੁਆਰਾ ਚੁਣੇ ਹੋਏ ਲੋਕ ਹਾਂ, ਜੋ ਧਰਤੀ 'ਤੇ ਵਿਚਰ ਰਹੇ ਹਾਂ।

ਅਸੀਂ ਜੀਵਨ ਵਿਚ ਵਿਚਰਦਿਆਂ ਧਰਤੀ 'ਤੇ ਬਹੁਤ ਕੁਝ ਅਜਿਹਾ ਕਰਦੇ ਹਾਂ, ਜਿਸ ਨਾਲ ਜੀਵਨ ਦਾ ਵੱਡਾ ਹਿੱਸਾ ਬਰਬਾਦ ਹੀ ਨਹੀਂ ਹੁੰਦਾ, ਸਗੋਂ ਜੀਵਨ ਜਿਊਣ ਦੀ ਕਲਾ ਸਾਡੇ ਕੋਲੋਂ ਗੁਆਚ ਜਾਂਦੀ ਹੈ। ਮੰਨ ਲਓ ਦੋ ਅਨਜਾਣ ਵਿਅਕਤੀਆਂ ਦੇ ਵਾਹਨ ਆਪਸ ਵਿਚ ਟਕਰਾਅ ਜਾਣ ਤਾਂ ਅਜਿਹੀ ਸਥਿਤੀ ਵਿਚ ਇਹ ਦੋਵੇਂ ਇਕ-ਦੂਜੇ ਨੂੰ ਸੰਭਾਲਦੇ ਹੋਏ ਇਕ-ਦੂਜੇ ਤੋਂ ਖਿਮਾ ਮੰਗ ਕੇ ਆਪੋ-ਆਪਣੇ ਘਰ ਚਲੇ ਜਾਣ ਅਤੇ ਆਪਣੇ ਹੋਏ ਛੋਟੇ-ਮੋਟੇ ਨੁਕਸਾਨ ਦੀ ਆਪੋ ਭਰਪਾਈ ਕਰਕੇ ਆਪਣੇ ਜੀਵਨ ਦੇ ਕਾਰ-ਵਿਹਾਰ ਵਿਚ ਲੱਗ ਸਕਦੇ ਹਨ। ਦੂਜੇ ਪਾਸੇ ਕਈ ਵਾਰ ਗਲੀ ਗੁਆਂਢ ਵਿਚ ਹੋਏ ਬੋਲ-ਬੁਲਾਰੇ ਨੂੰ ਲੈ ਕੇ ਕੁਝ ਲੋਕ ਇਕ-ਦੂਜੇ ਨੂੰ ਨੀਵਾਂ ਵਿਖਾਉਣ ਲਈ ਥਾਣਿਆਂ, ਕਚਹਿਰੀਆਂ ਦੇ ਚੱਕਰ ਵਿਚ ਉਲਝ ਕੇ ਇਸ ਲੜਾਈ ਨੂੰ ਆਪਣੀ ਜ਼ਿੰਦਗੀ ਦਾ ਮਕਸਦ ਬਣਾ ਲੈਂਦੇ ਹਨ। ਅਜਿਹੀ ਹਾਲਤ ਵਿਚ ਸਾਨੂੰ ਸੋਚਣਾ ਚਾਹੀਦਾ ਹੈ ਕਿ ਸਾਨੂੰ ਆਪਣੇ ਜੀਵਨ ਦੀ ਸਾਰੀ ਸਮਰੱਥਾ ਕਿਸੇ ਇਕ ਬੰਦੇ ਪਿੱਛੇ ਗੁਆਉਣ ਦੀ ਲੋੜ ਨਹੀਂ, ਕਿਉਂਕਿ ਅਸੀਂ ਜੀਵਨ ਵਿਚ ਹੋਰ ਵੀ ਬਹੁਤ ਕੁਝ ਕਰਨਾ ਹੈ। ਅੱਜਕਲ੍ਹ ਸੋਸ਼ਲ ਮੀਡੀਆ ਦੇ ਦੌਰ ਵਿਚ ਕੁਝ ਲੋਕਾਂ ਦੀ ਆਦਤ ਬਣ ਗਈ ਹੈ ਕਿ ਉਹ ਕਿਸੇ ਵਿਸ਼ੇ ਨੂੰ ਲੈ ਕੇ ਆਪਣੇ-ਆਪ ਨੂੰ ਠੀਕ ਸਾਬਤ ਕਰਨ ਲਈ ਕਈ-ਕਈ ਦਿਨ ਬਹਿਸਾਂ ਕਰਦੇ ਰਹਿੰਦੇ ਹਨ ਅਤੇ ਅਜਿਹੀਆਂ ਬਹਿਸਾਂ ਵਿਚ ਹੋਰ ਲੋਕ ਵੀ ਸ਼ਾਮਿਲ ਹੁੰਦੇ ਜਾਂਦੇ ਹਨ। ਕਈ ਵਾਰ ਇਹ ਬਹਿਸਾਂ ਇਕ-ਦੂਜੇ 'ਤੇ ਨਿੱਜੀ ਹਮਲਿਆਂ ਵਿਚ ਬਦਲ ਜਾਂਦੀਆਂ ਹਨ ਤਾਂ ਵੱਖਰੀ ਸੋਚ ਰੱਖਣ ਵਾਲੇ ਲੋਕ ਵੀ ਅਜਿਹੇ ਕੁਮੈਂਟ ਕਰਨ ਲੱਗਦੇ ਹਨ, ਜੋ ਕਿਸੇ ਵੀ ਹਾਲਤ ਵਿਚ ਜਾਇਜ਼ ਨਹੀਂ ਹੁੰਦੇ।

ਹਰ ਦੌਰ ਵਿਚ ਦੁਨੀਆ ਦੇ ਵੱਡੀ ਗਿਣਤੀ ਲੋਕ ਜੀਵਨ ਦੀ ਮਹੱਤਤਾ ਨੂੰ ਭੁੱਲ ਕੇ ਸੰਤਾਪ ਭੋਗਦੇ ਹਨ, ਕਿਉਂਕਿ ਅਜਿਹੇ ਲੋਕ ਆਪਣੀ ਹਉਮੈ ਨੂੰ ਪੱਠੇ ਪਾਉਣ ਲਈ ਬਿਨਾਂ ਵਜ ?ਹਾ ਲੜਾਈਆਂ- ਝਗੜੇ ਕਰਕੇ ਥਾਣਿਆਂ, ਅਦਾਲਤਾਂ, ਜੇਲ੍ਹਾਂ ਦੇ ਚੱਕਰਾਂ ਵਿਚ ਉਲਝੇ ਰਹਿੰਦੇ ਹਨ। ਕੋਈ ਦਿਖਾਵੇ ਦੇ ਮਾਣ-ਸਨਮਾਨ ਲਈ ਤਰਲੋਮੱਛੀ ਹੋਇਆ ਆਪਣੀ ਹੈਸੀਅਤ ਤੋਂ ਵੱਧ ਖਰਚ ਕਰਦਾ ਹੈ, ਆਪਣੀ ਅਮੀਰੀ ਦੇ ਵਿਖਾਵੇ ਲਈ ਕਰਜ਼ਾ ਚੁੱਕ ਕੇ ਮਹਿੰਗੇ ਵਿਆਹ ਕਰਨੇ, ਕਾਰਾਂ ਤੇ ਕੋਠੀਆਂ ਨਾਲ ਆਪਣੀ ਚੌਧਰ ਬਣਾਉਣ ਲਈ ਹਰ ਹੀਲਾ ਵਰਤਣਾ ਆਦਿ ਅਜਿਹੀਆਂ ਪ੍ਰਵਿਰਤੀਆਂ ਹਨ, ਜੋ ਪਿਛਲੇ ਕੁਝ ਅਰਸੇ ਤੋਂ ਪੰਜਾਬੀ ਸਮਾਜ ਵਿਚ ਬਹੁਤ ਵਧੀਆਂ ਹਨ। ਦਰਅਸਲ ਜਦੋਂ ਅਸੀਂ ਆਪਣੇ ਜੀਵਨ ਮੁੱਲਾਂ ਨੂੰ ਦੂਜਿਆਂ ਅਨੁਸਾਰ ਮਿਣਨ ਲੱਗਦੇ ਹਾਂ ਤਾਂ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਦੇ ਸ਼ਿਕਾਰ ਬਣ ਜਾਂਦੇ ਹਾਂ। ਸਾਡਾ ਵਿਹਾਰ ਅਜਿਹਾ ਬਣ ਜਾਂਦਾ ਹੈ, ਜਿਵੇਂ ਕਿ ਇਹ ਜੀਵਨ ਕੁਝ ਕੁ ਲੋਕਾਂ ਜੋ ਸਾਡੇ ਆਸ-ਪਾਸ, ਪਿੰਡ, ਗਲੀ-ਮੁਹੱਲੇ, ਵਾਕਫਕਾਰਾਂ ਅਤੇ ਰਿਸ਼ਤੇਦਾਰਾਂ ਦੇ ਵਿਖਾਉਣ ਲਈ ਹੀ ਹੋਵੇ ਅਤੇ ਉਨ੍ਹਾਂ ਵਿਚ ਅਸੀਂ ਹਰ ਹਾਲਤ 'ਚ ਆਪਣਾ ਦਬਦਬਾ ਬਣਾ ਕੇ ਰੱਖਣਾ ਚਾਹੁੰਦੇ ਹੋਈਏ। ਸਾਨੂੰ ਅਜਿਹੀ ਮਾਨਸਿਕਤਾ ਤੋਂ ਬਚਦਿਆਂ ਸਮਝਣਾ ਚਾਹੀਦਾ ਹੈ ਕਿ ਇਸ ਧਰਤੀ 'ਤੇ ਪੈਦਾ ਹੋਇਆ ਹਰ ਮਨੁੱਖ ਆਪਣੇ-ਆਪ ਵਿਚ ਵਿਲੱਖਣ ਹੈ। ਹੋਰਾਂ ਨੂੰ ਡਰਾਉਣ, ਧਮਕਾਉਣ, ਦੁਸ਼ਮਣੀ, ਈਰਖਾ ਤੇ ਨੀਵਾਂ ਵਿਖਾਉਣ ਦੀ ਕੋਸ਼ਿਸ਼ ਜ਼ਿਆਦਾਤਰ ਸਾਡਾ ਹੀ ਨੁਕਸਾਨ ਕਰਦੀ ਹੈ। ਸਾਡਾ ਜੀਵਨ ਇਸ ਲਈ ਅਣਮੁੱਲਾ ਹੈ, ਕਿਉਂਕਿ ਇਹ ਸੀਮਤ ਹੈ। ਇਹ ਕਿਸੇ ਇਕ ਵਿਅਕਤੀ ਨਾਲ ਉਲਝਣ ਲਈ ਨਹੀਂ ਹੈ।

ਦੁਨੀਆ ਭਰ ਦੇ ਵਿਦਵਾਨਾਂ ਦਾ ਮੰਨਣਾ ਹੈ ਕਿ ਜੀਵਨ ਦਾ ਆਪਣੇ-ਆਪ ਵਿਚ ਕੋਈ ਮਨੋਰਥ ਨਹੀਂ ਹੁੰਦਾ। ਇਹ ਮਨੋਰਥ ਮਨੁੱਖ ਨੂੰ ਆਪ ਘੜਨਾ ਪੈਂਦਾ ਹੈ। ਜੇਕਰ ਆਪਣੇ ਜੀਵਨ ਦੇ ਮਨੋਰਥ ਨੂੰ ਮਨੁੱਖ ਆਪਣੀਆਂ ਰੁਚੀਆਂ ਅਨੁਸਾਰ ਢਾਲ ਲਵੇ ਤਾਂ ਇਹ ਸੋਨੇ 'ਤੇ ਸੁਹਾਗੇ ਵਰਗੀ ਗੱਲ ਹੋ ਨਿਬੜਦੀ ਹੈ। ਆਪਣੇ ਜੀਵਨ ਦੀ ਰੁਚੀ ਦੀ ਤਲਾਸ਼ ਕਰਨ ਨੂੰ ਜਪਾਨ ਦੇ ਲੋਕ 'ਇਕਾਗਾਈ' ਆਖਦੇ ਹਨ। ਇਕਾਗਾਈ 'ਤੇ ਬਹੁਤ ਸਾਰਾ ਜਪਾਨੀ ਸਾਹਿਤ ਲਿਖਿਆ ਗਿਆ ਹੈ, ਜਿਸ ਨੂੰ ਪੜ੍ਹ ਕੇ ਅਸੀਂ ਇਸ ਵਿਸ਼ੇ ਦੀ ਮਹੱਤਤਾ ਨੂੰ ਸਮਝ ਸਕਦੇ ਹਾਂ। ਹੁਣ ਤਾਂ ਪੰਜਾਬੀ ਭਾਸ਼ਾ ਵਿਚ ਵੀ ਇਕਾਗਾਈ ਸੰਬੰਧੀ ਕਿਤਾਬਾਂ ਪ੍ਰਕਾਸ਼ਿਤ ਹੋ ਗਈਆਂ ਹਨ। ਇਕਾਗਾਈ ਦਾ ਅਰਥ ਹੈ ਕਿ ਹਰ ਬੰਦੇ ਦੀ ਕਿਸੇ ਨਾ ਕਿਸੇ ਚੀਜ਼ ਵਿਚ ਡੂੰਘੀ ਰੁਚੀ ਹੁੰਦੀ ਹੈ, ਜਿਸ ਬਾਰੇ ਉਸ ਨੂੰ ਵੀ ਪਤਾ ਨਹੀਂ ਹੁੰਦਾ। ਕਿਸੇ ਨੂੰ ਰੁੱਖ ਜਾਂ ਫੁੱਲ ਬੂਟੇ ਲਾਉਣ, ਕਿਸੇ ਨੂੰ ਲਿਖਣ, ਕਿਸੇ ਨੂੰ ਪੜ੍ਹਨ, ਕਿਸੇ ਨੂੰ ਚਿੱਤਰਕਾਰੀ, ਕਿਸੇ ਨੂੰ ਗਾਉਣ, ਐਕਟਿੰਗ ਕਰਨ, ਕਿਸੇ ਨੂੰ ਖਾਣਾ ਬਣਾਉਣ ਜਾਂ ਡਰਾਈਵਿੰਗ ਕਰਨ ਵਿਚ ਇੰਨੀ ਦਿਲਚਸਪੀ ਹੁੰਦੀ ਹੈ ਕਿ ਇਨ੍ਹਾਂ ਕੰਮਾਂ ਨੂੰ ਕਰਦਿਆਂ ਉਹ ਇਨ੍ਹਾਂ ਵਿਚ ਅਜਿਹੇ ਲੀਨ ਹੋ ਜਾਂਦੇ ਹਨ, ਜਿਸ ਨਾਲ ਮਨ ਸ਼ਾਂਤੀ ਤੇ ਅਨੰਦ ਦਾ ਅਨੁਭਵ ਕਰਦਾ ਹੈ। ਇਹ ਉਨ੍ਹਾਂ ਦੀ ਇਕਾਗਾਈ ਹੁੰਦੀ ਹੈ। ਕਈ ਵਾਰ ਬੰਦੇ ਦੀ ਪੂਰੀ ਜ਼ਿੰਦਗੀ ਬੀਤ ਜਾਂਦੀ ਹੈ ਪਰ ਉਸ ਨੂੰ ਆਪਣੀ ਰੁਚੀ ਦੀ ਸਮਝ ਨਹੀਂ ਪੈਂਦੀ। ਕੁਝ ਵੀ ਲਿਖਣ ਤੋਂ ਬਾਅਦ ਮੇਰਾ ਮਨ ਬੜੀ ਤਸੱਲੀ ਤੇ ਅਨੰਦ ਮਹਿਸੂਸ ਕਰਦਾ ਹੈ, ਇਸ ਸੱਚਾਈ ਦਾ ਮੈਨੂੰ 45 ਸਾਲ ਦੀ ਉਮਰ ਤੱਕ ਖ਼ੁਦ ਪਤਾ ਨਹੀਂ ਸੀ। ਜਦੋਂ ਅਸੀਂ ਆਪਣੇ 'ਇਕਾਗਾਈ' ਲੱਭ ਲਈਏ ਤਾਂ ਸਾਨੂੰ ਉਹੀ ਕੰਮ ਕਰਨਾ ਚਾਹੀਦਾ ਹੈ।

ਦੁਨੀਆ ਦੇ ਵੱਡੇ ਫਿਲਾਸਫਰ ਪਲੈਟੋ ਅਨੁਸਾਰ ਜੀਵਨ ਦਾ ਉਦੇਸ਼ ਨੈਤਿਕ ਆਚਾਰ, ਗਿਆਨ ਤੇ ਸੱਚਾਈ ਦੀ ਨਿਰੰਤਰ ਖੋਜ ਕਰਦੇ ਰਹਿਣ ਵਿਚ ਹੈ, ਜੋ ਮਨੁੱਖ ਨੂੰ ਗਿਆਨਵਾਨ ਅਵਸਥਾ ਤੱਕ ਲੈ ਕੇ ਜਾਵੇ। ਇਸੇ ਤਰ੍ਹਾਂ ਆਧੁਨਿਕ ਵਿਚਾਰਕ ਇਮੈਨੁਅਲ ਕਾਂਟ ਆਖਦਾ ਹੈ ਮਨੁੱਖ ਨੂੰ ਅਜਿਹਾ ਕੰਮ ਕਰਨਾ ਚਾਹੀਦਾ ਹੈ, ਜੋ ਜਗਤ ਲਈ ਜਨਤਕ ਤੌਰ 'ਤੇ ਮਾਣ ਕਰਨ ਯੋਗ ਹੋਵੇ ਤੇ ਮਾਨਵਤਾ ਇਸ 'ਤੇ ਮਾਣ ਤੇ ਫਖ਼ਰ ਮਹਿਸੂਸ ਕਰ ਸਕੇ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਸੰਬੰਧੀ ਵਿਚਾਰ ਮਹੱਤਵਪੂਰਨ ਹਨ। ਉਹ ਪੁਰਾਤਨ ਰੂੜ੍ਹੀਵਾਦੀ ਕਰਮਕਾਂਡਾਂ ਨੂੰ ਛੱਡ ਕੇ ਨਿਮਰਤਾ ਨਾਲ ਸੱਚੀ-ਸੁੱਚੀ ਕਿਰਤ ਕਰਨ ਤੇ ਵੰਡ ਛਕਣ ਨੂੰ ਤਰਜੀਹ ਦਿੰਦੇ ਹਨ। ਉਹ ਕੁਦਰਤ ਦੇ ਇਸ ਪਸਾਰੇ ਵਿਚ ਵਿਚਰਦਿਆਂ ਮਨੁੱਖ ਨੂੰ ਕੁਦਰਤ ਦਾ ਸਤਿਕਾਰ ਕਰਨ ਦੀ ਵੀ ਤਾਕੀਦ ਕਰਦੇ ਹਨ। ਫ ?ਰੈਡਰਿਕ ਨੀਤਸ਼ੇ ਨੇ ਆਪਣੀ ਕਿਤਾਬ 'ਗਾਡ ਇਜ ਡੈੱਡ' ਵਿਚ ਲਿਖਿਆ ਹੈ:- ਪੁਰਾਣੀਆਂ ਰੂੜੀਵਾਦੀਆਂ ਘੜੀਆਂ-ਘੜਾਈਆਂ ਧਾਰਨਾਵਾਂ ਮਨੁੱਖ ਨੂੰ ਉਸ ਦੀ ਅਸਲ ਸ਼ਕਤੀ ਨਾਲ ਵਾਕਫ ਨਹੀਂ ਹੋਣ ਦਿੰਦੀਆਂ। ਉਸ ਨੇ ਮਨੁੱਖ ਨੂੰ ਮਹਾਂਮਾਨਵ ਦਾ ਸੰਕਲਪ ਦਿੱਤਾ, ਜੋ ਆਪਣੇ ਬਲਬੂਤੇ 'ਤੇ ਜੀਵਨ ਨੂੰ ਸੰਘਰਸ਼ ਤੇ ਸਿਰਜਣਾਤਮਿਕਤਾ ਨਾਲ ਜਿਊਂਦਾ ਹੈ। ਨੀਤਸ਼ੇ ਲਈ ਜੀਵਨ ਦਾ ਮਕਸਦ ਦੁੱਖਾਂ, ਸੰਕਟਾਂ ਦੇ ਬਾਵਜੂਦ ਸੰਘਰਸ਼ ਕਰਦਿਆਂ ਰਚਨਾਤਮਿਕ ਵਿਕਾਸ ਕਰਨਾ ਹੈ।

ਅਸੀਂ ਆਪਣੇ ਜੀਵਨ ਦੌਰਾਨ ਜਿੰਨਾ ਸਮਾਂ ਇਸ ਕਾਫ਼ਲੇ ਦੇ ਗਵਾਹ ਬਣੇ ਹਾਂ, ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਡੇ ਤੋਂ ਕਦੇ ਵੀ ਕਿਸੇ ਨੂੰ ਕੋਈ ਪ੍ਰੇਸ਼ਾਨੀ ਨਾ ਹੋਵੇ। ਅਸੀਂ ਇਸ ਧਰਤੀ 'ਤੇ ਜੀਵਨ ਦੇ ਇਸ ਕਾਫ਼ਲੇ ਨਾਲ ਵਿਚਰਦਿਆਂ ਕੁਝ ਅਜਿਹੀਆਂ ਪਿਰਤਾਂ ਪਾਈਏ ਕਿ ਸਾਡੀ ਇੱਥੇ ਹਾਜ਼ਰੀ ਸਾਰਥਕ ਹੋਵੇ। ਅਸੀਂ ਆਪਣੇ ਜੀਵਨ ਨੂੰ ਸਮਝਦਿਆਂ-ਜਾਣਦਿਆਂ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕਰੀਏ, ਜੋ ਸਮੁੱਚੀ ਮਾਨਵਤਾ ਲਈ ਫਖ਼ਰ ਕਰਨ ਯੋਗ ਹੋਵੇ। ਅਜਿਹਾ ਅਸੀਂ ਇਕ ਦਰੱਖਤ ਲਗਾ ਕੇ ਵੀ ਕਰ ਸਕਦੇ ਹਾਂ, ਕਿਸੇ ਗਰੀਬ ਦੀ ਮਦਦ ਕਰਕੇ ਵੀ ਕਰ ਸਕਦੇ ਹਾਂ, ਇਕੇ ਨਿਤਾਣੇ ਬੰਦੇ ਦਾ ਇਲਾਜ ਕਰਵਾ ਕੇ ਵੀ ਕਰ ਸਕਦੇ ਹਾਂ, ਕਿਸੇ ਬੱਚੇ ਨੂੰ ਪੜ੍ਹਾਈ ਵਿਚ ਉਸ ਦੀ ਮਦਦ ਕਰਕੇ ਵੀ ਕਰ ਸਕਦੇ ਹਾਂ। ਸਾਡੀ ਕੋਸ਼ਿਸ਼ ਇਹ ਹੋਣੀ ਚਾਹੀਦੀ ਹੈ ਕਿ ਅਸੀਂ ਇਸ ਧਰਤੀ 'ਤੇ ਕੁਝ ਸਮੇਂ ਲਈ ਆਏ ਹਾਂ ਤਾਂ ਹਰ ਸਮੇਂ ਕੁਝ ਨਾ ਕੁਝ ਚੰਗਾ ਕਰ, ਸਿਰਜ ਕੇ ਜਾਈਏ। ਜੀਵਨ ਦਾ ਅਨੰਦ ਮਾਨਣ ਲਈ ਰੁੱਖਾਂ, ਪੰਛੀਆਂ ਫੁੱਲਾਂ ਬੂਟਿਆਂ ਨਾਲ ਦੋਸਤੀ ਕਰੀਏ, ਅੰਬਰ ਨੂੰ ਨਿਹਾਰਨਾ ਸਿੱਖੀਏ, ਉਸ ਮਿੱਟੀ ਦੇ ਸ਼ੁਕਰਗੁਜ਼ਾਰ ਹੋਈਏ, ਜੋ ਸਾਡੇ ਲਈ ਅੰਨ ਪੈਦਾ ਕਰਦੀ ਹੈ। ਮਨੁੱਖੀ ਸੱਭਿਅਤਾ ਦੌਰਾਨ ਧਰਤੀ ਦੇ ਉਨ੍ਹਾਂ ਸਭ ਲੋਕਾਂ, ਜਿਨ੍ਹਾਂ ਨੇ ਜੀਵਨ ਨੂੰ ਚੰਗਾ ਬਣਾਉਣ ਵਿਚ ਆਪਣਾ ਹੁਣ ਤੱਕ ਯੋਗਦਾਨ ਦਿੱਤਾ ਹੈ ਉਨ੍ਹਾਂ ਦਾ ਧੰਨਵਾਦ ਕਰਨਾ ਸਿੱਖੀਏ। ਆਪਣੇ ਜੀਵਨ ਦੌਰਾਨ ਅਸੀਂ ਇਹ ਕੋਸ਼ਿਸ਼ ਕਰੀਏ ਕਿ ਧਰਤੀ 'ਤੇ ਭਵਿੱਖ ਵਿਚ ਜੀਵਨ ਪਹਿਲਾਂ ਨਾਲ ਵੀ ਵੱਧ ਸਫ਼ਲਤਾ ਨਾਲ ਵਿਗਸਦਾ ਮੌਲਦਾ ਤੇ ਪ੍ਰਫੁੱਲਿਤ ਹੁੰਦਾ ਰਹੇ।

ਅੱਲ੍ਹੜਾਂ 'ਚ ਵਧ ਰਹੀ ਹਿੰਸਕ ਪ੍ਰਵਿਰਤੀ



ਵਰਿੰਦਰ ਸ਼ਰਮਾ

ਬਦਲਾਅ ਦੇ ਅਜੋਕੇ ਦੌਰ ਵਿੱਚ ਛੋਟੇ-ਛੋਟੇ ਬੱਚੇ ਆਪਣੇ ਮਾਪਿਆਂ ਦੇ ਕਹਿਣੇ 'ਚ ਨਹੀਂ ਹਨ। ਇਹ ਛੋਟੀ ਉਮਰ ਦੇ ਬੱਚੇ ਆਪਣੀ 13-14 ਸਾਲ ਦੀ ਉਮਰ 'ਚ ਪਹੁੰਚਦੇ ਹੋਏ ਆਪਣੇ ਭਵਿੱਖ ਨੂੰ ਸੰਵਾਰਨ ਦੀ ਬਜਾਏ ਆਪਣੀ ਸਕੂਲੀ ਉਮਰ 'ਚ ਹੀ ਹਿੰਸਕ ਗਤੀਵਿਧੀਆਂ 'ਚ ਸ਼ਾਮਲ ਹੋ ਰਹੇ ਹਨ। ਦੇਸ਼ ਭਰ ਦੇ ਵਿਦਿਅਕ ਅਦਾਰਿਆਂ 'ਚ ਵਿਦਿਆਰਥੀਆਂ ਦਰਮਿਆਨ ਖ਼ੂਨੀ ਝੜਪਾਂ ਦੀਆਂ ਨਿੱਤ ਆਉਂਦੀਆਂ ਖ਼ਬਰਾਂ ਸਾਡੇ ਲਈ ਚਿਤਾਵਨੀ ਹਨ ਅਤੇ ਅਜਿਹੀਆਂ ਭਿਆਨਕ ਘਟਨਾਵਾਂ ਅਧਿਆਪਕਾਂ ਅਤੇ ਮਾਪਿਆਂ ਲਈ ਵੱਡੀ ਚਿੰਤਾ ਦਾ ਵਿਸ਼ਾ ਵੀ ਹਨ। ਦਰਅਸਲ, ਇਹ ਗੱਲ ਸਮਝ ਤੋਂ ਪਰੇ ਹੈ ਕਿ ਬਚਪਨ ਹਿੰਸਕ ਕਿਉਂ ਹੁੰਦਾ ਜਾ ਰਿਹਾ ਹੈ? ਇਹ ਦੇਖਿਆ ਗਿਆ ਹੈ ਕਿ ਖੇਡਣ ਅਤੇ ਖਾਣ-ਪੀਣ ਦੀ ਉਮਰ 'ਚ ਮਾਸੂਮ ਬੱਚਿਆਂ ਦੇ ਵਿਵਹਾਰ 'ਚ ਹਮਲਾਵਰਤਾ ਸਮੁੱਚੇ ਸਮਾਜ ਲਈ ਘਾਤਕ ਸਾਬਤ ਹੋ ਰਹੀ ਹੈ ਕਿਉਂਕਿ ਇਹ ਅੱਲ੍ਹੜ ਦੇਸ਼ ਦਾ ਭਵਿੱਖ ਅਤੇ ਕੱਲ੍ਹ ਦੇ ਨਾਗਰਿਕ ਵੀ ਹਨ। ਇਸ ਲਈ ਸਾਡਾ ਸਾਰਿਆਂ ਦਾ ਨੈਤਿਕ ਫਰਜ਼ ਬਣਦਾ ਹੈ ਕਿ ਅਸੀਂ ਇਨ੍ਹਾਂ ਨੂੰ ਸਮੇਂ ਸਿਰ ਸਹੀ ਸੇਧ ਦੇਈਏ।

ਬਿਨਾਂ ਸ਼ੱਕ ਬੱਚਿਆਂ ਦਾ ਮਨ ਕੋਰੀ ਸਲੇਟ ਵਾਂਗ ਹੁੰਦਾ ਹੈ। ਤੁਸੀਂ ਉਸ ਨੂੰ ਜਿਸ ਵੀ ਸਾਂਚੇ 'ਚ ਢਾਲੋਗੇ ਉਹ ਆਪਣੇ ਆਪ ਨੂੰ ਉਸ ਸਾਂਚੇ 'ਚ ਢਾਲ ਲਵੇਗਾ। ਇੱਕ ਗੱਲ ਹੋਰ, ਕੀ ਇਸ ਤੇਜ਼ ਰਫ਼ਤਾਰ ਜ਼ਿੰਦਗੀ 'ਚ ਇਨ੍ਹਾਂ ਨੂੰ ਸੰਭਾਲਣ ਲਈ ਕਿਸੇ ਕੋਲ ਸਮਾਂ ਹੈ? ਮਾਪੇ ਵੀ ਬੇਵੱਸ ਹਨ। ਜੇਕਰ ਮਾਪੇ ਨੌਕਰੀ ਕਰਦੇ ਹਨ ਤਾਂ ਬੱਚਿਆਂ ਨੂੰ ਕੰਮ ਵਾਲੀ ਦੇ ਹਵਾਲੇ ਕਰਨ 'ਤੇ ਬੱਚਿਆਂ ਦਾ ਪਾਲਣ ਪੋਸ਼ਣ ਸਹੀ ਢੰਗ ਨਾਲ ਨਹੀਂ ਹੁੰਦਾ। ਮਾਪਿਆਂ ਦੇ ਪਿਆਰ ਤੋਂ ਵਾਂਝੇ ਰਹਿ ਜਾਣ ਕਾਰਨ ਉਨ੍ਹਾਂ ਦੇ ਵਿਵਹਾਰ 'ਚ ਚਿੜਚਿੜਾਪਣ ਆ ਜਾਂਦਾ ਹੈ। ਇਸ ਤੋਂ ਇਲਾਵਾ ਅੱਜਕੱਲ੍ਹ ਛੋਟੇ ਬੱਚਿਆਂ ਦੇ ਕੋਮਲ ਹੱਥਾਂ 'ਚ ਮੋਬਾਈਲ ਫੋਨ ਆ ਗਏ ਹਨ। ਬਚਪਨ, ਕਿਸ਼ੋਰ ਅਵਸਥਾ ਤੋਂ ਲੈ ਕੇ ਜਵਾਨੀ ਤੱਕ ਅੱਪੜਦੇ ਇਹ ਬੱਚੇ ਮੋਬਾਈਲ ਫੋਨ ਦੇ ਇੰਨੇ ਆਦੀ ਹੋ ਜਾਂਦੇ ਹਨ ਕਿ ਫਿਰ ਇਨ੍ਹਾਂ ਦਾ ਪਿੱਛੇ ਮੁੜਨਾ ਅਸੰਭਵ ਹੋ ਜਾਂਦਾ ਹੈ। ਜਦੋਂ ਵੀ ਉਨ੍ਹਾਂ ਨੂੰ ਫੋਨ ਵਾਪਸ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਧਮਕੀਆਂ ਦਿੰਦੇ ਹਨ ਅਤੇ ਉਨ੍ਹਾਂ ਦਾ ਸੁਭਾਅ ਬੇਹੱਦ ਹਿੰਸਕ ਹੋ ਜਾਂਦਾ ਹੈ।

ਸੁੰਦਰ-ਸੁੰਦਰ ਛੋਟੀਆਂ ਕਵਿਤਾਵਾਂ/ਕਹਾਣੀਆਂ ਵੇਖਦੇ ਹੋਏ ਇਹ ਬੱਚੇ ਹਿੰਸਕ ਫਿਲਮਾਂ/ਸੀਰੀਅਲਾਂ ਅਤੇ ਖਿਡੌਣਿਆਂ ਦੇ ਵੀਡੀਓ ਵੇਖਣ ਲੱਗ ਜਾਂਦੇ ਹਨ। ਬਸ ਇੱਥੇ ਹੀ ਬੱਚਿਆਂ ਦਾ ਹਿੰਸਾ ਵੱਲ ਝੁਕਾਅ ਪੈਦਾ ਹੋ ਜਾਂਦਾ ਹੈ। ਇਸੇ ਕਰਕੇ ਅੱਜ ਦੀ ਨਵੀਂ ਪੀੜ੍ਹੀ ਦਾ ਹਥਿਆਰਾਂ ਨਾਲ ਮੋਹ ਪੈਦਾ ਹੋਣਾ ਸੁਭਾਵਿਕ ਹੀ ਹੀ। ਉਹ ਹੱਥਾਂ 'ਚ ਹਥਿਆਰ ਫੜਨ ਨੂੰ ਆਪਣੀ ਸ਼ਾਨ ਸਮਝਦੇ ਹਨ। ਉਹ ਛੋਟੀਆਂ-ਛੋਟੀਆਂ ਗੱਲਾਂ 'ਤੇ ਇੱਕ ਦੂਜੇ ਨਾਲ ਝਗੜਾ ਕਰਨ 'ਚ ਆਪਣਾ ਕੀਮਤੀ ਸਮਾਂ ਬਰਬਾਦ ਕਰਦੇ ਰਹਿੰਦੇ ਹਨ। ਇਹ ਬੱਚੇ ਆਪਣੇ ਤੋਂ ਵੱਡੇ ਮੁੰਡਿਆਂ ਨਾਲ ਰਲ ਸਮੂਹਾਂ 'ਚ ਵੰਡ ਇੱਕ ਦੂਜੇ ਨੂੰ ਲੜਨ ਲਈ ਚੁਣੌਤੀ ਵੀ ਦਿੰਦੇ ਹਨ। ਇਸੇ ਕਾਰਨ ਵਿਦਿਅਕ ਅਦਾਰਿਆਂ 'ਚ ਰੋਜ਼ਾਨਾ ਹਿੰਸਕ ਦ੍ਰਿਸ਼ ਵੇਖੇ ਜਾ ਸਕਦੇ ਹਨ। ਅਜਿਹਾ ਲੱਗਦਾ ਹੈ ਕਿ ਅੱਲ੍ਹੜ ਆਪਣੇ ਮਾਪਿਆਂ, ਸਰਪ੍ਰਸਤਾਂ ਅਤੇ ਸਮਾਜ ਤੋਂ ਚੰਗੀਆਂ ਕਦਰਾਂ-ਕੀਮਤਾਂ ਨਹੀਂ ਸਿੱਖਦੇ। ਇਸ 'ਚ ਦੋਸ਼ੀ ਕੌਣ ਹੈ? ਇਹ ਸੋਚਣ ਵਾਲੀ ਗੱਲ ਹੈ। ਅੱਜ ਦੇ ਇਹ ਅੱਲ੍ਹੜ ਵੀ ਨੌਜਵਾਨਾਂ ਵਾਂਗ ਆਪਣੀ ਵੱਖਰੀ ਕਾਲਪਨਿਕ ਦੁਨੀਆ 'ਚ ਰਹਿਣਾ ਪਸੰਦ ਕਰਦੇ ਹਨ। ਇਹ ਆਪ ਤੋਂ ਵੱਡੇ ਨੌਜਵਾਨਾਂ ਦੀ ਗੀਸ ਕਰਦੇ ਹਨ। ਇੱਥੋਂ ਹੀ ਸਾਨੂੰ ਅੱਲ੍ਹੜਾਂ ਦੇ ਹਮਲਾਵਰ ਰਵੱਈਏ ਦਾ ਅੰਦਾਜ਼ਾ ਲੱਗਣ ਲੱਗ ਪੈਂਦਾ ਹੈ।

ਅੱਲ੍ਹੜਾਂ ਦੀ ਹਮਲਾਵਰ ਮਾਨਸਿਕਤਾ ਨੂੰ ਠੱਲ੍ਹ ਪਾਉਣ ਲਈ ਤੁਰੰਤ ਕਦਮ ਚੁੱਕਣਾ ਸਮੇਂ ਦੀ ਮੁੱਖ ਲੋੜ ਹੈ। ਅਧਿਆਪਕਾਂ, ਮਾਪਿਆਂ ਅਤੇ ਸਮਾਜ ਨੂੰ ਇਸ ਬੇਹੱਦ ਸੰਵੇਦਨਸ਼ੀਲ ਵਿਸ਼ੇ 'ਤੇ ਵਿਚਾਰ ਕਰਨਾ ਹੋਵੇਗਾ। ਅਜਿਹੇ ਬੇਹੱਦ ਨਾਜ਼ੁਕ ਹਾਲਤ ਕਿਉਂ ਬਣਦੇ ਜਾ ਰਹੇ ਹਨ? ਸੋਚੋ, ਥੋੜ੍ਹਾ-ਬਹੁਤ ਵਿਚਾਰ ਕਰੋ ਕਿ ਇਹ ਅੱਲ੍ਹੜ ਇੰਨੀ ਛੋਟੀ ਉਮਰ 'ਚ ਕਿਹੜੀਆਂ ਮਾਨਸਿਕ ਸਥਿਤੀਆਂ 'ਚੋਂ ਗੁਜ਼ਰ ਰਹੇ ਹਨ ਅਤੇ ਕਿਉਂ ਆਤਮਹੱਤਿਆ ਜਿਹੇ ਘਾਤਕ ਕਦਮ ਚੁੱਕ ਰਹੇ ਹਨ। ਗੌਰਤਲਬ ਹੈ ਕਿ ਆਧੁਨਿਕ ਮੋਬਾਈਲ ਫੋਨ ਦੇ ਯੁੱਗ 'ਚ ਇੰਟਰਨੈੱਟ ਦੀ ਬੇਲਗਾਮ ਵਰਤੋਂ ਉਨ੍ਹਾਂ ਦੇ ਵਿਵਹਾਰ 'ਚ ਅਚਾਨਕ ਤਬਦੀਲੀ ਲਿਆ ਰਹੀ ਹੈ। ਵੱਖ-ਵੱਖ ਆਨਲਾਈਨ ਗੇਮਾਂ ਨੇ ਬੱਚਿਆਂ ਦੇ ਬਚਪਨ ਨੂੰ ਪ੍ਰਭਾਵਿਤ ਕੀਤਾ ਹੈ। ਸਾਨੂੰ ਇਸ ਗੱਲ ਦਾ ਅਹਿਸਾਸ ਵੀ ਨਹੀਂ ਹੁੰਦਾ ਕਿ ਛੋਟੇ ਬੱਚੇ ਬਚਪਨ ਦੀਆਂ ਕਵਿਤਾਵਾਂ/ਕਹਾਣੀਆਂ ਦਾ ਆਨੰਦ ਲੈਂਦੇ ਹੋਏ, ਹਿੰਸਕ ਵੀਡੀਓਜ਼ ਵਿੱਚ ਕਦੋਂ ਉਲਝ ਜਾਂਦੇ ਹਨ! ਜੇਕਰ ਅਸੀਂ ਸੱਚ ਮੰਨੀਏ ਤਾਂ ਇਹ ਹਿੰਸਕ ਵੀਡੀਓਜ਼ ਅੱਲ੍ਹੜਾਂ 'ਤੇ ਮਾੜਾ ਪ੍ਰਭਾਵ ਪਾ ਰਹੇ ਹਨ। ਇਸ ਕਾਰਨ ਉਹ ਬੇਹੱਦ ਹਿੰਸਕ, ਅਸਹਿਣਸ਼ੀਲ, ਅਨੁਸ਼ਾਸਨਹੀਣ ਅਤੇ ਗੁੱਸੇ ਵਾਲੇ ਹੁੰਦੇ ਜਾ ਰਹੇ ਹਨ। ਉਹ ਅੱਲ੍ਹੜ ਉਮਰ 'ਚ ਹੀ ਆਪਣੇ ਰਸਤੇ ਤੋਂ ਭਟਕ ਜਾਂਦੇ ਹਨ ਅਤੇ ਅਸਮਾਜਿਕ ਅਨਸਰਾਂ ਦੇ ਨਕਸ਼ੇ-ਕਦਮਾਂ 'ਤੇ ਚੱਲਣ ਅਤੇ ਗਲਤ ਰਸਤੇ 'ਤੇ ਜਾਣ ਲਈ ਭਰਮ ਜਾਂਦੇ ਹਨ। ਉਨ੍ਹਾਂ ਦੀਆਂ ਇਹ ਗਲਤ ਹਰਕਤਾਂ ਉਨ੍ਹਾਂ ਦੇ ਆਪਣੇ ਜੀਵਨ ਅਤੇ ਸਮੂਹ ਸਮਾਜ ਲਈ ਕੋਈ ਸ਼ੁੱਭ ਸੰਕੇਤ ਨਹੀਂ ਹਨ। ਜੇਕਰ ਅਸੀਂ ਇਸ 'ਤੇ ਵਿਚਾਰ ਕਰੀਏ ਤਾਂ ਇਹ ਸਾਡੇ ਸਾਰਿਆਂ ਅੱਗੇ ਬਹੁਤ ਗੰਭੀਰ ਸਮੱਸਿਆ ਆ ਖੜ੍ਹੀ ਹੋਈ ਹੈ।

ਅਜਿਹੀ ਸੰਕਟਮਈ ਸਥਿਤੀ 'ਚ ਸਾਨੂੰ ਅੱਲ੍ਹੜਾਂ ਦੀ ਸਥਿਤੀ ਨੂੰ ਸਮਝਦੇ ਹੋਏ ਆਪਣੇ ਆਪ ਹੀ ਅੱਗੇ ਆਉਣਾ ਪਵੇਗਾ। ਇਹ ਯਕੀਨੀ ਤੌਰ 'ਤੇ ਸਮੁੱਚੇ ਸਮਾਜ ਲਈ ਬਿਹਤਰ ਹੋਵੇਗਾ ਅਤੇ ਬਚਪਨ ਵੀ ਆਪਣੀ ਮਾਸੂਮੀਅਤ 'ਤੇ ਨਾਜ਼ ਕਰ ਸਕੇਗਾ। ਆਧੁਨਿਕ ਸਮੇਂ 'ਚ ਮੋਬਾਈਲ ਬੱਚਿਆਂ ਦੇ ਮਨੋਰੰਜਨ ਦਾ ਇੱਕ ਬੇਲਗਾਮ ਸਾਧਨ ਬਣ ਗਿਆ ਹੈ। ਪਰ ਅਫ਼ਸੋਸ, ਕੋਈ ਇਹ ਦੇਖਣ ਦੀ ਖੇਚਲ ਨਹੀਂ ਕਰਦਾ ਕਿ ਇਸ ਵਿੱਚ ਕੌਣ ਕੀ ਸੇਵਾ ਕਰ ਰਿਹਾ ਹੈ ਅਤੇ ਬੱਚਿਆਂ 'ਤੇ ਇਸ ਦਾ ਕੀ ਪ੍ਰਭਾਵ ਪਵੇਗਾ? ਹੁਣ ਸਕੂਲ ਪੱਧਰ 'ਤੇ ਵੀ ਅਧਿਆਪਕਾਂ ਦੀ ਭੂਮਿਕਾ ਪਹਿਲਾਂ ਵਰਗੀ ਨਹੀਂ ਰਹੀ। ਉਹ ਬਾਲਪਨ ਹਮਲਾਵਰ ਰਵੱਈਏ ਨੂੰ ਰੋਕਣ 'ਚ ਲਾਚਾਰ ਜਿਹੇ ਜਾਪਦੇ ਹਨ।

ਦੇਖਿਆ ਜਾਵੇ ਤਾਂ ਅਜੋਕੇ ਸਮੇਂ 'ਚ ਗੁਰੂ-ਚੇਲੇ ਦੇ ਸਬੰਧਾਂ 'ਚ ਦੂਰੀ ਕਾਫ਼ੀ ਵਧ ਰਹੀ ਹੈ। ਬੱਚੇ ਬੇਪ੍ਰਵਾਹ ਹਨ। ਇਸ ਲਈ ਅਧਿਆਪਕ ਵੀ ਬੱਚਿਆਂ ਦੇ ਹਮਲਾਵਰ ਰਵੱਈਏ ਅਤੇ ਉਨ੍ਹਾਂ ਦੀ ਸੋਚ ਨੂੰ ਸੁਧਾਰਨ 'ਚ ਦਿਲਚਸਪੀ ਨਹੀਂ ਲੈ ਰਹੇ ਹਨ। ਮੇਰੀ ਨਿੱਜੀ ਰਾਏ ਹੈ ਕਿ ਜੇਕਰ ਸਰਕਾਰੀ ਸਕੂਲਾਂ 'ਚ ਅਧਿਆਪਕਾਂ/ਪ੍ਰਸ਼ਾਸਨਿਕ ਅਧਿਕਾਰੀਆਂ ਦੇ ਬੱਚਿਆਂ ਨੂੰ ਵੀ ਪੜ੍ਹਾਉਣਾ ਲਾਜ਼ਮੀ ਕਰ ਦਿੱਤਾ ਜਾਵੇ ਤਾਂ ਇਸ ਦੇ ਸਾਰਥਕ ਨਤੀਜੇ ਨਿਕਲ ਸਕਦੇ ਹਨ। ਲੋਕਾਂ ਨੂੰ ਪੈਸੇ ਦੀ ਅੰਨ੍ਹੇਵਾਹ ਦੌੜ ਨੂੰ ਛੱਡ ਕੇ ਆਪਣੇ ਬੱਚਿਆਂ ਦਾ ਸਹੀ ਪਾਲਣ ਪੋਸ਼ਣ ਕਰਨਾ ਚਾਹੀਦਾ ਹੈ। ਸਾਨੂੰ ਸਿਰਫ਼ ਬੱਚੇ ਪੈਦਾ ਕਰਨਾ ਹੀ ਆਪਣਾ ਕੰਮ/ ਫਰਜ਼ ਨਹੀਂ ਸਮਝਣਾ ਚਾਹੀਦਾ ਸਗੋਂ ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਅਤੇ ਸਮੇਂ-ਸਮੇਂ 'ਤੇ ਉਨ੍ਹਾਂ ਵੱਲ ਧਿਆਨ ਦੇਣਾ ਵੀ ਸਾਡੀ ਸਾਰਿਆਂ ਦੀ ਮੁੱਢਲੀ ਤੇ ਨੈਤਿਕ ਜ਼ਿੰਮੇਵਾਰੀ ਹੈ। ਸਾਨੂੰ ਆਪਣੇ ਫਰਜ਼ਾਂ ਤੋਂ ਕਦੇ ਵੀ ਭੱਜਣਾ ਨਹੀਂ ਚਾਹੀਦਾ।

ਅਸੀਂ ਪਿਛਲੇ ਕੁਝ ਸਮੇਂ ਤੋਂ ਦੇਖ ਰਹੇ ਹਾਂ ਕਿ ਸਾਡੇ ਸਿਆਸੀ ਦ੍ਰਿਸ਼ 'ਚ ਵਧ ਰਹੀ ਬੇਲੋੜੀ ਹਮਲਾਵਰਤਾ ਸਾਡੇ ਨੌਜਵਾਨਾਂ ਨੂੰ ਵੀ ਅਸੰਵੇਦਨਸ਼ੀਲ ਬਣਾ ਰਹੀ ਹੈ। ਕੁਝ ਦਿਨ ਪਹਿਲਾਂ ਪੰਜਾਬ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਬੇਮਿਸਾਲ ਹੰਗਾਮਾ ਵੇਖਣ ਨੂੰ ਮਿਲਿਆ। ਸਵਾਲ ਇਹ ਹੈ ਕੀ ਮਾਣਯੋਗ ਮੈਂਬਰਾਂ ਨੂੰ 'ਤੂੰ-ਤੂੰ' ਦੀ ਭਾਸ਼ਾ ਸ਼ੋਭਾ ਦਿੰਦੀ ਹੈ? ਕਿਉਂਕਿ ਇਹ ਬੱਚਿਆਂ ਦੇ ਵੀ ਆਗੂ ਹਨ। ਇਸ ਲਈ, ਇਸ ਭੈੜੀ ਕਿਸਮ ਦੀ ਸਿਆਸਤ ਦਾ ਬਚਪਨ 'ਤੇ ਮਾੜਾ ਅਸਰ ਪੈਣਾ ਸੁਭਾਵਿਕ ਹੀ ਹੈ। ਬੱਚੇ ਸਿਆਸੀ ਆਗੂਆਂ ਦੇ ਬੇਹੱਦ ਘਟੀਆ ਵਤੀਰੇ ਨੂੰ ਦੇਖ ਕੇ ਸੋਚਦੇ ਹਨ ਕਿ ਇਹ ਤਾਂ ਆਮ ਜ਼ਿੰਦਗੀ ਦਾ ਹਿੱਸਾ ਹੈ। ਅੱਲ੍ਹੜ ਉਮਰ ਦੇ ਬੱਚਿਆਂ 'ਚ ਵਧ ਰਹੀ ਹਿੰਸਕ ਪ੍ਰਵਿਰਤੀ ਦਾ ਇੱਕ ਹੋਰ ਮੁੱਖ ਕਾਰਨ ਅੱਜ ਦੇ ਦੌਰ 'ਚ ਬੱਚਿਆਂ ਦਾ ਖੇਡਾਂ ਤੋਂ ਬਹੁਤ ਦੂਰ ਹੋ ਜਾਣਾ ਵੀ ਹੈ। ਇਸ ਨਾਲ ਉਨ੍ਹਾਂ ਦੇ ਵਿਵਹਾਰ 'ਚ ਮਾਸੂਮੀਅਤ ਘਟ ਰਹੀ ਹੈ। ਇਨ੍ਹਾਂ 'ਚ ਨੈਤਿਕ ਕਦਰਾਂ-ਕੀਮਤਾਂ ਹੌਲੀ-ਹੌਲੀ ਘਟ ਰਹੀਆਂ ਹਨ। ਅੱਲ੍ਹੜਾਂ ਦੇ ਵਿਵਹਾਰ 'ਚ ਵਧਦਾ ਹਮਲਾਵਰ ਰਵੱਈਆ ਸਾਡੇ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਆਖਰ ਇਨ੍ਹਾਂ ਬੱਚਿਆਂ ਨੂੰ ਸਹੀ ਰਸਤੇ 'ਤੇ ਲਿਆਉਣ ਲਈ ਵਿਦਿਅਕ ਸੰਸਥਾਵਾਂ, ਪ੍ਰਸ਼ਾਸਨ, ਅਧਿਆਪਕਾਂ ਅਤੇ ਮਾਪਿਆਂ ਨੂੰ ਇਸ ਸਮੱਸਿਆ ਦੇ ਹੱਲ ਲਈ ਜਲਦੀ ਅੱਗੇ ਆਉਣਾ ਚਾਹੀਦਾ ਹੈ।

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
*TAX:- INDIVIDUAL,FAMILY,BUSINESS,TRUCKING
*BOOKKEEPING ACCOUNTS
*PAYROLLS &INCORPORATION
*INSURANCE: LIFE Only-Agent,NOTARY
GET MONEY BACK FAST!
"Authorised IRS E-file Provider"
"Enrolled To Practice Befire The IRS"
CALL:R.PAL SINGH EA- 510 750 3464
EA 00097224,CRTP A44237Realtor#1481514 ,
Life-Only Insurance Agent #0G76896
39159 Paseo Padre Pkwy #103,Fremont,CA 94538
Snghrpal47@gmail.com
Singhtax.com
Open 7 Days
Weekends/Evenings
(Year Round Service)
Resonable Rates
Call for Appointment

CAPITAL SERVICES
INSURANCE VEHICLE REG. IMMIGRATION NOTARY PUBLIC LIVE SCAN
ਸੈਕਰਾਮੈਂਟੋ, ਕੈਲੀਫੋਰਨੀਆ
AUTO • HOME • TRUCK • BUSINESS • LIFE • MEDICAL
ਪਾਸਪੋਰਟ / ਵੀਜਾ
* ਓ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.
Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779
Other Services
* Live Scan / Fingerprints
* Covered California.
* Drug Testing * Alcohol Test
* Notary Services
* International Driver Lic.
Lic. 6000947
Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us

Uscipp Insurance Services
650 N WILMA AVE STE A, RIPON CA 95366
TRUCK INSURANCE
TRUCK TAX IFTA
Amarjit S Bir
amarjit@uscipp.org
Lic#0I15593CA
Ph: (925)318-1247

ਤਾਰਿਆਂ ਦੀ ਛਾਵੇਂ

ਤਾਰਿਆਂ ਭਰੀ ਰਾਤ ਸੀ,
ਸ਼ਾਂਤ ਹੀ ਕਾਇਨਾਤ ਸੀ।

ਪਾਉਂਦੀ ਇੱਕ ਬਾਤ ਸੀ,
ਦੂਸਰੀ ਮਾਰਦੀ ਝਾਤ ਸੀ।

ਹੁੰਗਾਰਾ ਨ ਕੋਈ ਭਰਦੀ,
ਚੁੱਪ ਚਾਪ ਰਹੀ ਡਰਦੀ।

ਮਨ ਦਾ ਕੋਈ ਵਹਿਮ ਸੀ,
ਜਾਂ ਉਂਝ ਗਈ ਸਹਿਮ ਸੀ।

ਕਿਸੇ ਗੱਲੋਂ ਗਈ ਡਰ ਸੀ,
ਨ ਪਤਾ ਲੱਗਦਾ ਪਰ ਸੀ।

ਗੁਨਾਹਾਂ ਦਾ ਹਿਸਾਬ ਸੀ,
ਪਰ ਇਹ ਬੇਹਿਸਾਬ ਸੀ।

ਕੋਈ ਤੂੰ ਤੂੰ ਮੈਂ ਮੈਂ ਨਾ ਸੀ,
ਨ ਮਰਨ ਨੂੰ ਲੱਭੇ ਥਾਂ ਸੀ।

ਰੂਹ ਸੀ ਤੇ ਕਾਇਨਾਤ ਸੀ,
ਕਰਦੀਆਂ ਦੋਵੇਂ ਬਾਤ ਸੀ।

ਇੰਝ ਹੀ ਲੰਘੀ ਰਾਤ ਸੀ,
ਬੱਸ ਹੋ ਗਈ ਪ੍ਰਭਾਤ ਸੀ।

ਸੇਵਾ ਸਿੰਘ 'ਨੂਰਪੁਰੀ'

ਛੱਪੜ

ਪਿੰਡ ਦੇ ਬਾਹਰਵਾਰ ਸੀ ਮਿਲਦਾ
ਜਾਂ ਫਿਰਨੀ ਤੇ ਚੜ੍ਹਦੇ, ਛਿਪਦੇ
ਜਿਵੇਂ ਸੁਆਗਤੀ ਪਿੰਡ ਦਾ ਕੋਈ
ਉਡੀਕੇ ਆਵਣ ਜਾਵਣ ਵਾਲਾ।

ਹਰ ਇੱਕ ਘਰ ਤੋਂ ਇੱਕ ਇੱਕ ਬੰਦਾ
ਕਰਦਾ ਲਾ ਕੇ ਜੋਰ ਸਫਾਈ
ਤਾਂ ਜੋ ਅਗਲੀ ਬਰਸਾਤਾਂ ਵਿੱਚ
ਕੱਠਾ ਕਰਲਾਂ ਪਿੰਡ ਲਈ ਪਾਣੀ।

ਨਲਕੇ ਉੱਕ ਗਏ ਖੂਹ ਵੀ ਸੁੱਕ ਗਏ
ਜਦ ਬੋਰਾਂ ਦਾ ਆਇਆ ਜਮਾਨਾ
ਪਿੰਡ ਦੇ ਬਾਹਰ, ਗਲੀਆਂ ਅੰਦਰ
ਟੁੱਟੀਆਂ ਨੇ ਪਿੰਡ ਘੇਰ ਲਿਆ ਜਦ।

ਵਧੀ ਆਬਾਦੀ ਪਸਰ ਗਿਆ ਪਿੰਡ
ਦੱਬ ਲਿਆ ਮੈਨੂੰ ਚਾਰ ਪਾਸਿਓਂ
ਕਿਸੇ ਕੰਧੋਲੀ, ਢੇਰ ਕਿਸੇ ਨੇ
ਮੇਰੇ ਸਿਰ ਤੇ ਆਣ ਧਰੇ ਫਿਰ।

ਖੁਦ ਨੂੰ ਪਾਣੀ ਵਿੱਚ ਡੁਬੋ ਕੇ
ਖੇਤਾਂ ਵਿਚਲਾ ਹੜ੍ਹ ਸਮੋਅ ਕੇ
ਪਾਣੀ ਕੱਠਾ ਕਰ ਲੈਂਦਾ ਸਾਂ
ਆਪਣਾ ਆਪਾ ਭਰ ਲੈਂਦਾ ਸਾਂ।

ਸੁਬ੍ਹਾ – ਸਵੇਰੇ, ਡੰਗਰ ਵੱਛਾ
ਸਿਖਰ ਦੁਪਹਿਰੇ ਪਿੰਡ ਦੇ ਗੱਭਰੂ
ਸਾਮੀਂ ਗਾਰਾ ਲੈਣ ਨੂੰ ਕੁੜੀਆਂ
ਆਉਂਦੀ ਸੀ, ਭਲਾ ਕਿੱਧਰ ਗਈਆਂ ?

ਕਹਿੰਦੇ 'ਆਸਾ ਰਾਮ' ਸੀ ਕਹਿ ਗਿਆ
ਵਾਂਗ ਓਸ ਦੇ ਮੀਂਹ ਵਰਸੇਗਾ
ਕੱਟਾ – ਵੱਛਾ, ਗਾਂ ਦਾ ਜਾਇਆ
ਪੀਣ ਨੂੰ ਪਾਣੀ ਸੀਂਹ ਤਰਸੇਗਾ।

ਸਹਿਰਾਂ ਨੇ ਪਿੰਡ ਨਿਗਲ ਲਏ ਹਨ
ਬਾਗ ਬਗੀਚੇ ਖਾ ਗਏ ਬਿਲਡਰ
ਪਿੰਡ ਦੀ ਫਿਰਨੀ ਦੀ ਹਿੱਕ ਉੱਤੇ
ਉਸਰੀਆਂ ਖੜੀਆਂ ਪੰਜ ਮੰਜਿ?ਲਾਂ।

ਪਿੰਡ ਦੇ ਬਾਹਰ ਫਿਰਨੀ ਉੱਤੇ
ਮੈਂ ਨਹੀਂ ਮਿਲਦਾ, ਡੀਲਰ ਮਿਲਦੇ
ਦੋ- ਚਾਰ ਖਣ ਪਿੰਡ ਦੇ ਅੰਦਰ
ਬਚੇ ਹੋਏ ਜੋ, "ਦੱਸ ਕੀ ਲੈਣੈ ?"

ਕੈਸੇ ਦੇਖ ਜਮਾਨੇ ਆ ਗਏ
ਰਾਖੇ ਖੁਦ ਹੀ ਖੇਤ ਨੂੰ ਖਾ ਗਏ
ਕਹਿ ਦਿੱਤਾ ਜੋ ਮੈਂ ਕਹਿਣਾ ਸੀ
ਸੁਣਦੇ ਸੀ ਜੋ ਧਰਤ ਸਮਾਂ ਗਏ।

ਗੁਰਮਾਨ ਸੈਣੀ

ਚੁਰਾਸੀ- ਦਿੱਲੀ- ਘੱਲੂਘਾਰਾ

ਧਰਮ ਕਰਮ ਦੀ ਬਾਤ ਹਮੇਸ਼ਾ ਪਾਉਂਦੇ ਰਹੇ,
ਜੁਰਮ ਇਕਬਾਲ ਤੋਂ ਕੰਨੀਂ ਕਤਰਾਉਂਦੇ ਰਹੇ।

ਹਕੂਮਤ ਰਸੂਖ਼ ਰਿਸ਼ਵਤ ਰੁਤਬੇ ਦੀ ਧੌਂਸ ਤੇ,
ਕੀਤੇ ਅਪਰਾਧਾਂ ਦੇ ਪ੍ਰਮਾਣ ਮਿਟਾਉਂਦੇ ਰਹੇ।

ਦਰਖਤ ਡਿੱਗਾ ਇੱਕ ਧਰਤ ਕੰਬੀ ਭਾਰਤ ਦੀ,
ਨਿਰਜਿੰਦ ਰੁੱਖ ਸਿੰਜਦੇ, ਰੱਤ ਵਹਾਉਂਦੇ ਰਹੇ।

ਲਾਸ਼ ਰੱਖ ਕੇ ਪ੍ਰਦਰਸ਼ਨ, ਟੈਲੀਵਿਜ਼ਨ ਮੂਹਰੇ,
ਆਰਤੀ ਉਤਾਰਦੇ, ਬਸਤੀਆਂ ਜਲਾਉਂਦੇ ਰਹੇ।

ਨਸਲਕੁਸ਼ੀ ਇੱਕ ਕੌਮ ਦੀ ਸੀ ਟਾਰਗੈਟ ਅੱਗੇ,
ਪ੍ਰਯੋਜਨ ਲਲਕਾਰਦੇ, ਬਿਗਲ ਵਜਾਉਂਦੇ ਰਹੇ।

ਸਾੜੋ, ਮਾਰੋ, ਲੁੱਟੋ, ਮੁਕਾ ਦਿਓ ਨਸਲ ਸਾਰੀ,
ਭੂਤਰੀ ਭੀੜ ਸੀ ਅਬਦਾਲੀ ਉਕਸਾਉਂਦੇ ਰਹੇ।

ਮਸਲੀਆਂ ਕਰੂੰਬਲਾਂ ਪੱਤੀਆਂ ਜਰਵਾਣਿਆਂ ਨੇ,
ਟਾਹਣੀਆਂ ਛਾਂਗਦੇ ਰਹੇ, ਮੌਛੇ ਮਚਾਉਂਦੇ ਰਹੇ।

ਕਰਦੇ ਰਹੇ ਵਾਢੀ, ਮਾਵੇ ਡੂੰਗ ਕੇ ਉਹ ਸੀਰੀ,
ਸਿਰਾਂ ਦੇ ਮੁੱਲ ਮਿਣਦੇ, ਸੱਥਰ ਵਿਛਾਉਂਦੇ ਰਹੇ।

ਝਪਟੇ ਗਿਰਝਾਂ ਵਾਂਗਰ ਅਣਭੋਲ ਸ਼ਿਕਾਰ ਉੱਤੇ,
ਬੋਟੀਆਂ ਨੋਚਦੇ ਜਬਰ ਹਵਸ ਮਿਟਾਉਂਦੇ ਰਹੇ।

ਗ਼ਜ਼ਨੀ ਦੀਆਂ ਫ਼ੌਜਾਂ ਵਾਂਗਰ ਮਚਾਈ ਅਗਜ਼ਨੀ,
ਆਬਰੂ ਬਹੂ ਬੇਟੀਆਂ ਦੀ ਘੱਟੇ ਰੁਲਾਉਂਦੇ ਰਹੇ।

ਚਾਂਦਨੀ ਚੌਕ ਮੁੜ ਸਾੜ੍ਹਸਤੀ ਦੀ ਭੇਟ ਚੜਿਆ,
ਭੂਤ ਔਰੰਗਜ਼ੇਬ ਦੇ ਨਿਰੰਤਰ ਮੰਡਲਾਉਂਦੇ ਰਹੇ।

ਜਿਹਾਦੀ ਹਜੂਮ ਬੁੱਕਦੇ, ਖ਼ੁਧਕ ਦੀ ਭਾਵਨਾ ਸੀ,
ਟਾਇਰ ਗਲ ਪਾਉਂਦੇ ਰਹੇ ਲਾਂਬੂ ਲਾਉਂਦੇ ਰਹੇ।

ਹਿੰਸਾ ਕਰਦੇ ਰਹੇ ਰਾਸ਼ਟਰ ਪਿਤਾ ਦੇ ਪੁਜਾਰੀ,
ਅਹਿੰਸਾ ਨਾਮ ਤੇ ਲਹੂ ਨਦੀਆਂ ਵਹਾਉਂਦੇ ਰਹੇ।

ਮਾਰ ਧਾੜ ਫੈਲੀ ਬੁਰਛਾ-ਗਰਦੀ ਮੱਚਦੀ ਰਹੀ,
ਘਿਣਾਉਣਾ ਸਾਕਾ ਨਨਕਾਣਾ ਦੁਹਰਾਉਂਦੇ ਰਹੇ।

ਘਰ ਕਾਰਖ਼ਾਨੇ ਟਰਾਂਸਪੋਰਟ ਤਬਾਹ ਕੀਤੇ ਸਾਰੇ,
ਵਿਸਕੀਆਂ ਪੀਂਦੇ ਰਹੇ, ਬੱਕਰੇ ਬੁਲਾਉਂਦੇ ਰਹੇ।

ਜ਼ਖਮੀ ਤੜਫਦੇ ਉਡੀਕਦੇ ਰਹੇ ਬਚਾਓ ਛਤਰੀ,
ਤਾੜੀਆਂ ਮਾਰਦੇ ਨਰੈਣੇ ਖਿੱਲੀ ਉਡਾਉਂਦੇ ਰਹੇ।

ਗਲ ਲਟਕਾ ਕੇ ਬਿੱਲੇ ਧਰਮ ਯੁੱਧ ਦੇ ਨਾਮ ਦੇ,
ਗੁਰਦੁਆਰੇ ਢਾਉਂਦੇ ਰਹੇ, ਮੰਦਿਰ ਬਣਾਉਂਦੇ ਰਹੇ।

ਸਾਂਭੀ ਬੈਠੇ ਵਜੀਰੀਆਂ, ਸ਼ੜਯੰਤਰ ਦੇ ਪ੍ਰਬੰਧਕ,
ਹਰਿਮੰਦਰ ਢਾਹੁਣ ਤੇ ਜੋ ਦੀਵੇ ਜਗਾਉਂਦੇ ਰਹੇ।

ਨੰਗੇ ਹੋ ਜਾਣੇ ਨੇ ਰਾਜ-ਭਗਤ ਕਾਨੂੰਨ ਸਨਮੁਖ,
ਚੁਰਾਸੀ ਸੰਨ ਤੋਂ ਜੋ ਸਿਤਮਗਰ ਛੁਪਾਉਂਦੇ ਰਹੇ।

ਫਾਂਸੀ ਚੜ੍ਹ ਜਾਣੇ ਨੇ ਪੰਨੂ, ਕਤਲੇਆਮ ਦੇ ਹੀਰੋ,
ਮਰਯਾਦਾ ਪੁਰਸ਼ੋਤਮ ਜੋ ਧਨੁਖ ਚਲਾਉਂਦੇ ਰਹੇ।

ਚਰਨਜੀਤ ਸਿੰਘ ਪੰਨੂ

ਭੱਖਦਾ ਕਿਉ ਨਹੀਂ

ਕੱਲਾ ਏ ਰਹਿਨਾ, ਅੱਕਦਾ ਕਿਉਂ ਨਹੀਂ
ਹੱਥ ਵਿੱਚ ਫੋਨ ਏ, ਥੱਕਦਾ ਈ ਕਿਉ ਨਹੀਂ
ਓਏ ਵਾਜਾਂ ਮਾਰਾਂ, ਤੱਕਦਾ ਕਿਉ ਨਹੀਂ
ਹਾਸਾ ਏ ਕਿੱਥੇ, ਹੱਸਦਾ ਕਿਉ ਨਹੀਂ
ਹਾਲ ਮੈ ਪੁੱਛਦਾ, ਦੱਸਦਾ ਕਿਉ ਨਹੀਂ
ਫੱਟ ਏ ਰਿਸਦਾ, ਕੱਜਦਾ ਕਿਉ ਨਹੀਂ
ਕੁਫ਼ਰ ਤੋਲਦੈ, ਜੱਕਦਾ ਕਿਉ ਨਹੀਂ
ਖੰਜਰ ਏ ਤੂੰ, ਵੱਜਦਾ ਕਿਉ ਨਹੀਂ
ਭਾਂਬੜ ਏ ਕੋਈ, ਮੱਚਦਾ ਕਿਉ ਨਹੀਂ
ਠੰਡਾ ਸੀਤ ਏ, ਜੱਚਦਾ ਕਿਉ ਨਹੀਂ
ਵਿੰਨ ਨਿਸ਼ਾਨਾ, ਕੱਸਦਾ ਕਿਉ ਨਹੀਂ
ਚੋਗ ਏ ਖਿਲਰੀ, ਫੱਸਦਾ ਕਿਉ ਨਹੀਂ
ਠੂਠਾ ਏ ਹੱਥ ਵਿੱਚ, ਰੱਜਦਾ ਕਿਉ ਨਹੀਂ
ਅੰਦਰੋਂ ਮੋਇਆ ਏ, ਜਚਦਾ ਕਿਉ ਨਹੀਂ

ਸਤਨਾਮ ਕੌਰ ਤੁਗਲਵਾਲਾ

ਰੱਬਾ

ਤੂੰ ਬਹੁਤ ਡਾਹਢਾ ਏਂ ਰੱਬਾ,
ਤੇਰੇ ਕੀ ਕੀ ਗੁਣ ਗਾਵਾਂ,
ਕਦੇ ਤੂੰ ਗਰਮੀ ਦਿਖਾਵੇਂ,
ਕਦੇ ਚਲਾਵੇਂ ਹਵਾਵਾਂ,
ਮੀਂਹ ਪਵੇ ਅੰਦਰ ਭੱਜਾਂ,
ਲੱਗੇ ਗਰਮੀ ਬਾਹਰ ਆਵਾਂ,
ਕਦੇ ਤੱਤੀ ਹਵਾ ਚਲਾਵੇਂ,
ਭੱਜ ਕੇ ਛਾਵੇਂ ਜਾਂਵਾਂ,
ਜੇ ਲੱਗੇ ਸਰਦੀ ,
ਤਾਂ ਧੁੱਪੇ ਭੱਜਾ ਜਾਵਾਂ,
ਖੁੱਲ੍ਹੇ ਅਸਮਾਨ ਹੇਠ,
ਦੇਖ ਦੇਖ ਖੁਸ ਹੋਈ ਜਾਵਾਂ,
ਕਦੇ ਅਸਮਾਨ ਵਿੱਚ,
ਪੰਛੀਆਂ ਬੰਨੀਆਂ ਡਾਰਾਂ,
ਕਿਤੇ ਧਰਤੀ ਤੇ ਜਾਨਵਰਾਂ,
ਬਣਾ ਲਈਆਂ ਚਰਗਾਹਾਂ,
ਐਨਾ ਜ਼ਿਆਦਾ ਪਾਣੀ ਦੇਵੇਂ,
ਕਰੋੜਾਂ ਜੀਵ ਪੀਂਦੇ ਪਾਣੀ,
ਸਾਰੇ ਹੀ ਖਲਕਤ ਨਹਾਵੇ,
ਮੈਂ ਵੀ ਰੋਜ ਨਹਾਵਾਂ,
ਕਦੇ ਨੀ ਮੁੱਕਦੇ ਸੋਮੇ ਚੀਜਾਂ ਦੇ,
ਚਾਹੇ ਰੱਜ ਰੱਜ ਕੇ ਖਾਵਾਂ,
ਏਨੀਆਂ ਦਾਤਾਂ ਦਿੰਨਾ ਰੱਬਾ,
ਕੀ ਕੀ ਕਿਸਨੂੰ ਸਮਝਾਵਾਂ,
ਦੁਨੀਆਂ ਕਿੰਨੀ ਤਰੱਕੀ ਕਰਦੀ,
ਰੋਜ ਨਵੀਆਂ ਸੰਭਾਵਨਾਵਾਂ,
ਵੱਡੇ ਵੱਡੇ ਮਹਿਲ ਉਸਾਰੇ,
ਵੱਡੀਆਂ ਬਿਲਡਿੰਗ ਵੱਡੇ ਮੁਨਾਰੇ,
ਤੇਰੀ ਇਸ ਧਰਤੀ ਉੱਤੇ ,
ਲੱਖਾਂ ਮਹਿਲ ਉਸਾਰੇ,
ਪਰ ਤੇਰੀ ਕਾਇਨਾਤ ਵਿੱਚ,
ਰਤਾ ਫਰਕ ਨਾ ਪੈਂਦਾ,
ਰੋਜ ਇਹੀ ਦੇਖੀ ਜਾਵਾਂ,
ਤੇਰੀਆਂ ਦਾਤਾਂ ਅਥਾਹ ਨੇ ਰੱਬਾ,
ਕੀ ਕੀ ਖੋਲ ਸੁਣਾਵਾਂ,
ਮੈਂ ਤਾਂ ਬਸ ਧਰਮਿੰਦਰਾ,
ਦਾਤੇ ਦੇ ਗੁਣ ਗਾਵਾਂ,
ਬੱਸ ਓਹਦਾ ਹੀ ਸੁਕਰ ਮਨਾਵਾਂ।

ਧਰਮਿੰਦਰ ਸਿੰਘ ਮੁੱਲਾਂਪੁਰੀ

ਗੱਲ ਤਾਂ ਬਣਦੀ...

ਸ਼ਿਅਰਾਂ, ਗਜਲਾ ਵਿੱਚ ਜਾਨ ਹੋਵੇ ਗੱਲ ਤਾਂ ਬਣਦੀ
ਆਪਣੇ ਕੰਮ ਨਾਲ ਕੋਈ ਮਹਾਨ ਹੋਵੇ ਗੱਲ ਤਾਂ ਬਣਦੀ..

ਉਹ ਹੁਣ ਤਾਂ ਜਿਉਂਦੇ ਵੀ ਮੁਰਦਿਆਂ ਜਹੇ ਲੋਕੀ
ਪਰ ਸ਼ਰੀਰ ਵਿੱਚ ਜੇ ਪ੍ਰਾਣ ਹੋਵੇ ਗੱਲ ਤਾਂ ਬਣਦੀ

ਮਰਿਆ ਮਗਰੋਂ ਜੇ ਪੁੱਛਿਆ ਫੇਰ ਫਾਇਦਾ ਕੀ
ਜਿਉਂਦੇ ਬੰਦੇ ਦਾ ਜੇ ਗੁਣਗਾਨ ਹੋਵੇ ਗੱਲ ਤਾਂ ਬਣਦੀ

ਕਦੇ ਇਸਨੂੰ ਕਦੇ ਉਸਨੂੰ ਪੂਜੀ ਜਾਂਦੇ ਫਾਇਦਾ ਕੀ
ਤੁਹਾਡਾ ਯਾਰ ਹੀ ਜੇ ਭਗਵਾਨ ਹੋਵੇ ਗੱਲ ਤਾਂ ਬਣਦੀ

ਕਿਸੇ ਮੁਕਾਮ ਤੇ ਯਾਰੋ ਏਵੇ ਨਹੀ ਕੋਈ ਪਹੁੰਚ ਜਾਂਦਾ
ਆਪਣੇ ਕੰਮ ਚ ਜੇ ਧਿਆਨ ਹੋਵੇ ਗੱਲ ਤਾਂ ਬਣਦੀ

ਇਥੇ ਹਰ ਵੇਲੇ ਕਿਸੇ ਦੇ ਤੁਕੇ ਹੁੰਦੇ ਲੱਗਦੇ ਨਹੀ
ਆਪਣੀਆਂ ਲੱਤਾਂ 'ਚ ਜੇ ਜਾਨ ਹੋਵੇ ਗੱਲ ਤਾਂ ਬਣਦੀ

ਮਿਹਨਤ ਕਰਦੇ ਰਹੇ ਤੇ ਕਿਸਮਤ ਵੀ ਕੰਮ ਆ ਗਈ
ਆਪਣੇ ਕੰਮ ਦਾ ਜੇ ਗਿਆਨ ਹੋਵੇ ਗੱਲ ਤਾਂ ਬਣਦੀ

ਕਹਿੰਦੇ ਅਸੀ ਵੀ ਰੈਪੀ ਲਿਖਦੇ ਹਾਂ ਕਈ ਸਾਲਾਂ ਤੋਂ
ਪਰ ਲੋਕਾਂ ਨੂੰ ਜੇ ਪਰਵਾਨ ਹੋਵੇ ਗੱਲ ਤਾਂ ਬਣਦੀ

ਰੈਪੀ ਰਾਜੀਵ ਫਗਵਾੜਾ

ਕੁੰਢੀਆਂ ਦੇ ਸਿੰਗ

ਹੈ ਨਵਾਂ ਜਮਾਨਾ ਇੱਕ ਪਾਸੇ
ਦੂਜੇ ਪਾਸੇ ਪੁਰਾਣੀ ਰੂੜੀ।
ਬੜੇ ਚਿਰ ਤੋਂ ਰਵਾਇਤੀ ਪਾਰਟੀਆਂ
ਨੇ ਜਨਤਾ ਪਈ ਸੀ ਨੂੜੀ।
ਅੱਜ ਕੁੰਢੀਆਂ ਦੇ ਸਿੰਗ ਫਸੇ ਪਏ
ਐਪਰ ਪਤਾ ਲੱਗੂ ਦਸ ਮਾਰਚ ਨੂੰ,
ਕੀਹਨੇ ਖਾਧੇ ਹੋਏ ਵੜੇਵੇਂ ਸੀ
ਤੇ ਕਿਸ ਨੇ ਸੁੱਕੀ ਤੂੜੀ।

ਮੂਲ ਚੰਦ ਸ਼ਰਮਾ

ਮਾਂ ਨਹੀਂ ਮਿਲਦੀ

ਤੱਪਦੇ ਸੀਨਿਆਂ ਨੂੰ ਅੱਜ ਕੱਲ,
ਠੰਡੀ ਛਾਂ ਨਹੀਂ ਮਿਲਦੀ ।
ਇੱਕ ਸੱਚੀ ਮੁਹੱਬਤ ਤੇ,
ਦੂਜੀ ਮਾਂ ਨਹੀਂ ਮਿਲਦੀ ।

ਦਿੱਲ ਵਿੱਚ ਸਹਿਕਦੇ ਚਾਵਾਂ ਨੂੰ,
ਮੁਹੱਬਤ ਦੀ ਜ਼ੁਬਾਨ ਨਹੀਂ ਮਿਲਦੀ।
ਮਮਤਾ ਭਟਕਦੀ ਦਰ ਦਰ,
ਪਰ ਕਿੱਧਰੇ ਮਾਂ ਨਹੀਂ ਮਿਲਦੀ।

ਅੱਜ ਮਜਬੂਰੀਆਂ ਨੇ ਤੋਰੀਆਂ ,
ਮਾਵਾਂ ਕਮਾਈ ਕਰਨ ।
ਬਿਲਕਦੇ ਮਾਸੂਮ ਲਾਲਾ ਨੂੰ ਅੱਜ,
ਘਰ ਚ ਦਾਦੀ ਮਾਂ ਵੀ ਨਹੀਂ ਮਿਲਦੀ ।

ਕੌਣ ਕਰੇ ਤੋਤਲੀ ਜ਼ੁਬਾਨ ਚ,
ਸੋਹਣੇ ਨਾਲ ਲਾਡ ਦੀਆਂ ਗੱਲਾਂ ।
ਨੇੜੇ ਤੇੜੇ ਕੋਈ ਚਾਚੀ,ਤਾਈ,ਭੂਆ ,
ਮਾਮਾ, ਮਾਸੀ, ਨਾਨੀ ਮਾਂ ਨਹੀਂ ਮਿਲਦੀ ।

ਕੌਣ ਸਿਖਾਵੇ ਪਾ-ਪਾ, ਦਾ-ਦਾ, ਮਾਂ-ਮਾਂ,
ਕਰਾ ਝੂਟੇ ਮਾਈਆਂ ਗੋਡਿਆਂ ਤੇ।
ਗੱਲਾਂ ਸਿਖਾਉਣ ਵਾਲੀ ਵੱਡਿਆਂ ਦੀ,
ਕਿਵੇਂ ਆਂ...? ਹਾਂ ਹਾਂ... ਨਹੀਂ ਮਿਲਦੀ ।

ਸਭ ਰੁਝੇ ਨੇ ਦਿਨ ਰਾਤ "ਪ੍ਰੀਤ "
ਝੂਠੇ ਕਹਾਣੀਆਂ ਕਿੱਸਿਆਂ ਚ ।
ਪਰ ਕਿਧਰੇ ਸਾਖੀਆਂ ਸੁਣਦੀ,
ਹੁੰਗਾਰੇ ਵਾਲੀ ਹਾਂ ਨਹੀਂ ਮਿਲਦੀ।

ਡਾ. ਲਵਪ੍ਰੀਤ ਕੌਰ "ਜਵੰਦਾ"

ਕਿਸਮਤ

ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ,
ਦੇਵੀਂ ਹੌਸਲਾ ਹਰ ਗੱਲ ਦਾ ਜਵਾਬ ਉਸ ਕੋਲ ਹੋਵੇਂ,
ਕਿਸੇ ਦੇ ਸ਼ਹਾਰੇ ਤੇ ਨਾ ਹੋਵੇ ਨਾ ਟਿਕੀ,
ਹਰ ਮੁਸ਼ਕਿਲ ਦਾ ਉਸ ਕੋਲ ਹੱਲ ਹੋਵੇਂ,
ਇੱਕ ਰੱਬ ਤੇ ਹੋਵੇ ਆਸ ਰੱਖੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ।

ਹਰ ਅੱਖ ਦਾ ਨੂਰ ਹੋਵੇ ਆਪਣੇ ਭੈਣ ਭਾਈਆ ਤੋਂ ਨਾ ਦੂਰ ਹੋਵੇ,
ਮਿਲਣ ਲਈ ਉਨ੍ਹਾਂ ਨੂੰ ਨਾ ਉਹ ਮਜਬੂਰ ਹੋਵੇ,
ਤਿਲ-ਤਿਲ ਕਰਕੇ ਨਾ ਉਹ ਚੂਰ ਹੋਵੇ,
ਜੋ ਰੋਂਦੀ ਨਾ ਜਾਵੇ ਆਪਣਿਆ ਤੋਂ ਜਗੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ ।

ਚਲ ਬਸ ਕਰ ਚਹਿਲਾ ਜੋ ਕਰਨ ਸੌ ਭਰਨ ਗਏ,
ਕਿਸੇ ਦੀ ਧੀ ਨੂੰ ਦੁਖੀ ਕਰਕੇ ਫਿਰ ਆਪਣੀ ਨੂੰ ਵੀ ਕਰਨਗੇ,
ਰੱਬਾ ਹੱਥ ਜੋੜ ਕੇ ਅਰਜ ਮੇਰੀ ਧੀਆ ਦੀ ਹਰ ਗੱਲ ਤੂੰ ਸੁਣੀ,
ਦੇਵੀਂ ਹੌਸਲਾ ਆਪਣੇ ਪੈਰਾ ਤੇ ਰਹੇ ਖੜ੍ਹੀ,
ਰੱਬਾ ਜੇ ਧੀ ਹੋਵੇ ਤਾਂ ਕਿਸਮਤ ਵਧੀਆ ਲਿਖੀ।

ਮਨਪ੍ਰੀਤ ਕੌਰ ਚਹਿਲ

ਖੇਡਦੇ ਖਿਡੌਣਿਆਂ ਦੇ ਨਾਲ

ਖੇਡਦੇ ਖਿਡੌਣਿਆਂ ਦੇ ਨਾਲ ਤੱਕ ਲਏ ਲੋਕੀ ਮੈਂ ਜਹਾਨ ਦੇ
ਤਾਹੀਓਂ ਲੀੜੇ ਆਏ ਨਾ ਪਸੰਦ ਘੱਟ ਜੀ ਅੱਜ ਦੀ ਰਕਾਨ ਦੇ
ਟਕੇ ਟਕੇ ਵਿਚ ਏਥੇ ਵਿੱਕਦਾ ਐ ਮੁੱਲ ਚ ਪਿਆਰ ਮਿੱਤਰੋ
ਰੋਲ ਦਿੱਤਾ ਧੋਖੇਬਾਜ਼ਾਂ ਵਿਰਸਾ ਅਮੀਰ ਸੱਭਿਆਚਾਰ ਮਿੱਤਰੋ

ਪੱਬਾਂ ਤੇ ਕਲੱਬਾਂ ਦੇ ਸ਼ੌਕੀਨ ਗੱਭਰੂ ਭੁੱਲੇ ਸਰਦਾਰੀਆਂ
ਲੱਚਰ ਗੀਤਾਂ ਦੀ ਪਏ ਗੀਸ ਕਰਦੇ ਗਈਆਂ ਮੱਤਾਂ ਮਾਰੀਆਂ
ਬੈਠੇ ਨੇ ਵਿਦੇਸ਼ਾਂ 'ਚ ਵਿਗਾੜ ਕੇ ਜਵਾਨੀ ਕਲਾਕਾਰ ਮਿੱਤਰੋ
ਰੋਲ ਦਿੱਤਾ ਧੋਖੇਬਾਜ਼ਾਂ ਵਿਰਸਾ ਅਮੀਰ ਸਭਿਆਚਾਰ ਮਿੱਤਰੋ

ਫੁਕਰਪੁਣੇ ਨੇ ਕਿਤੀ ਹੱਦ ਪਾਰ ਜੀ, ਤਾਹੀਓਂ ਹੁੰਦੇ ਚਰਚੇ
ਕਰਦੇ ਅਮੀਰਾਂ ਵਾਂਗੂੰ ਹੁਣ ਲੋਕ ਨੇ, ਹੱਦੋਂ ਵੱਧ ਖਰਚੇ
ਕਰਜੇ ਤੇ ਬੈਕਾਂ ਦੀਆਂ ਲਿਮਟਾਂ ਨੇ ਠੱਗੇ ਪਰਿਵਾਰ ਮਿੱਤਰੋ
ਰੋਲ ਦਿੱਤਾ ਧੋਖੇਬਾਜ਼ਾਂ ਵਿਰਸਾ ਅਮੀਰ ਸਭਿਆਚਾਰ ਮਿੱਤਰੋ

ਖੁਦ ਜ਼ਿੰਮੇਵਾਰ ਧੰਨਿਆਂ ਹਾਂ ਅਪਣੇ, ਚੌਧਰਾਂ ਨੇ ਪੱਟਿਆ
ਪਿੰਡ ਪਿੰਡ ਪੰਚਾ ਸਾਡੇ ਸਰਪੰਚਾਂ ਨੇ ਲਾਹਾ ਕਿਹੜਾ ਖੱਟਿਆ
ਕਰੋ ਓਏ ਗਰੀਬ ਤੇ ਜੇ ਚੰਗਾ ਰਹਿਣਾ ਕੋਈ ਉਪਕਾਰ ਮਿੱਤਰੋ
ਰੋਲ ਦਿੱਤਾ ਧੋਖੇਬਾਜ਼ਾਂ ਵਿਰਸਾ ਅਮੀਰ ਸਭਿਆਚਾਰ ਮਿੱਤਰੋ

-ਧੰਨਾ ਧਾਲੀਵਾਲ

ਕੰਮਕਾਜੀ ਔਰਤ ਦੂਹਰੇ ਕੰਮ ਦਾ ਬੋਝ ਕਿਵੇਂ ਸਹਿਣ ਕਰੇ ?

ਅੱਜ ਦੇ ਆਧੁਨਿਕ ਯੁੱਗ ਵਿੱਚ ਹਰ ਲੜਕੀ ਉੱਚ ਵਿੱਦਿਅਕ ਯੋਗਤਾ ਹਾਸਲ ਕਰਨ ਦੇ ਉਪਰਾਲੇ ਕਰਦੀ ਹੈ। ਉਸ ਦੇ ਮਾਂ-ਬਾਪ ਵੀ ਚਾਹੁੰਦੇ ਹਨ ਕਿ ਸਾਡੀ ਲੜਕੀ ਚੰਗਾ ਪੜ੍ਹ- ਲਿਖ ਜਾਵੇ ਤਾਂ ਕਿ ਉਸ ਦਾ ਭਵਿੱਖ ਰੌਸ਼ਨ ਹੋਵੇ ਅਤੇ ਉਹ ਆਤਮ-ਵਿਸ਼ਵਾਸੀ ਤੇ ਸਵੈ-ਨਿਰਭਰ ਜ਼ਿੰਦਗੀ ਜਿਉਂ ਸਕੇ॥ ਅੱਜ ਬਹੁਗਿਣਤੀ ਲੜਕੀਆਂ ਘਰਦਿਆਂ ਦੇ ਸਹਿਯੋਗ ਨਾਲ ਆਪਣੇ ਬਲਬੂਤੇ 'ਤੇ ਯੋਗਤਾ ਅਨੁਸਾਰ ਚੰਗਾ ਅਹੁਦਾ ਤੇ ਰੁਤਬਾ ਹਾਸਲ ਕਰ ਰਹੀਆਂ ਹਨ। ਮਾਂ-ਬਾਪ ਦੇ ਆਸਰੇ ਲੜਕੀ ਦੀ ਜ਼ਿੰਦਗੀ ਪਹਿਲਾਂ ਵਾਂਗ ਹੀ ਚੱਲੀ ਜਾ ਰਹੀ ਹੁੰਦੀ ਹੈ, ਪਰ ਵਿਆਹ ਤੋਂ ਬਾਅਦ ਸਹੁਰੇ ਪਰਿਵਾਰ 'ਚ ਉਸ ਨੂੰ ਕਈ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਜਾਂਦਾ ਹੈ।

ਬਾਹਰੀ ਕੰਮਕਾਜ ਤੋਂ ਇਲਾਵਾ ਉਸ ਨੂੰ ਬੱਚਿਆਂ ਦੀ ਸਾਂਭ ਸੰਭਾਲ ਦੀ ਜ਼ਿੰਮੇਵਾਰੀ ਦੇ ਨਾਲ ਘਰ ਦੇ ਹਰ ਮੈਂਬਰ ਦੀ ਖ਼ੁਸ਼ੀ ਤੇ ਬਿਹਤਰੀ ਬਾਰੇ ਵੀ ਸੋਚਣਾ ਪੈਂਦਾ ਹੈ। ਇਸ ਤਰ੍ਹਾਂ ਅੱਜ ਬਹੁਗਿਣਤੀ ਔਰਤਾਂ ਇਸ ਦੂਹਰੇ ਕੰਮ ਦੇ ਬੋਝ ਕਾਰਨ ਤਣਾਅ ਦਾ ਸ਼ਿਕਾਰ ਹੋ ਰਹੀਆਂ ਹਨ। ਇਸ ਤਰ੍ਹਾਂ ਉਨ੍ਹਾਂ ਦੀ ਮਾਨਸਿਕ ਤੇ ਸਰੀਰਕ ਸਿਹਤ ਤਾਂ ਖ਼ਰਾਬ ਹੁੰਦੀ ਹੀ ਹੈ, ਨਾਲ ਹੀ ਉਨ੍ਹਾਂ ਦੀ ਕਾਰਜ-ਕੁਸ਼ਲਤਾ, ਗ੍ਰਹਿਸਥੀ ਜੀਵਨ ਤੇ ਬੱਚੇ ਵੀ ਪ੍ਰਭਾਵਿਤ ਹੁੰਦੇ ਹਨ। ਇਸ ਲਈ ਜ਼ਰੂਰੀ ਹੈ ਕਿ ਰੁਝੇਵਿਆਂ ਭਰੀ ਜ਼ਿੰਦਗੀ ਦੇ ਬਾਵਜੂਦ ਉਹ ਖ਼ੁਦ ਬਾਰੇ ਸੋਚਣ ਤੇ ਆਪਣੇ ਲਈ ਵੀ ਸਮਾਂ ਕੱਢਣ ਤਾਂ ਕਿ ਉਨ੍ਹਾਂ 'ਚ ਕੰਮ ਕਰਨ ਦੀ ਤਾਜ਼ਗੀ ਤੇ ਸਫੂਰਤੀ ਹਮੇਸ਼ਾਂ ਕਾਇਮ ਰਹੇ। ਇਸ ਤਣਾਅ ਤੋਂ ਮੁਕਤ ਹੋਣ ਦਾ ਪਹਿਲਾ ਨੁਕਤਾ ਇਹ ਹੈ ਕਿ ਆਪਣੇ ਕੰਮਾਂ ਨੂੰ ਖ਼ੁਸ਼ੀ ਖ਼ੁਸ਼ੀ ਸਵੀਕਾਰੋ ਅਤੇ ਹਰ ਕੰਮ ਦਿਲਚਸਪੀ ਨਾਲ ਕਰੋ। ਸਕਾਰਾਤਮਿਕ ਸੋਚ ਅਪਨਾਉਣ ਨਾਲ ਇਹ ਕਦੀ ਵੀ ਬੋਝ ਨਹੀਂ ਲੱਗਣਗੇ।। ਇਸ ਦੇ ਨਾਲ ਹੀ ਘਰ ਅਤੇ ਘਰ ਤੋਂ ਬਾਹਰ ਕੀਤੇ ਜਾਣ ਵਾਲੇ ਕੰਮਾਂ ਦੀ ਵਿਉਂਤਬੰਦੀ ਕਰਕੇ ਸਮੇਂ ਦੀ ਸਹੀ ਵੰਡ ਤੇ ਵਰਤੋਂ ਕਰੋ। ਤਰਜੀਹ ਦੇ ਆਧਾਰ 'ਤੇ ਜੋ ਕੰਮ ਜ਼ਰੂਰੀ ਹੈ ਉਸ ਨੂੰ ਪਹਿਲਾਂ ਹੱਥ ਪਾਇਆ ਜਾਵੇ।

ਘਰੇਲੂ ਕੰਮਾਂ ਨੂੰ ਸ਼ਾਮ ਨੂੰ ਨਿਪਟਾ ਲਿਆ ਜਾਵੇ ਤੇ ਵੱਧ ਤੋਂ ਵੱਧ ਸਮਾਂ ਕੱਢ ਕੇ ਬੱਚਿਆਂ ਦਾ ਸਕੂਲ ਦਾ ਕੰਮ ਵੇਲੇ ਸਿਰ ਵੇਖ ਲਿਆ ਜਾਵੇ ਤਾਂ ਚੰਗਾ ਹੈ। ਬੱਚਿਆਂ ਦੀਆਂ ਮੁਸ਼ਕਲਾਂ ਤੋਂ ਜਾਣੂ ਹੋਵੋ ਤੇ ਉਨ੍ਹਾਂ ਨੂੰ ਹੱਲ ਕਰੋ ਕਿਉਂਕਿ ਬੱਚਾ ਮਾਂ ਤੋਂ ਵੱਧ ਕਿਸੇ ਹੋਰ ਨਾਲ ਖੁੱਲ੍ਹ ਕੇ ਗੱਲ ਨਹੀਂ ਕਰੇਗਾ। ਘਰ ਆ ਕੇ ਦਫ਼ਤਰ ਦੇ ਕੰਮਾਂ ਨੂੰ ਭੁੱਲਣਾ ਹੀ ਬਿਹਤਰ ਹੈ। ਇਸ ਨਾਲ ਸਰੀਰਕ ਤੇ ਮਾਨਸਿਕ ਸ਼ਕਤੀ ਨਸ਼ਟ ਨਹੀਂ ਹੋਵੇਗੀ। ਸ਼ਾਮ ਨੂੰ ਸਾਰੇ ਪਰਿਵਾਰ 'ਚ ਬੈਠ ਕੇ ਹਲਕੀਆਂ ਫੁਲਕੀਆਂ ਗੱਲਾਂ- ਬਾਤਾਂ ਸਾਂਝੀਆਂ ਕਰਨੀਆਂ ਚਾਹੀਦੀਆਂ ਹਨ ਤੇ ਕੋਈ ਮਨੋਰੰਜਨ ਦਾ ਸਾਧਨ ਵੀ ਲੱਭਿਆ ਜਾ ਸਕਦਾ ਹੈ। ਮਨ ਦੀ ਤਾਜ਼ਗੀ ਲਈ ਅਖ਼ਬਾਰ ਜਾਂ ਕਿਸੇ ਕਿਤਾਬ ਨਾਲ ਦੋਸਤੀ ਰੱਖੋ। ਸਭ ਤੋਂ ਜ਼ਰੂਰੀ ਹੈ ਸੈਰ ਤੇ ਕਸਰਤ ਲਈ ਸਮਾਂ ਕੱਢਣਾ। ਫਿਰ ਚਾਹੇ ਬੱਚਿਆਂ ਨਾਲ ਘਰ ਦੇ ਵਿਹੜੇ 'ਚ ਹੀ ਕਿਉਂ ਨਾ ਖੇਡ ਲਿਆ ਜਾਵੇ। ਇਸ ਤਰ੍ਹਾਂ ਜ਼ਿੰਦਗੀ ਦੀ ਨੀਰਸਤਾ ਤੋਂ ਬਚਿਆ ਜਾ ਸਕਦਾ ਹੈ। ਔਰਤ ਨੂੰ ਛੋਟੇ ਬੱਚਿਆਂ ਦੀ ਸਾਂਭ-ਸੰਭਾਲ ਤੇ ਘਰ 'ਚ ਇਕੱਲੇ ਰਹਿਣ ਦੀ ਚਿੰਤਾ ਹਮੇਸ਼ਾਂ ਸਤਾਉਂਦੀ ਹੈ। ਇਸ ਲਈ ਬਿਹਤਰ ਹੈ ਕਿ ਆਪਣੇ ਘਰ ਦੇ ਬਜ਼ੁਰਗ ਮੈਂਬਰ ਜਾਂ ਸਕੇ- ਸਬੰਧੀਆਂ 'ਚੋਂ ਕਿਸੇ ਭਰੋਸੇਯੋਗ ਵਿਅਕਤੀ ਨੂੰ ਨਾਲ ਰੱਖੀਏ। ਬੱਚਿਆਂ ਦੀਆਂ ਛੁੱਟੀਆਂ 'ਚ ਕਿਤੇ ਬਾਹਰ ਘੁੰਮ ਆਉਣ ਦਾ ਪ੍ਰੋਗਰਾਮ ਵੀ ਬਣਾ ਲੈਣਾ ਚਾਹੀਦਾ ਹੈ।

ਵਿਜੈ ਗਰਗ ਸਾਬਕਾ
ਪੀ.ਈ.ਐਸ. - 1
ਸੇਵਾਮੁਕਤ ਪ੍ਰਿੰਸਪਲ

ਕਿਸੇ ਵੀ ਕੰਮਕਾਜੀ ਔਰਤ ਦਾ ਬੋਝ ਘਟਾਉਣ ਲਈ ਸਮੁੱਚਾ ਪਰਿਵਾਰ ਅਹਿਮ ਭੂਮਿਕਾ ਨਿਭਾ ਸਕਦਾ ਹੈ। ਉਸ ਨੂੰ ਪੂਰਾ ਸਹਿਯੋਗ, ਪਿਆਰ, ਬਣਦਾ ਸਤਿਕਾਰ, ਪ੍ਰਸ਼ੰਸਾ ਤੇ ਹਮਦਰਦੀ ਭਰਿਆ ਵਰਤਾਉ ਮਿਲਦਾ ਰਹੇ ਤਾਂ ਉਸ ਦੀ ਸਾਰੀ ਥਕਾਵਟ ਉੱਤਰ ਜਾਂਦੀ ਹੈ। ਸਭ ਤੋਂ ਵੱਧ ਫ਼ਰਜ਼ ਬਣਦਾ ਹੈ। ਪਤੀ ਦਾ। ਜੇ ਪਤੀ-ਪਤਨੀ ਇੱਕ ਦੂਜੇ ਦੇ ਹਰ ਪਲ ਸਹਾਈ ਹੋਣ ਅਤੇ ਹਰ ਸਮੱਸਿਆ ਦਾ ਹੱਲ ਬੈਠ ਕੇ ਧੀਰਜ ਤੇ ਤਹੱਮਲ ਨਾਲ ਕਰਨ ਤਾਂ ਹਰ ਰਸਤਾ ਮਿਲ ਜਾਂਦਾ ਹੈ। ਜੇ ਔਰਤ ਬਾਹਰ ਕੰਮ ਕਰਕੇ ਬਰਾਬਰ ਦੀ ਕਮਾਈ ਘਰ ਲਿਆਉਂਦੀ ਹੈ ਤਾਂ ਘਰ ਦਾ ਸਾਰਾ ਬੋਝ ਉਸ 'ਤੇ ਕਿਉਂ? ਮਰਦ ਨੂੰ ਵੀ ਘਰ ਦੇ ਸਾਰੇ ਕੰਮ ਕਰਨ ਦੇ ਕਾਬਲ ਬਣਨਾ ਚਾਹੀਦਾ ਹੈ। ਘਰ ਦੇ ਕੰਮ ਕਰਨੇ ਹੁਣ ਮੁਸ਼ਕਿਲ ਨਹੀਂ ਹਨ ਕਿਉਂਕਿ ਸਾਰੇ ਘਰਾਂ 'ਚ ਅੱਜ ਬਿਜਲੀ ਉਪਕਰਣ ਹਨ, ਲੋੜ ਹੁੰਦੀ ਹੈ ਸਿਰਫ਼ ਸਮਾਂ ਦੇਣ ਦੀ। ਅੱਜ ਤੋਂ ਕੁਝ ਦਹਾਕੇ ਪਹਿਲਾਂ ਤੋਂ ਹੁਣ ਹਾਲਾਤ ਬਦਲੇ ਵਿਖਾਈ ਦੇ ਰਹੇ ਹਨ। ਅੱਜ ਦੇ ਯੁੱਗ 'ਚ ਹਰ ਸੁੱਖ ਸਹੂਲਤਾਂ ਵਾਲੀ ਜ਼ਿੰਦਗੀ ਜਿਊਣ ਤੇ ਮਾਣਨ ਦੀ ਖਵਾਹਿਸ਼ ਵੱਧ ਹੈ। ਘਰ ਦੀ ਆਮਦਨ 'ਚ ਇਜ਼ਾਫ਼ਾ ਕਰਨ ਖਾਤਰ ਔਰਤ ਦਾ ਨੌਕਰੀ ਕਰਨਾ ਜ਼ਰੂਰੀ ਮੰਨ ਲਿਆ ਗਿਆ ਹੈ। ਇਸ ਲਈ ਘਰ ਪਰਿਵਾਰ ਖ਼ਾਸ ਕਰਕੇ ਪਤੀ ਉਸ ਦਾ ਸਾਥ ਦੇ ਰਿਹਾ ਹੈ, ਜੋ ਚੰਗੀ ਗੱਲ ਹੈ।ਘਰ ਗ੍ਰਹਿਸਥੀ ਔਰਤ ਦੀ ਸਮਝਦਾਰੀ, ਸਹਿਣਸ਼ੀਲਤਾ ਤੇ ਰਹਿਨੁਮਾਈ ਹੇਠ ਹੀ ਠੀਕ ਲੀਹਾਂ 'ਤੇ ਚੱਲ ਸਕਦੀ ਹੈ। ਇਸ ਲਈ ਆਪਣੀ ਇੱਛਾ ਸ਼ਕਤੀ ਤੇ ਦ੍ਰਿੜ੍ਹ ਇਰਾਦੇ ਨੂੰ ਕਾਇਮ ਰੱਖਦੇ ਹੋਏ ਹਰ ਚੁਣੌਤੀਆਂ ਨੂੰ ਪਾਰ ਕਰਦੇ ਜਾਉ ਅਤੇ ਜੀਵਨ ਦੇ ਹਰ ਖੇਤਰ 'ਚ ਅੱਗੇ ਵਧਦੇ ਜਾਉ। ਆਪਣੇ-ਆਪ ਨੂੰ ਦੂਹਰੇ ਕੰਮ ਦੇ ਬੋਝ ਤੋਂ ਮੁਕਤ ਰੱਖੋ। ਇਸ ਤਰ੍ਹਾਂ ਤੁਸੀਂ ਪਰਿਵਾਰ ਤੇ ਸੰਗਠਨ ਲਈ ਵਧੇਰੇ ਕਾਰਜਸ਼ੀਲ ਰਹਿ ਸਕੋਗੇ।

ਜੇ ਹੱਸ ਕੇ ਬੁਲਾ ਲਵੇਂ ਕਿਧਰੇ



ਜਦੋਂ ਹਾਸਾ ਛਣਕਦਾ ਹੈ ਤਾਂ ਘੁੰਗਰੂ ਵੱਜਦੇ ਨੇ। ਪਰੀਆਂ ਗੀਤ ਗਾਉਂਦੀਆਂ ਨੇ। ਪੌਣ ਅਠਖੇਲੀਆਂ ਕਰਦੀ ਹੈ। ਬਨਸਪਤੀ ਮੌਲਦੀ ਹੈ। ਪਾਣੀ ਦੀ ਸਰਸਰਾਹਟ ਧੁਨਾਂ ਬਿਖੇਰਦੀ ਹੈ। ਸਮੁੱਚੀ ਪ੍ਰਕਿਰਤੀ ਕਿਸੇ ਅਨਾਹਦ ਰਾਗ ਵਿੱਚ ਮਸਤ ਹੋ ਕੇ ਸੰਗੀਤਕ ਤਰੰਗਾਂ ਨਾਲ ਇੱਕਮਿਕ ਹੋ ਰਹੀ ਹੁੰਦੀ ਹੈ। ਨਿੱਕੀਆਂ ਬੱਦਲੀਆਂ ਅੰਬਰ ਵਿੱਚ ਲਟਕਦੇ ਸ਼ੀਸ਼ਮਈ ਕਣਾਂ ਨੂੰ ਧਰਤੀ ਦੀ ਹਿੱਕ ਠਾਰਨ ਦਾ ਬੁਲਾਵਾ ਦਿੰਦੀਆਂ ਹਨ। ਪੂਰਾ ਬ੍ਰਹਿਮੰਡ ਜਿਵੇਂ ਪਰੀ-ਲੋਕ ਦੀਆਂ ਕਥਾ ਕਹਾਣੀਆਂ ਦੀ ਗਾਥਾ ਸੁਣਾ ਰਿਹਾ ਹੋਵੇ!

ਜਗਜੀਤ ਸਿੰਘ ਲੋਹਟਬੱਦੀ

ਹਾਸਾ ਮਨੁੱਖੀ ਮਨ ਦਾ ਬੇਸ਼ਕੀਮਤੀ ਸਰਮਾਇਆ ਹੈਨਿਮਰਤਾ ਦਾ ਪ੍ਰਤੀਕਤੁਹਾਡੇ ਅੰਤਰੀਵ ਭਾਵ ਦਾ ਖਾਲਸ ਪ੍ਰਗਟਾਅ। ਨਫ਼ਰਤ, ਦੁਈ-ਦਵੈਸ਼ ਤੋਂ ਦੂਰ ਅੰਦਰਲਾ ਬਾਲਪਣ ਕਿਲਕਾਰੀਆਂ ਮਾਰਦਾ। ਬੰਦਾ ਜਦੋਂ ਵਜੂਦ ਵਿੱਚ ਹੱਸਦੈ ਤਾਂ ਉਹ ਕਾਦਰ ਦੀ ਕੁਦਰਤ ਨਾਲ ਅਭੇਦ ਹੋਇਆ ਹੁੰਦਾ ਹੈ। ਬਾਗ਼ ਬਗੀਚਾ ਖਿੜਿਆ ਲੱਗਦਾ ਹੈ। ਪਰਿਦੇ ਗੀਤ ਗਾਉਂਦੇ ਜਾਪਦੇ ਹਨ। ਉਂਡਦੀਆਂ ਤਿਤਲੀਆਂ ਦਿਲ ਨੂੰ ਛੂਹ ਕੇ ਲੰਘਦੀਆਂ ਹਨ। ਭੌਰਿਆਂ ਦਾ ਰੂਮਾਨੀ ਰੂਪ ਦ੍ਰਿਸ਼ਟੀਮਾਨ ਹੁੰਦਾ ਹੈ। ਚਾਨਣ ਦਾ ਪਸਾਰਾ ਸ੍ਰਿਸ਼ਟੀ ਨੂੰ ਕਲਾਵੇ ਵਿੱਚ ਲੈ ਲੈਂਦਾ ਹੈ। ਤਾਰੇ ਟਿਮਟਿਮਾਉਂਦੇ ਹਨ। ਜੁਗਨੂੰ 'ਨੇਰ੍ਹ'ਆਂ ਨੂੰ ਲਲਕਾਰਦੇ ਹਨ। ਇਸੇ ਕਰ ਕੇ ਸ਼ਾਇਰ ਨਵਤੇਜ ਭਾਰਤੀ ਚਾਨਣ ਦੇ ਮੂਲ ਤੱਤ ਦਾ ਰਾਜ਼ ਦੱਸਦਾ ਹੈ:

ਦੀਵਾ ਮਿੱਟੀ ਦਾ, ਬੱਤੀ ਰੂੰਈਂ ਦੀ, ਤੇਲ ਸਰਸੋਂ ਦਾ ਬਣਿਆ
ਦੱਸੀਂ ਚੰਨਾ ਵੇ, ਚਾਨਣ ਕਾਹਦਾ ਹੈ ਬਣਿਆ ?
ਨਾ ਮਿੱਟੀ ਦਾ, ਨਾ ਰੂੰਈਂ ਦਾ, ਨਾ ਸਰਸੋਂ ਦਾ
ਚਾਨਣ ਸਖੀਏ ਨੀਂ, ਤੇਰੇ ਹਾਸੇ ਦਾ ਬਣਿਆ !

ਹੱਸਣਾ ਮਨੁੱਖ ਦੀ ਅਦੁੱਤੀ, ਅਲੌਕਿਕ ਅਵਸਥਾ ਹੈ, ਜਿਸ ਉੱਪਰ ਸਿਰਫ਼ ਇਨਸਾਨ ਦਾ ਏਕਾਧਿਕਾਰ ਹੈ। ਦੂਸਰੇ ਜੀਵਾਂ ਕੋਲ ਇਹ ਬੇਜੋੜ ਸ਼ਕਤੀ ਨਹੀਂ ਹੁੰਦੀ। ਮਨੁੱਖੀ ਮਨ ਦੀਆਂ ਕੋਮਲ ਭਾਵਨਾਵਾਂ ਹੱਸਣ ਨਾਲ ਹੀ ਖਿੜਦੀਆਂ ਹਨ। ਤੁਹਾਡੀ ਸ਼ਖ਼ਸੀਅਤ ਦਾ ਚਿਤਰਣ, ਤੁਹਾਡੇ ਅੰਦਰੂਨ ਦਾ ਦਰਪਣ, ਤੁਹਾਡੇ ਸੁਭਾਅ ਦਾ ਸ਼ੀਸ਼ਾ ਹੱਸਣ ਵੇਲੇ ਤੁਹਾਡੇ ਸਨਮੁੱਖ ਆ ਖਲੋਂਦਾ ਹੈ। ਤੁਹਾਡੀ ਤਹਿਜ਼ੀਬ ਦੀ, ਤੁਹਾਡੇ ਪਾਲਣ ਪੋਸ਼ਣ ਦੀ, ਤੁਹਾਡੇ ਸ਼ਿਸ਼ਟਾਚਾਰ ਦੀ ਤਸਦੀਕ, ਹਾਸਾ ਕਰਦੈਬਸ ਹਾਸਾ ਨਿਰਛਲ ਹੋਵੇ! ਹੱਸਣ ਨਾਲ ਕਿਸੇ ਰੁਤਬੇ, ਕਿਸੇ ਮਾਣ-ਮਰਿਆਦਾ ਦਾ ਘਟਾਅ ਨਹੀਂ ਹੁੰਦਾ। ਹੱਸਣ ਵੇਲੇ ਸਿਰਫ਼ ਬੁੱਲ੍ਹ ਹੀ ਨਹੀਂ ਫਰਕਦੇ, ਨੈਣ ਬੋਲਦੇ ਨੇ, ਬੋਲ ਲਰਜ਼ਦੇ ਨੇ, ਤੋਰ ਮਟਕਦੀ ਹੈ, ਅੰਗ ਅੰਗ ਹੱਸਦੈ। ਸੁਪਨਿਆਂ ਦੀ ਪਰਵਾਜ਼ ਉਚੇਰੀ ਹੁੰਦੀ ਹੈ। ਬੰਦੇ ਦੇ ਜੀਵੰਤ ਹੋਣ ਦਾ ਪ੍ਰਮਾਣ ਦਿੰਦਾ ਹੈ ਹਾਸਾ। ਅਕਸਰ ਦੇਖਿਆ ਗਿਆ ਹੈ ਕਿ ਚਿੱਟਿਆਂ ਦੰਦਾਂ ਦਾ ਹਾਸਾ ਭਰਿਆ ਮੇਲਾ ਲੁੱਟ ਲੈਂਦਾ ਹੈ। ਇਹ ਵੀ ਸਚਾਈ ਹੈ ਕਿ ਹਾਸੇ ਦੇ ਸੁਖ਼ਦ ਅਹਿਸਾਸ ਨਾਲ ਕਈ ਗੁੰਝਲਦਾਰ ਮਸਲੇ ਆਪਣੇ ਆਪ ਨਜਿੱਠੇ ਜਾਂਦੇ ਹਨ। ਮੁਸਕਰਾ ਕੇ ਬੋਲੇ ਦੋ ਸ਼ਬਦ, ਮਨਾਂ ਦੀ ਕੁੜੱਤਣ ਨੂੰ ਦੂਰ ਕਰ ਦਿੰਦੇ ਹਨ। ਨਫ਼ਰਤ, ਪਿਆਰ ਵਿੱਚ ਤਬਦੀਲ ਹੋ ਜਾਂਦੀ ਹੈ ਅਤੇ ਬੇਗਾਨਗੀ, ਅਪਣੱਤ ਵਿੱਚ! ਪਾੜੇ ਮਿਟ ਜਾਂਦੇ ਹਨ, ਦੂਰੀਆਂ ਘਟ ਜਾਂਦੀਆਂ ਹਨ, ਦਿਲਾਂ ਦੇ ਟੋਏ ਟਿੱਬੇ ਭਰੇ ਜਾਂਦੇ ਹਨ। ਗੱਲ ਕੀ-ਹੱਸਣਾ ਜ਼ਿੰਦਾਦਿਲੀ ਹੈ ਅਤੇ ਜ਼ਿੰਦਾਦਿਲੀ ਹੀ ਜ਼ਿੰਦਗੀ ਹੈ।

ਸਰੀਰਕ ਅਤੇ ਮਾਨਸਿਕ ਤੰਦਰੁਸਤੀ ਲਈ ਵੀ ਹਾਸਾ ਬੇਹੱਦ ਜ਼ਰੂਰੀ ਹੈ। ਹੱਸਦਿਆਂ ਦੇ ਘਰ 'ਵੱਸਦੇ' ਗਿਣੇ ਜਾਂਦੇ ਹਨ। ਦੁਨੀਆ ਭਰ ਵਿੱਚ 2005 ਤੋਂ ਮਈ ਮਹੀਨੇ ਦੇ ਪਹਿਲੇ ਐਤਵਾਰ ਵਿਸ਼ਵ ਹਾਸਾ ਦਿਵਸ ਮਨਾਇਆ ਜਾਂਦਾ ਹੈ। ਇਸ ਦੀ ਸ਼ੁਰੂਆਤ ਜਨਵਰੀ 1998 ਵਿੱਚ ਮੁੰਬਈ ਤੋਂ ਹੋਈ ਸੀ। ਤਣਾਅ ਭਰੀ ਜ਼ਿੰਦਗੀ ਤੋਂ ਕੁੱਝ ਪਲਾਂ ਦੀ ਮੁਕਤੀ ਲਈ ਹਾਸਾ, ਸੰਜੀਵਨੀ ਹੈ। ਇਸੇ ਲਈ ਅੱਜਕੱਲ੍ਹ ਯੋਗ ਵਿੱਚ ਵੀ ਹੱਸਣ ਨੂੰ ਸ਼ਾਮਲ ਕੀਤਾ ਗਿਆ ਹੈ। ਥਾਂ ਥਾਂ 'ਤੇ 'ਲਾਫਟਰ ਕਲੱਬਾਂ' ਦੇ ਹਾਸੇ ਠਠਕਦੇ ਸੁਣਾਈ ਦਿੰਦੇ ਹਨ। ਮਨੋਰੋਗ ਵਿਗਿਆਨੀਆਂ ਦੀ ਰਾਇ ਹੈ ਕਿ 95 ਫੀਸਦ ਬਿਮਾਰੀਆਂ ਮਨ ਦੀਆਂ ਹਨ। ਮਾਨਸਿਕ ਪਰੇਸ਼ਾਨੀਆਂ, ਬੇਚੈਨੀ, ਨਫ਼ਰਤ ਅਤੇ ਈਰਖਾ ਨੇ ਮਨੁੱਖ ਨੂੰ ਹਾਸੇ ਤੋਂ ਦੂਰ ਕਰ ਦਿੱਤਾ ਹੈ। ਹਾਸਾ ਡਿਪਰੈਸ਼ਨ ਵਿੱਚੋਂ ਕੱਢਣ ਦਾ ਸਾਰਥਕ ਸਾਧਨ ਮੰਨਿਆ ਗਿਆ ਹੈ। ਵਿਸ਼ਵ ਖ਼ੁਸ਼ੀ ਰਿਪੋਰਟ ਦੱਸਦੀ ਹੈ ਤੇ ਭਾਰਤ 137 ਮੁਲਕਾਂ ਵਿੱਚੋਂ 126ਵੇਂ ਸਥਾਨ 'ਤੇ ਹੈ। ਸੋ ਹਾਸਾ ਸੂਰਤ ਅਤੇ ਸੀਰਤ ਨੂੰ ਸੰਵਾਰਨ ਦਾ ਉਮਦਾ ਹਥਿਆਰ ਹੈ।

ਮਸ਼ੀਨੀ ਜ਼ਿੰਦਗੀ ਵਿੱਚ ਮਨੁੱਖ ਹੱਸਣਾ ਹੀ ਭੁੱਲ ਗਿਆ ਹੈ। ਮਾਇਆ ਅਤੇ ਮੰਡੀ ਦੀ ਦੌੜ ਵਿੱਚ ਹਾਸਾ ਕਿਤੇ ਲੱਭਦਾ ਹੀ ਨਹੀਂ। ਤੇਜ਼ ਰਫ਼ਤਾਰ ਦੇ ਗੇੜਿਆਂ ਵਿੱਚ ਗੁਆਚਣ ਕਰ ਕੇ ਕੁਦਰਤੀ ਹਾਸਾ ਅਲੋਪ ਹੀ ਹੋ ਗਿਆ ਲੱਗਦਾ। ਮਨੁੱਖ ਨੂੰ ਖ਼ੁਦ ਦੀ ਸਾਰ ਨਹੀਂ। ਆਪਣੇ ਨਾਲ ਸੰਵਾਦ ਕਰਨ ਦਾ ਸਮਾਂ ਹੀ ਨਹੀਂ। ਸ਼ੀਸ਼ੇ ਮੂਹਰੇ ਖੜ੍ਹਨ ਤੋਂ ਤ੍ਰਹਿੰਦੈ ਹਨ। ਆਪਣਾ ਹੀ ਅਕਸ ਪਛਾਣਨ ਤੋਂ ਇਨਕਾਰੀ ਹੈ। ਇਕੱਲਤਾ, ਘੁਟਣ, ਦਿਲਗੀਰੀ ਦਾ ਕਾਰਨ ਹਯਾਤੀ ਵਿੱਚੋਂ ਹਾਸੇ ਦਾ ਮਨਫੀ ਹੋਣਾ ਹੈ। ਵਿਸ਼ਵ ਪ੍ਰਸਿੱਧ ਨਾਮੀ ਲੇਖਕ ਬਰਟਰੈਂਡ ਰਸਲ ਦਾ ਮੰਨਣਾ ਹੈ ਕਿ ਸੰਸਕਾਰ ਅਤੇ ਸੱਭਿਆਚਾਰ ਆਦਮੀ ਨੇ ਖੋ ਦਿੱਤਾ ਹੈ। ਨਾ ਢੋਲ, ਨਾ ਮੰਜੀਰਾ ਵੱਜਦਾ ਹੈ। ਪੈਰ ਨੱਚਣਾ ਹੀ ਭੁੱਲ ਗਏ ਹਨ। ਕੀ ਪਾਇਆ ਤਰੱਕੀ ਦੇ ਨਾਮ ਉੱਤੇ? ਓਸ਼ੋ ਦਾ ਕਥਨ ਹੈ ਕਿ ਇਸ ਦੁਨੀਆ ਵੱਚ ਸਿਰਫ਼ ਪਾਗਲ ਹੱਸਦੇ ਹਨ; ਬਾਕੀ ਸਮਝਦਾਰਾਂ ਨੂੰ ਵਿਹਲ ਹੀ ਕਿੱਥੇ ਹੈ? ਸਿਆਣੇ ਕਹਿੰਦੇ ਹਨ ਜਦੋਂ ਤੁਸੀਂ ਹੱਸਦੇ ਹੋ ਤਾਂ ਪਰਮਾਤਮਾ ਦੀ ਪ੍ਰਾਰਥਨਾ ਕਰਨ ਦੇ ਬਰਾਬਰ ਹੈ; ਜਦੋਂ ਕਿਸੇ ਨੂੰ ਹਸਾਉਂਦੇ ਹੋ ਤਾਂ ਇਉਂ ਹੈ ਜਿਵੇਂ ਪਰਮਾਤਮਾ ਤੁਹਾਡੇ ਲਈ ਪ੍ਰਾਰਥਨਾ ਕਰ ਰਿਹਾ ਹੋਵੇ।

ਕਰੋਨਾ ਕਾਲ ਨੇ ਹਾਸਿਆਂ ਅਤੇ ਖ਼ੁਸ਼ੀਆਂ ਨੂੰ ਨਪੀੜ ਕੇ ਰੱਖ ਦਿੱਤਾ। ਮੇਲਿਆਂ ਮੁਸ਼ਾਬਿਆਂ ਨੂੰ, ਮਿਲਣ ਗਿਲਣ ਨੂੰ ਡੂੰਘੀ ਸੱਟ ਮਾਰੀ। ਉਦਾਸੀ ਦੇ ਆਲਮ ਵਿੱਚੋਂ ਨਿਕਲਣ ਵਾਲੇ 'ਸੇਫਟੀ ਵਾਲਵ' ਦਾ ਢੱਕਣ ਬੰਦ ਹੋ ਗਿਆ। ਇੱਕ ਦੋਸਤ ਦੀ ਯਾਦ ਆਈ: 'ਰਿਜ਼ਰਵ' ਟਾਈਪ ਦਾ ਸ਼ਖ਼ਸ ਸੀ। ਹਾਸਾ, ਮੁਸਕਾਨ ਚਿਹਰੇ ਤੋਂ ਗਾਇਬ ਰਹਿੰਦੇ ਪਰ ਜਦੋਂ ਯਾਰਾਂ ਦੋਸਤਾਂ ਦੀ ਮਹਿਫ਼ਿਲ ਵਿੱਚ ਹੁੰਦਾ ਤਾਂ ਹਾਸੇ ਦੀਆਂ ਫੁਹਾਰਾਂ ਪੈਂਦੀਆਂ। ਲੱਗਦਾ, ਇਹ ਤਾਂ ਵੱਖਰਾ ਹੀ ਪ੍ਰਾਣੀ ਹੈ। ਲੋਕੀਂ ਐਵੇਂ ਕਹਿੰਦੇ ਨੇ ਕਿ 'ਖ਼ੁਸ਼ਕੀ' ਦਾ ਮਾਰਿਆ। ਮਹਾਮਾਰੀ ਆਈ। ਸਭ ਆਪੋ ਆਪਣੇ ਖੋਲ ਵਿੱਚ ਸੀਮਿਤ ਹੋ ਗਏ। ਹਾਸੇ ਘਟੇ ਤੇ ਮਿੱਤਰ ਪਿਆਰਾ ਸੁਵੈਪਣ ਦਾ ਸ਼ਿਕਾਰ ਹੋ ਗਿਆ। ਪਤਾ ਹੀ ਨਹੀਂ ਲੱਗਿਆ, ਕਦੋਂ ਜਲ ਸਮਾਧੀ ਲੈ ਲਈ!

ਹੱਸਣ, ਹੱਸਣ ਦਾ ਫ਼ਰਕ ਵੀ ਹੁੰਦਾ ਹੈ ਅਤੇ ਢੁੱਕਵਾਂ ਵੇਲਾ ਵੀ। ਕਦੋਂ ਹੱਸਣਾ; ਤੁਹਾਡੀਆਂ ਖ਼ੁਸ਼ੀਆਂ ਨੂੰ ਕਈ ਗੁਣਾ ਵਧਾਉਂਦਾ ਹੈ ਅਤੇ ਕਈ ਵਾਰ ਇਸ ਦਾ ਢੁੱਕਵਾਂ ਵਾਰ ਭਾਵਨਾਵਾਂ ਨੂੰ

Dosanjh Family AUTO GROUP

Cadillac CHEVROLET INFINITI KIA NISSAN BUICK

GMC LIVERMORE TOYOTA HYUNDAI Fremont Hyundai TOYOTA Ford ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD